ਨਾਮ ਖੁਮਾਰੀ

ਗਿ: ਮਾਨ ਸਿੰਘ ਝੌਰ ਦੇ ਚੌਣਵੇਂ ਲੇਖ



ਨਾਮ-ਖ਼ੁਮਾਰੀ

ਗਿ: ਮਾਨ ਸਿੰਘ ਝੌਰ ਦੇ

ਚੋਣਵੇਂ ਲੇਖ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

'Naam Khumaari' Selected Lectures of
Giani Maan Singh Ghaur

ISBN : 81-7601-388-9
ਪਹਿਲੀ ਐਡੀਸ਼ਨ 2000
ਦੂਸਰੀ ਐਡੀਸ਼ਨ ਸਤੰਬਰ 2004

ਮੁੱਲ : 60-00

ਸੰਪਾਦਕ :
ਗਿ: ਹਰਦੀਪ ਸਿੰਘ

ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ : (0183) 542346, 547974, 557973
ਫੈਕਸ : (0183) 542346
Email : csjs@jla.vsnl.net.in
Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ । ਫ਼ੋਨ : 543478

ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਬਾਣੀ ਦਾ ਜੋ ਅਮੋਲਕ ਖਜ਼ਾਨਾ ਮਨੁੱਖ ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ ਲੇਖਕ ਤੇ ਕਵੀ ਜਨ, ਸਟੀਕ ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਗਿਆਨੀ ਮਾਨ ਸਿੰਘ ਜੀ ਝੌਰ ਗੁਰੂ ਘਰ ਦੇ ਆਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਰਿਹਾ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤੀ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਰਿਹਾ ਹੈ। ਉਨ੍ਹਾਂ ਦਾ ਵਿਆਪਕ ਜੀਵਨ ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਉਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਨ ਲਗਦੇ ਹਨ ਤੇ ਉਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਉਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਨਾਮ ਰਸ ਦੀ ਖੁਮਾਰੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਨਾਮ ਖੁਮਾਰੀ' ਵਿਚ ਉਨ੍ਹਾਂ ਦੇ ਸੰਨ 1979 ਦੇ ਵਿਚ ਬੋਲੇ ਕੁਝ ਪ੍ਰਮੁੱਖ ਲੈਕਚਰਾਂ ਦੀਆਂ ਕੈਸਟਾਂ ਦਾ ਉਤਾਰਾ ਹੈ ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪ੍ਰੇਮੀ ਜਨ ਇੰਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

—ਗਿਆਨੀ ਹਰਦੀਪ ਸਿੰਘ
ਨੰਦੇੜ

ਤਤਕਰਾ

ਨਾਮ-ਖੁਮਾਰੀ

ਮੇਰੇ ਵਿੱਦਿਆ ਦਾਤਾ ਜਿਨ੍ਹਾਂ ਨੇ ਮੇਰੇ ਉਤੇ ਬੜੀ ਅਪਾਰ ਕਿਰਪਾ ਕੀਤੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿੱਦਿਆ ਮੈਨੂੰ ਬਖ਼ਸ਼ੀ ਉਨ੍ਹਾਂ ਮੈਨੂੰ ਬੜਾ ਜ਼ੋਰ ਲਾਇਆ, ਪਈ ਤੂੰ ਲਵੇਰੀ ਵਿੱਦਿਆ ਪੜ੍ਹ, ਲਵੇਰੀ। ਮੈਂ ਉਨ੍ਹਾਂ ਨੂੰ ਇਕ ਦਿਨ ਪੁੱਛ ਬੈਠਾ। ਮੈਂ ਕਿਹਾ, "ਜੀ ਉਹ ਲਵੇਰੀ ਵਿੱਦਿਆ ਕਿਹੜੀ ਹੁੰਦੀ ਹੈ ?" ਕਹਿਣ ਲੱਗੇ, "ਹਿਕਮਤ ਪੜ੍ਹ, ਇਲਾਜ ਕਰਨਾ।" ਮੈਂ ਕਿਹਾ, "ਜੀ ਇਹ ਲਵੇਰੀ ਵਿੱਦਿਆ ਕਿਸ ਤਰ੍ਹਾਂ ਹੈ ?" ਕਹਿਣ ਲੱਗੇ ਪਈ ਪੈਸੇ ਦਾ ਲੂਣ ਲੈ ਲਈਏ ਕਾਲਾ, ਪੈਸੇ ਦੀ ਜਵੈਣ ਲੈ ਲਈਏ, ਪੈਸੇ ਦੀ ਸੁੰਢ ਤੇ ਪੈਸੇ ਦੀਆਂ ਕਾਲੀਆਂ ਮਿਰਚਾਂ ਲੈ ਲਈਏ ਤੇ ਵਿਚ ਦੋ ਕੁ ਪੱਤੇ ਪੂਦਨੇ ਦੇ ਪਾ ਲਈਏ ਤੇ ਗੋਲੀਆਂ ਵੱਟ ਕੇ ਰੱਖ ਛੱਡੀਏ। ਆਨੇ ਦੋ ਨਹੀਂ ਖਰਚ ਹੁੰਦੇ ਤੇ ਜਿਹੜਾ ਆਵੇ, ਜੀ ਢਿੱਡ ਪੀੜ ਹੁੰਦੀ ਹੈ ਉਹਨੂੰ ਕੱਢ ਕੇ ਗੋਲੀ ਦੇ ਦਈਏ, ਸੁੱਟ ਰੁਪੱਈਆ, ਇਕ ਮਿੰਟ ਨਹੀਂ ਲਾਉਂਦਾ ਉਹ ਰੁਪਿਆ ਦੇ ਕੇ ਲੈ ਜਾਂਦਾ ਇਹ ਲਵੇਰੀ ਵਿੱਦਿਆ ਪਰ ਮੈਂ ਉਨ੍ਹਾਂ ਨਾਲ ਜਿਦੇ ਪੈ ਗਿਆ ਕਿ ਮੈਂ ਗੁਰੂ ਗ੍ਰੰਥ ਸਾਹਿਬ ਹੀ ਪੜ੍ਹਨਾ ਹੈ। ਉਨ੍ਹਾਂ ਨੇ ਬੜੀ ਕ੍ਰਿਪਾ ਕੀਤੀ, ਬੜੀ ਰਹਿਮਤ ਫ਼ੁਰਮਾਈ ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਲਿਆਣਕਾਰੀ ਵਿੱਦਿਆ ਮੇਰੇ ਕੰਨਾਂ 'ਚ ਪਾਈ। ਜਿੰਨੀ ਕੁ ਮੈਨੂੰ ਉਹ ਯਾਦ ਰਹਿ ਗਈ ਮੈਂ ਤੇ ਉਸ ਦੀ ਰਾਹੀਂ ਹੀ ਤੁਹਾਡੀ ਸੇਵਾ ਕਰ ਸਕਦਾ ਹਾਂ; ਹੋਰ ਮੈਨੂੰ ਕੋਈ ਸਾਜ-ਵਾਜ ਵਜਾਉਣੇ ਨਹੀਂ ਆਉਂਦੇ ਤੇ ਏਸ ਚੀਜ਼ ਦੇ ਗਾਹਕ ਬੜੇ ਵਿਰਲੇ ਨੇ। ਕੰਨਾਂ 'ਚ ਕੋਈ ਚੀਂ-ਚਾਂ, ਕੋਈ ਖੜਾਕ-ਖ਼ੜੂਕ ਪੈਂਦਾ ਰਹੇ, ਫੇਰ ਤਾਂ ਸਰੋਤਿਆਂ ਦੀ ਬਿਰਤੀ ਹੋਰ ਹੋ ਜਾਂਦੀ ਹੈ ਤੇ ਇਹ ਇਕ ਬੜਾ ਖੁਸ਼ਕ ਮਜ਼ਮੂਨ ਹੈ। ਇਹਨੂੰ ਜਿਹਦੇ ਅੰਦਰ ਲਗਨ ਹੋਵੇ ਗੁਰਬਾਣੀ ਸਮਝਣ ਦੀ, ਜਿਹਦੇ ਅੰਦਰ ਲਗਨ ਹੋਵੇ ਪ੍ਰਭੂ-ਚਿੰਤਨ ਦੀ, ਜਿਹਦੇ ਅੰਦਰ ਪਿਆਰ ਹੋਵੇ ਪਈ ਮੈਂ ਆਪਣਾ ਜਨਮ ਸਫਲਾ ਕਰਨਾ, ਉਹ ਹੀ ਇਹਦੇ ਵਿਚ ਤਵੱਜੋਂ ਦੇਂਦਾ। ਆਮ ਆਦਮੀਆਂ ਦੇ ਮਤਲਬ ਦਾ ਇਹ ਵਿਸ਼ਾ, ਇਹ ਮਜ਼ਮੂਨ, ਇਹ ਪ੍ਰਕਰਣ ਨਹੀਂ। ਮੈਂ ਆਪਣੇ ਆਪ ਨੂੰ ਗੁਰਮਤ ਦਾ ਮਾੜਾ-ਮੋਟਾ ਪ੍ਰਚਾਰਕ ਸੇਵਕ ਵੀ ਸਮਝਦਾ ਹਾਂ। ਉਸ ਹਾਲਤ ਵਿਚ ਮੇਰਾ ਇਹ ਫ਼ਰਜ਼ ਬਣਦਾ ਐ ਪਈ ਬਹੁਤੇ ਸੁਣਨ ਕਿ ਥੋੜ੍ਹੇ ਸੁਣਨ, ਪ੍ਰਚਾਰ ਗੁਰਮਤ ਦਾ ਕਰਨਾ ਚਾਹੀਦਾ। ਜਿਹੜੀ ਗੁਰਮਤ ਨੂੰ ਐਸ ਵੇਲੇ ਚਾਰ-ਚੁਫੇਰਿਉਂ ਢਾਹ ਲੱਗ ਗਈ ! ਮੈਂ ਇਕ ਮੁਸਲਮਾਨ ਦਾ ਬਚਨ ਪੜ੍ਹਿਆ। ਪਤਾ ਨਹੀਂ ਉਹਨੇ ਕਿਉਂ ਲਿਖ ਦਿੱਤਾ ! ਇਹ ਕਹਿੰਦਾ, "ਇਨਸਾਨ ਨਾ ਹੋਂਗੇ ਜਿਤਨੇ ਖੁਦਾ ਹੈਂ ਖੁਦਾਈ ਮੇਂ !" ਐਸ ਵੇਲੇ, ਕਹਿੰਦਾ, ਉਨੇ ਬੰਦੇ ਨਹੀਂ ਲੱਭਦੇ ਜਿੰਨੇ ਰੱਬ ਬਣੇ ਬੈਠੇ ਆ ਦੁਨੀਆਂ ਵਿਚ !

"ਇਨਸਾਨ ਨਾ ਹੋਂਗੇ ਜਿਤਨੇ ਖ਼ੁਦਾ ਹੈਂ ਖ਼ੁਦਾਈ ਮੇਂ, ਕਿਸ ਕਿਸ ਖ਼ੁਦਾ ਕੋ ਭਲਾ ਸਿਜਦਾ ਕਰੇ ਕੋਈ ?" ਹੁਣ ਤਾਂ ਦੁਨੀਆਂ ਚੱਕਰ 'ਚ ਪੈ ਗਈ ਐ ਕਿ ਕਿਹੜੇ ਰੱਬ ਨੂੰ ਮੱਥਾ ਟੇਕੀਏ ? ਬਿਆਸਾ ਵਾਲੇ ਨੂੰ ਟੇਕੀਏ, ਭੈਣੀ ਸਾਹਿਬ ਵਾਲੇ ਨੂੰ ਟੇਕੀਏ, ਦਿੱਲੀ ਵਾਲੇ ਨੂੰ ਟੇਕੀਏ, ਕਰੀਰੋ ਵਾਲੇ ਨੂੰ ਟੇਕੀਏ ? ਦੁਨੀਆਂ ਐਵੇਂ ਉਘੜ-ਦੁਘੜੀ ਜਿਹੀ ਹੋ ਗਈ ਹੈ ਕਿ ਜਾਈਏ ਤੇ ਜਾਈਏ ਕਿੱਥੇ ? ਘੁੰਮਣਘੇਰੀ ਵਿਚ ਪੈ ਗਈ ਗੱਲ। ਗੁਰੂ ਗ੍ਰੰਥ ਸਾਹਿਬ ਦੇ ਪੁਜਾਰੀਓ ! ਗੁਰੂ ਦੀ ਬਾਣੀ ਨੂੰ ਅਟੱਲ ਔਰ ਅਮਰ ਮੰਨਣ ਵਾਲਿਓ ਗੁਰਸਿੱਖੋ ! ਉਹ ਧੰਨ ਹੈ, ਉਹ ਮੁਬਾਰਿਕ ਹੈ ਜਿਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹੁਕਮ ਪਿਆਰਾ ਲੱਗਾ ਪਈ ਅੱਜ ਤੋਂ ਤੁਹਾਡਾ ਰੂਹਾਨੀ ਗੁਰੂ ਹੈ ਸਾਹਿਬ ਗੁਰੂ ਗ੍ਰੰਥ ਸਾਹਿਬ ਤੇ ਰਾਜਨੀਤਕ ਫੈਸਲੇ ਕਰਨ ਵਾਸਤੇ ਪੰਥ ਆਪ ਗੁਰੂ ਹੈ; ਆਪ ਫੈਸਲਾ ਕਰ ਸਕਦਾ ਹੈ। ਜਿਹੜੇ ਜਿਹੜੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨੂੰ ਮੰਨ ਕੇ ਸਤਿਗੁਰਾਂ ਦੇ ਦਰਬਾਰ ਵਿਚ ਇਕੱਤਰ ਹੋਏ ਹੋ, ਉਨ੍ਹਾਂ ਸਾਹਮਣੇ ਮੈਂ ਬੇਨਤੀ ਕਰਨ ਲੱਗਾਂ ਪਈ ਪੰਜਵੇਂ ਪਾਤਸ਼ਾਹ ਦਾ ਬਚਨ ਹੈ ਜਿਹੜਾ ਮੈਂ ਆਪ ਦੇ ਸਾਹਮਣੇ ਪੜ੍ਹਿਆ ਕਿ :

"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥" *(ਅੰਗ ੩੭੬)*

ਇਸ ਸ਼ਬਦ ਦੀਆਂ ਤੁਕਾਂ ਵਿਚ, ਅੰਮ੍ਰਿਤ-ਬਚਨਾਂ ਵਿਚ, ਇਸ ਸ਼ਬਦ ਦੇ ਅੱਖਰਾਂ ਵਿਚ ਸਾਹਿਬ ਨੇ ਇਕ ਭੁੱਲੇ ਹੋਏ ਮਨ ਦੇ ਔਗੁਣ ਚੇਤੇ ਕਰਾਏ ਨੇ; ਸਾਨੂੰ ਕੁਰਾਹੇ ਪਏ ਹੋਏ ਮਨ ਦੇ ਅਵਗੁਣ ਚੇਤੇ ਕਰਾਏ ਨੇ; ਸਾਨੂੰ ਸਭ ਤੋਂ ਪਹਿਲਾ ਭੁਲੇਖਾ, ਸਾਡਾ ਸਭ ਤੋਂ ਪਹਿਲਾ ਔਗੁਣ ਸਾਹਿਬਾਂ ਨੇ ਸਾਡੇ ਸਾਹਮਣੇ ਇਹ ਰੱਖਿਆ ਭੁੱਲੇ ਹੋਏ ਮਨ ਦਾ ਕਿ "ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥" ਜਿਹੜਾ ਹਰੀ-ਪ੍ਰਮਾਤਮਾ ਦੇ ਨਾਮ ਦਾ ਰਸ ਹੈ, ਜਿਸ ਰਸ ਦੇ ਨਾਲ ਹੋਰ ਕੋਈ ਰਸ ਪਹੁੰਚ ਨਹੀਂ ਸਕਦਾ, ਉਸ ਅੰਮ੍ਰਿਤ-ਰਸ ਨੂੰ ਤੇ ਮਨ ਨੇ ਛੱਡ ਦਿੱਤਾ; ਭੁੱਲੇ ਹੋਏ ਮਨ ਨੇ ਤਿਆਗ ਦਿੱਤਾ ਤੇ ਜਿਹੜੇ ਹੋਛੇ ਰਸ ਸਨ ਨਾ, ਹੋਛੇ ਯਾਨੀ ਹਲਕੇ ਜਾਂ ਝੂਠੇ ਰਸ, ਉਨ੍ਹਾਂ ਦੇ ਮਗਰ ਪੈ ਗਿਆ ਭੁੱਲਿਆ ਹੋਇਆ ਮਨ !

"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥"

ਜਿਹੜੇ ਕੁਝ ਮਿੰਟਾਂ ਦੇ ਮਹਿਮਾਨ ਸਨ ਰਸ, ਉਨ੍ਹਾਂ ਮਗਰ ਪੈ ਗਿਆ। ਸਾਹਿਬ ਨਾਨਕ ਨਿਰੰਕਾਰੀ ਸੱਚੇ ਪਾਤਸ਼ਾਹ ਗਰੀਬ ਨਿਵਾਜ ਨੂੰ ਜਦੋਂ ਬਾਬਰ ਨੇ ਫੜ ਲਿਆ ਨਾ; ਤਿੰਨ ਵਾਰਾਂ ਸਾਹਿਬ ਗਏ ਨੇ ਏਮਨਾਬਾਦ ਗੁਰੂ ਨਾਨਕ ਨਿਰੰਕਾਰੀ। ਇਕ ਤੇ ਪਹਿਲੀ ਵਾਰਾਂ ਜਦੋਂ "ਚੜ੍ਹਿਆ ਸੋਧਣਿ ਧਰਤਿ ਲੁਕਾਈ ॥" (ਭਾਈ ਗੁਰਦਾਸ ਜੀ, ਵਾਰ ੧ : ੨੪) ਮਾਂ-ਬਾਪ, ਭੈਣ, ਅੰਗ-ਸਾਕ ਸਭ ਕੁਟੰਬ ਕਬੀਲੇ ਦੇ ਆਖਦਿਆਂ ਆਖਦਿਆਂ ਜਗਤ-ਜਲੰਦੇ ਦੇ ਭਲੇ ਵਾਸਤੇ ਹਜ਼ੂਰ ਭਗਵੇਂ ਕੱਪੜੇ ਪਾ ਕੇ ਤੁਰ ਪਏ ਸੁਲਤਾਨਪੁਰੋਂ। ਏਮਨਾਬਾਦ ਪਹੁੰਚੇ। ਮੈਂ ਇਥੇ ਬੜੇ ਬੜੇ ਸਮਾਗਮ ਦੇਖੇ ਨੇ। ਇਕ ਕਵੰਟਰੀ ਸਮਾਗਮ ਹੋਇਆ। ਉਹਦਾ ਨਾਂ ਉਨ੍ਹਾਂ ਸੈਮੀਨਾਰ ਰੱਖਿਆ ਹੋਇਆ ਸੀ। ਉਹਦੇ

ਵਿਚ ਬੜੇ ਬੜੇ ਆਪਣੀ ਵੱਲੋਂ ਉਨ੍ਹਾਂ ਸੱਜਣ ਸੱਦੇ ਪਰ ਮੈਂ ਬੜਾ ਔਖਾ ਰਿਹਾ, ਜਿੰਨਾ ਚਿਰ ਉਥੇ ਬੈਠਾ ਰਿਹਾ। ਜਿਹੜਾ ਉਠੇ, ਜੀ ਗੁਰੂ ਨਾਨਕ ਭਾਈ ਲਾਲੋ ਕੋਲ ਗਏ। ਭਾਈ ਲਾਲੋ ਕਿੱਲੇ ਘੜਦਾ ਸੀ। ਪਈ ਇਕ ਜਣਾ ਉਠਿਆ, ਕਿੱਲੇ ਘੜਦਾ ਸੀ! ਦੂਜਾ ਜਣਾ ਉਠਿਆ, ਕਿੱਲੇ ਘੜਦਾ ਸੀ। ਤੀਜਾ ਜਣਾ ਉਠਿਆ, ਕਿੱਲੇ ਘੜਦਾ ਸੀ। ਮੈਂ ਹੈਰਾਨ ਹੋ ਗਿਆ ਪਈ ਹੋਰ ਉਹ ਕੀ ਕਰਦਾ ? ਸੰਨ੍ਹਾਂ ਲਾਉਂਦਾ ? ਉਹ ਕੀ ਕਰਦਾ ਹੋਰ ? ਉਹ ਲੋਕਾਂ ਦੇ ਖਲਵਾੜੇ ਫੂਕਦਾ ? ਜਿਹੜੀ ਕਿਰਤ ਉਸ ਨੂੰ ਈਸ਼ਵਰ ਨੇ ਬਖਸ਼ੀ ਸੀ ਉਹ ਉਹਨੇ ਕਰਨੀ ਸੀ ! ਜਦੋਂ ਕੋਈ ਏਦਾਂ ਰੁੱਖਾ ਜਿਹਾ ਬਚਨ ਬੋਲ ਦੇਂਦਾ, ਉਦੋਂ ਮੈਂ ਸਮਝਦਾ ਪਈ ਇਹ ਭਾਈ ਲਾਲੋ ਨੂੰ ਜਾਣਦਾ ਨਹੀਂ ! ਸਾਹਿਬ ਨਾਨਕ ਨਿਰੰਕਾਰੀ ਦੀ ਲੰਮੀ ਉਚੇਰੀ ਪਾਵਨ ਪਵਿੱਤਰ ਨਜ਼ਰ ਨੇ ਚੋਣ ਕੀਤੀ ਏ ਤੇ ਹਜ਼ੂਰ ਦੀ ਚੋਣ ਵਿਚ ਆਏ ਨੇ ਭਾਈ ਲਾਲੋ। ਸਭ ਤੋਂ ਪਹਿਲਾ ਡੇਰਾ ਉਹਦੇ ਘਰ ਕੀਤਾ ਐ। ਔਰ ਜਾ ਕੇ ਦਰਵਾਜ਼ਾ ਖਟਖਟਾਇਆ। ਆਵਾਜ਼ ਦਿੱਤੀ, "ਏ ਭਾਈ ਲਾਲੋ! ਦਰਵਾਜ਼ਾ ਖੋਲ੍ਹ ! ਮੈਂ ਤੈਨੂੰ ਮਿਲਣ ਆਇਆਂ !" ਦਰਵਾਜ਼ੇ ਦੀਆਂ ਦਰਾਜਾਂ ਵਿਚੋਂ ਦੀ ਜਦੋਂ ਭਾਈ ਲਾਲੋ ਨੇ ਵੇਖਿਆ, ਨਿਰਾ ਨੂਰ, ਨਿਰੀ ਰੌਸ਼ਨੀ, ਨਿਰਾ ਚਾਨਣਾ ਈ ਚਾਨਣਾ ਤੇ ਹੱਥ ਜੋੜ ਕੇ ਬੜੀ ਆਜਜ਼ੀ ਨਾਲ, ਬੜੇ ਅਦਬ ਦੀ ਦੁਨੀਆਂ 'ਚ ਰਹਿ ਕੇ ਕਹਿਣ ਲੱਗੇ, "ਐ ਨੂਰ ਦੇ ਪੁਤਲੇ, ਐ ਨਿਰਾ ਚਾਨਣ। ਮੈਨੂੰ ਲੋਕ ਸ਼ੂਦਰ ਕਹਿੰਦੇ ਹਨ। ਮੈਨੂੰ ਲੋਕੀ ਛੋਟਾ ਸਮਝਦੇ ਨੇ। ਮੈਨੂੰ ਹਲਕਾ ਸਮਝਦੇ ਨੇ। ਮੇਰੇ ਮੱਥੇ ਨਹੀਂ ਲੱਗਣਾ ਚਾਹੁੰਦੇ। ਜਾਤ-ਅਭਿਮਾਨੀਆਂ ਦਾ ਬੜਾ ਜ਼ੋਰ ਹੈ, ਇਸ ਕਰਕੇ ਮੈਂ ਦਰਵਾਜ਼ਾ ਬੰਦ ਕਰ ਕੇ ਆਪਣੀ ਕਿਰਤ ਕਰਦਾ ਰਹਿਨਾਂ ਪਈ ਕਿਸੇ ਦਾ ਧਰਮ ਨਸ਼ਟ ਨਾ ਹੋ ਜਾਏ ਮੇਰੇ ਵੱਲ ਵੇਖ ਕੇ ! ਕਿਸੇ ਦਾ ਦਿਲ ਨਾ ਦੁਖੇ !" ਕਿੰਨਾ ਉਚਾ ਨਜ਼ਰੀਆ ਸੀ ਭਾਈ ਲਾਲੋ ਦਾ ਪਈ ਮੈਂ ਤੇ ਜਿਥੇ ਲੱਗਾਂ, ਲੱਗਾ ਈ ਹੋਇਆਂ ! ਮੇਰੇ ਵੱਲ ਵੇਖ ਕੇ ਕੋਈ ਔਖਾ ਨਾ ਹੋਵੇ ਔਰ ਜਿਸ ਕਿਸੇ ਨੂੰ ਵੀ ਇਹ ਸਮਝ ਪੈ ਗਈ ਐ ਨਾ, ਉਹਦਾ ਖਿਆਲ ਇਹੋ ਈ ਬਣਿਆ। ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਗੱਲਾਂ ਕਰੋ, ਬਚਨ ਆਵੇਗਾ ਕਿ "ਸਭਨਾ ਮਨ ਮਾਣਿਕ" ਵਾਹਿਗੁਰੂ ਦੇ ਨਾਮ ਦਾ ਹੀਰਾ ਹਰ ਇਕ ਮਨ ਵਿਚ ਹੈ "ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ" ਯਕੀਨਨ ਹਰ ਇਕ ਦੇ ਮਨ ਵਿਚ ਵਾਹਿਗੁਰੂ ਹੈ। ਵਸਦਾ-ਰਸਦਾ ਹੈ ਔਰ ਉਹ ਸਭ ਤੋਂ ਚੰਗਾ ਹੈ। ਸਭ ਤੋਂ ਉਚਾ ਹੈ, ਸਭ ਤੋਂ ਸ਼੍ਰੋਮਣੀ ਹੈ। "ਜੇ ਤਉ ਪਿਰੀਆ ਦੀ ਸਿਕ..." (ਅੰਗ ੧੩੮੪) ਐ ਮੇਰੇ ਪਿਆਰੇ ਜੇ ਤੈਨੂੰ ਪ੍ਰਮਾਤਮਾ ਦੇ ਮਿਲਣ ਦੀ ਇੱਛਾ ਹੈ, ਜੇ ਤੈਨੂੰ ਪ੍ਰਮਾਤਮਾ ਮਿਲਣ ਦੀ ਖਾਹਸ਼ ਹੈ "ਹਿਆਉ ਨ ਠਾਹੇ ਕਹੀ ਦਾ" (ਉਹੀ) ਤਾਂ ਕਿਸੇ ਦਾ ਮਨ ਨਾ ਦੁਖਾਵੀਂ, ਕਿਸੇ ਦਾ ਦਿਲ ਨਾ ਦੁਖਾਵੀਂ, ਕਿਸੇ ਦੇ ਮਨ ਨੂੰ ਠੋਕਰ ਨਾ ਪਹੁੰਚਾਵੀਂ! ਜਿਸ ਨੇ ਕਿਸੇ ਦਾ ਮਨ ਦੁਖਾ ਦਿੱਤਾ, ਉਹਦੇ ਵਾਸਤੇ ਸੂਫੀ ਲੋਕਾਂ ਨੇ ਤਰਜਮਾ ਕੀਤਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਬਚਨ ਦਾ ਕਿ :

"ਖੁਦਾ ਕੋ ਮਾਨੋ, ਹੰਸੀ ਨਾ ਜਾਨੋ, ਨਾ ਮੇਰੇ ਦਿਲ ਪਰ ਜਫਾ ਕਰੋ ਤੁਮ ;

ਹਿਲੇਗਾ ਅਰਸੇ ਬਰੀਕਾ ਪਾਇਆ ਜ਼ਰਾ ਤੋ ਖ਼ੌਫੇ ਖ਼ੁਦਾ ਕਰੋ ਤੁਮ!"

ਜੇ ਦਿਲ ਦੁਖਾ ਦਏਂਗਾ ਤਾਂ ਰੱਬ ਦੀ ਜਾਤ ਦੇ ਅਰਸ਼ ਦਾ ਕਿੰਗਰਾ ਕੰਬ ਜਾਏਗਾ! ਕੁਝ ਖੌਫ ਕਰ! ਕੁਝ ਡਰ! "ਜ਼ਰਾ ਤੋ ਖੌਫ ਖੁਦਾ ਕਰੋ ਤੁਮ!" ਕੁਝ ਤੇ ਰੱਬ ਕੋਲੋਂ ਡਰ! ਕਿਉਂ ਕਿਸੇ ਦਾ ਦਿਲ ਦੁਖਾਉਨੈਂ ? ਕਿਉਂ ਕਿਸੇ ਦੇ ਹਿਰਦੇ ਨੂੰ ਠੋਕਰ ਮਾਰਨਾ ਏਂ ? ਕਿਉਂ ਕਿਸੇ ਨੂੰ ਅਵਾਜਾਰੀ ਦੇਨਾਂ ਏਂ ? ਕਿਉਂ ਕਿਸੇ 'ਤੇ ਚਿੱਕੜ ਸੁੱਟਦਾ ਏਂ? ਕਿਉਂ ਅਣਹੋਣੀਆਂ ਗੱਲਾਂ ਕਰਨੈਂ ? ਜਿਨ੍ਹਾਂ ਜਿਨ੍ਹਾਂ ਨੂੰ ਵੀ ਕੁਝ ਸਮਝ ਪਈ ਏ ਨਾ, ਉਹ ਇਥੇ ਜਾ ਕੇ ਬੋਲੇ ਨੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜਿਸ ਵੇਲੇ ਬਚਨ ਕਰਦਾ ਹਾਂ ਤਾਂ ਹਜ਼ੂਰ ਕਹਿੰਦੇ ਹਨ:

"ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥"

(ਅੰਗ ੬੧੧)

ਐਵੇਂ ਸਕਿੰਟ ਦਾ ਸਕਿੰਟ ਸਿਮਰਿਆ ਜਾਏ, ਪਾਪ ਕੱਟ ਦੇਂਦਾ ਏ। ਗੁਰਮੁਖੋ! ਪਾਰ ਉਤਾਰਾ ਇਸ ਵਾਸਤੇ ਐ ਹਰੀ ਪ੍ਰਮਾਤਮਾ ਦੇ ਪਿਆਰਿਓ! ਨਿਰੰਕਾਰ ਦੇ ਸਵਾਰਿਓ ਹੋਇਓ! ਜੇ ਉਹਦੇ ਮਿਲਣ ਦੀ ਸਿੱਕ ਹੈ, ਜੇ ਜੀਵਨ ਬਣਾਉਣਾ ਚਾਹੁੰਦੇ ਹੋ ਤਾਂ

"ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥"

(ਅੰਗ ੬੧੧)

ਮੈਂ ਐਸਾ ਵੀ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨੇਤਰਾਂ ਨਾਲ ਵੇਖਿਆ, ਰਸਨਾ ਨਾਲ ਪੜ੍ਹਿਆ:

"ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥"

(ਅੰਗ ੬੧੦)

ਲੇਕਿਨ ਭੁੱਲਾ ਹੋਇਆ ਮਨ ਅੰਦਰੇ ਵਸਦੇ ਨੂੰ ਤੇ ਜਾਣਦਾ ਨਹੀਂ ਤੇ ਬਾਹਰ ਦੌੜਦਾ। ਭਾਈ ਨਾਲ ਗੱਲੀਂ ਪੈ ਗਏ ਸਾਹਿਬ ਸੱਚੇ ਪਾਤਸ਼ਾਹ, "ਭਾਈ ਲਾਲੋ! ਮੈਂ ਤੇਰੇ ਨਾਲ ਬੜੀਆਂ ਜ਼ਰੂਰੀ ਗੱਲਾਂ ਕਰਨ ਵਾਸਤੇ ਆਇਆਂ; ਬੜੀਆਂ ਅਹਿਮ ਗੱਲਾਂ ਕਰਨ ਵਾਸਤੇ ਆਇਆਂ; ਬੜੀਆਂ ਪੜਦੇ ਦੀਆਂ ਗੱਲਾਂ ਕਰਨ ਵਾਸਤੇ ਆਇਆਂ; ਤੂੰ ਬੂਹਾ ਖੋਲ੍ਹ!" ਦਰਵਾਜਾ ਖੁਲ੍ਹ ਗਿਆ। ਸਰਕਾਰ ਅੰਦਰ ਬੈਠ ਗਏ। ਮਹਾਰਾਜ ਜੀ ਕਹਿਣ ਲੱਗੇ, "ਭਾਈ ਲਾਲੋ! ਮੈਂ ਤੇ ਤੇਰੇ ਨਾਲ ਗੱਲਾਂ ਕਰਨ ਆਇਆਂ; ਸਕੀਮ ਬਣਾਉਣ ਆਇਆਂ, ਪ੍ਰੋਗਰਾਮ ਬਣਾਉਣ ਆਇਆਂ ਪਈ:

"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥"

(ਅੰਗ ੭੨੨)

ਰਾਇ ਬੁਲਾਰ ਨਾਲ ਇਹ ਗੱਲ ਨਹੀਂ ਕੀਤੀ ਹਜ਼ੂਰ ਨੇ! ਬ੍ਰਹਮ ਭੋਜ ਖੁਆਲਣ

ਵਾਲੇ ਰਿਸ਼ਵਤ ਲੈ ਲੈ ਕੇ ਮਾਇਆ ਜਮ੍ਹਾਂ ਕਰਨ ਵਾਲੇ ਏਮਨਾਬਾਦ ਦੇ ਵੱਡੇ ਚੌਧਰੀ ਨਾਲ ਇਹ ਗੱਲ ਨਹੀਂ ਕੀਤੀ ਸਾਹਿਬ ਨੇ ! ਹੋਰ ਵੀ ਤੇ ਆਪ ਦੇ ਕੋਲ ਬੜੇ ਬੜੇ ਬਣੇ ਹੋਏ ਸਾਧੂ-ਮਹਾਤਮਾ ਆਉਂਦੇ ਸਨ ਪਰ ਕਿਸੇ ਨਾਲ ਇਹ ਗੱਲ ਨਹੀਂ ਕੀਤੀ। ਇਹ ਗੱਲ ਭਾਈ ਲਾਲੋ ਨਾਲ ਈ ਕੀਤੀ ਏ, 'ਪਈ ਇਹ ਬਾਬਰ ਪਾਪੀਆਂ ਦੀ ਜੰਞ ਇਕੱਠੀ ਕਰਕੇ ਦੌੜ ਕੇ ਆਇਆ ਕਾਬਲ ਵੱਲੋਂ ਤੇ ਫਿਰ ਦਾਨ ਮੰਗਦਾ ਜ਼ੋਰ ਨਾਲ; ਐਸਾ ਬਰਾਤੀ ਆਇਆ, ਐਸਾ ਆਇਆ ਹਿੰਦੁਸਤਾਨ ਵਿਚ ਫ਼ੌਜ ਦੀ ਜੰਞ ਲੈ ਕੇ, ਜੋ ਜ਼ੋਰ ਨਾਲ ਦਾਨ ਮੰਗਦਾ ਏ ! ਮੈਂ ਜਿਸ ਵੇਲੇ ਦਿੱਲੀ, ਕਾਨ੍ਹਪੁਰ, ਨਾਗਪੁਰ, ਬੰਬੇ, ਕਲੱਕਤੇ ਵਿਚ ਵੇਖਨਾਂ ਵਾਂ ਨਾ, ਪਈ ਮੁੰਡੇ ਵਾਲੇ ਦਾਜ ਮੰਗਦੇ ਨੇ ਕੁੜੀ ਵਾਲਿਆਂ ਨੂੰ ਤੰਗ ਕਰ ਕੇ ਤੇ ਮੈਨੂੰ ਝੱਟ ਬਾਬਰ ਚੇਤੇ ਆ ਜਾਂਦਾ ਪਈ ਅਜੇ ਵੀ ਬਾਬਰ ਦੀ ਅੰਸ ਏਥੇ ਹੈ ਜਿਹੜਾ ਜੋਰ ਨਾਲ ਦਾਨ ਮੰਗਦਾ ? ਕਈ ਤੇ ਐਸੇ ਜਾਲਮ ਦੇਖੇ ਗਏ ਨੇ, ਜਿਹੜੀ ਕੁੜੀ ਥੋੜ੍ਹਾ ਦਾਨ ਲਿਆਉਂਦੀ ਏ, ਥੋੜ੍ਹਾ ਦਾਜ ਲਿਆਉਂਦੀ ਏ ਤਾਂ ਉਹਨੂੰ ਮਾਰ ਈ ਸੁੱਟਦੇ ਨੇ; ਉਹਦੇ ਪ੍ਰਾਣ ਈ ਅੰਤ ਕਰ ਦੇਂਦੇ ਨੇ ! ਮਾਇਆ ਨਾਲ ਇੰਨਾ ਪਿਆਰ ਹੋ ਗਿਆ ! ਕਿਸੇ ਦੀ ਆਤਮਾ ਵੱਲ ਨਾ ਵੇਖਿਆ ! ਖੈਰ, ਸਮਾਂ ਥੋੜ੍ਹਾ ਹੁੰਦਾ, ਪ੍ਰਕਰਣ ਫੇਰ ਲੰਮਾ ਹੋ ਜੇ ਤਾਂ ਨਿੱਬੜਦਾ ਨਹੀਂ। ਭਾਈ ਲਾਲੋ ਨਾਲ ਕਿਉਂ ਗੱਲਾਂ ਕੀਤੀਆਂ ਨੇ ? ਉਨ੍ਹਾਂ ਨੂੰ ਅੰਦਰ ਦੇ ਰਸ ਦਾ ਸੁਆਦ ਆ ਗਿਆ ਹੋਇਆ ਸੀ। ਕਿਸੇ ਇਲਾਹੀ ਰਸ ਦਾ ਅਨੰਦ ਆ ਗਿਆ ਹੋਇਆ ਸੀ। ਕਿਸੇ ਅਗੰਮੀ ਰਸ ਦੀ ਮੌਜ ਮਾਣਦੇ ਸਨ। ਭੱਲਾ ਹੋਇਆ ਮਨ ਕੀ ਕਰਦਾ ਏ ? ਜਿਹੜੀ ਘਰ ਵਿਚ ਵਸਤੂ ਹੈ, ਜਿਹੜੀ ਅੰਦਰ ਵਸਤੂ ਹੈ, ਉਹਨੂੰ ਛੱਡ ਕੇ ਬਾਹਰ ਜ਼ਿਆਦਾ ਫਿਰਦਾ। ਤੁਸਾਂ ਬੜੀ ਵਾਰ ਕਥਾ ਸੁਣੀ ਹੋਵੇਗੀ, ਮੈਂ ਤਾਂ ਐਵੇਂ ਨੁਕਤਾ ਲੱਗਾਂ ਅਰਜ ਕਰਨ, ਪਈ ਜਿਸ ਵੇਲੇ ਸਰਕਾਰ ਨੇ ਬਾਣੀ ਪੜ੍ਹੀ ਔਰ ਐਨ ਅਨੰਦ ਬਣ ਗਿਆ ਕਿ ਜਿੰਨੇ ਥੱਕੇ ਹੋਏ ਮਨ ਦੇ ਕੈਦੀ ਸਨ, ਸਾਰਿਆਂ ਦੀ ਸੁਰਤੀ-ਬਿਰਤੀ ਜੁੜ ਗਈ। ਕੋਈ ਇਲਾਹੀ ਰਸ ਆਇਆ ! ਸਰੋਤਿਆਂ ਦੀਆਂ ਸੁਰਤੀਆਂ ਜੁੜ ਗਈਆਂ। ਨਾ ਚੱਕੀ 'ਚ ਦਾਣੇ ਪੈਣ, ਨਾ ਆਟਾ ਨਿਕਲੇ। ਦਰੋਗੇ ਨੇ ਜਾ ਕੇ ਬਾਬਰ ਨੂੰ ਦੱਸਿਆ। ਬਾਬਰ ਇਹ ਤਮਾਸ਼ਾ ਵੇਖਣ ਵਾਸਤੇ ਆਇਆ। ਸੱਚੀਮੁਚੀਂ ਆ ਕੇ ਉਹਨੇ ਵੇਖਿਆ ਕਿ ਕੋਈ ਆਦਮੀ ਗਾ ਰਿਹਾ ਏ; ਸਰੋਤੇ ਸੁਣ ਰਹੇ ਨੇ, ਸਭ ਦੀਆਂ ਸਮਾਧੀਆਂ ਲੱਗੀਆਂ ਹੋਈਆਂ ਨੇ; ਨਾ ਕੋਈ ਦਾਣੇ ਪਾਉਂਦਾ, ਨਾ ਕੋਈ ਆਟਾ ਨਿਕਲਦਾ; ਇਹ ਮੌਜਜ਼ਾ, ਇਹ ਅਲੌਕਿਕ, ਇਹ ਅਸਚਰਜ ਗੱਲ ਵੇਖ ਕੇ ਬਾਬਰ ਨੇ ਸਾਹਿਬਾਂ ਨੂੰ ਇਹ ਦਾਅਵਤ ਦਿੱਤੀ ਕਿ ਮੇਰੀ ਜਿਹੜੀ ਮਜਲਸ ਐ ਨਾ, ਮੇਰਾ ਦਰਬਾਰ ਹੈ ਖਾਸ, ਉਹਦੇ ਵਿਚ ਚਲੋ ! ਦਰਬਾਰੇ ਖਾਸ ਵਿਚ ਲੈ ਆਇਆ ਤੇ ਬਾਬਰ ਦਾ ਜੀਵਨ ਮੈਂ ਪੜ੍ਹਿਆ, ਉਹਦੀ ਜਿੰਦਗੀ ਵਿਚ ਆਈ ਏ ਗੱਲ ਪਈ ਉਹਨੇ ਇਕ ਬੜਾ ਭਾਰਾ ਹੌਜ ਬਣਾਇਆ ਸੀ, ਹੌਜ। ਉਹ ਹਰ ਵੇਲੇ ਸ਼ਰਾਬ ਨਾਲ ਭਰਿਆ ਰਹਿੰਦਾ ਸੀ ਤੇ ਬਾਬਰ ਉਹਦੇ ਲਾਗੇ ਆ ਕੇ ਬਹਿ ਜਾਂਦਾ ਸੀ। ਉਸ ਹੌਜ ਵਿਚੋਂ ਕੌਲੀ ਭਰ ਕੇ ਮੂੰਹ ਦੇ ਲਾਗੇ ਲਿਆ ਕੇ ਕਹਿੰਦਾ ਸੀ,

"ਬਾਬਰ! ਐਸ ਕੋਸ਼ ਦਿਆਲਮ ਦੁਬਾਰਾ ਨੇਸ਼।" "ਬਾਬਰਾ! ਮਜੇ ਲੁੱਟ ਲਾ! ਬਾਬਰਾ! ਅਨੰਦ ਲੈ ਲਾ! ਇਹ ਦੁਨੀਆਂ ਮੁੜ ਕੇ ਨਹੀਓਂ ਲੱਭਣੀ!" ਜਿਸ ਆਦਮੀ ਦੀ ਜ਼ਿੰਦਗੀ ਦਾ ਨਿਸ਼ਾਨਾ ਹੀ ਇਹ ਹੋਵੇ, "ਮਨਾ! ਮਜੇ ਲੁੱਟ ਲਾ ਮੁੜ ਕੇ ਇਹ ਦੁਨੀਆਂ ਨਹੀਂ ਲੱਭਣੀ; ਤੁਸੀਂ ਅੰਦਾਜ਼ਾ ਲਾਉ ਕਿ ਉਹ ਕਿੰਨੇ ਕੁ ਉਚੇ ਚਾਲ-ਚਲਣ ਦਾ ਹੋ ਸਕਦਾ? ਉਹਦਾ ਕਰੈਕਟਰ ਕਿੰਨਾ ਕੁ ਚੰਗਾ, ਉਹਦਾ ਇਖਲਾਕ ਕਿੰਨਾ ਕੁ ਚੰਗਾ ਹੋ ਸਕਦਾ? ਗਿਰਿਆ ਹੋਇਆ ਇਖਲਾਕ ਤੋਂ ਬਾਬਰ ਹਜ਼ੂਰ ਨੂੰ ਦਰਬਾਰੇ ਖਾਸ ਵਿਚ ਲੈ ਗਿਆ। ਉਸ ਨੇ ਹੌਜ ਵਿਚੋਂ ਕੌਲੀ ਭਰੀ ਤੇ ਸਾਹਿਬ ਨਾਨਕ ਨਿਰੰਕਾਰੀ ਵੱਲ ਹੱਥ ਵਧਾਇਆ ਤੇ ਕਹਿਣ ਲੱਗਾ :

"ਹਮਾਰੀ ਬਜਮੇ ਇਸ਼ਰਤ ਮੇ" ਮੇਰੀ ਰੰਗ-ਰਲੀਆਂ ਮਾਨਣ ਵਾਲੀ ਮਹਿਫਲ, ਮੇਰੀ ਮਜ਼ੇ ਉਡਾਉਣ ਵਾਲੀ ਮਜਲਸ ਦੇ ਵਿਚ ਰੱਬ ਤੈਨੂੰ ਲੈ ਆਇਆ ਨਾ ਨਾਨਕਾ?"

"ਹਮਾਰੀ ਬਜਮੇ ਇਸ਼ਰਤ ਮੇਂ ਜੋ ਲੇ ਆਇਆ ਖੁਦਾ ਬਾਬਾ।
ਤੋ ਬਿਸਮਿਲਾ ਜੇ ਬਾਦਾਏ ਅਹਿਮਰ ਉਡਾ ਬਾਬਾ॥"

ਜੀ ਸਦਕੇ ਜੇ ਤੂੰ ਆ ਗਿਆ! ਧੰਨ ਭਾਗ ਜੇ ਮੇਰੀ ਮਜਲਸ ਵਿਚ ਆ ਗਿਆ ਏਂ! ਸਜੀ-ਸਜਾਈ ਮਜਲਸ ਵਿਚ ਆ ਗਿਆ ਤਾਂ ਜੀ ਸਦਕੇ, ਧੰਨ ਭਾਗ, ਖੁਸ਼ਆਮਦੀਦ, ਜੀ ਆਇਆਂ ਨੂੰ ਮੈਂ ਆਖਨਾਂ! ਆਹ ਲੈ ਫੜ, ਪਿਆਲਾ ਪੀ! ਤੇ ਬਾਬੇ ਨੇ ਪੁੱਛਿਆ ਹੱਸ ਕੇ, "ਬਾਬਰਾ! ਇਹ ਕੀ ਚੀਜ ਐ?" ਤੇ ਬਾਬਰ ਨੇ ਕੀ ਜੁਆਬ ਦਿੱਤਾ? ਕਹਿਣ ਲੱਗਾ, "ਹਜ਼ੂਰ। ਜਹਾਂ ਮੇਂ ਕਉਨ ਹੈ ਆਬਰਸ ਸ਼ਾ ਪਾਕ ਤਰ ਪਾਨੀ"

ਇਹ ਪਾਨੀ ਜਿਹਦੇ ਨਾਲ ਮੇਰਾ ਹੌਜ ਭਰਿਆ ਹੋਇਆ, ਇਹਦੇ ਵਰਗਾ ਪਾਕ ਸਾਫ, ਇਹਦੇ ਵਰਗਾ ਮੁਕੱਦਸ, ਇਹਦੇ ਵਰਗਾ ਮੁਤਮਰਤ, ਇਹਦੇ ਵਰਗਾ ਪਵਿੱਤਰ ਪਾਨੀ ਹੋਰ ਦੁਨੀਆਂ ਉਤੇ ਕੋਈ ਨਹੀਂ :

"ਜਹਾਂ ਮੇਂ ਕਉਨ ਹੈ ਆਬ ਰਸ ਸਾ ਪਾਕ ਤਰ ਪਾਨੀ॥
ਕਿ ਜਿਸ ਸੇ ਮਿਟ ਜਾਤੇ ਹੈਂ ਦਫਤਰੇ ਸ਼ੁਮਾਓ ਬਾਬਾ।"

ਇਹਦੀ ਇਕ ਕੌਲੀ ਪੀ ਲਈਏ, ਦੀਨ ਦੁਨੀਆਂ ਦੇ ਲੇਖੇ ਭੁੱਲ ਜਾਂਦੇ ਨੇ; ਬੇਫਿਕਰੀ ਹੋ ਜਾਂਦੀ ਹੈ; ਕਿਸੇ ਦਾ ਡਰ ਗਮ ਰਹਿੰਦਾ ਈ ਨਹੀਂ। ਮੇਰਾ ਆਸਾਮ ਵਿਚ ਆਉਣ ਜਾਣ ਰਿਹਾ। ਹੁਣ ਤੇ ਬੁਢੇਪਾ ਆ ਗਿਆ। ਚਿੱਠੀਆਂ ਉਥੋਂ ਦੀਆਂ ਅਜੇ ਵੀ ਮੈਨੂੰ ਇਥੇ ਆ ਰਹੀਆਂ ਹਨ ਮੈਨੂੰ। ਪਈ ਆਹ ਇਕ ਵਾਰਾਂ ਉਥੇ ਇਕ ਸ਼ਹਿਰ ਐ ਗੋਲਾ ਘਾਟ। ਉਥੇ ਰਹਿੰਦੇ ਸੀ ਸਰਦਾਰ ਬਲਵੰਤ ਸਿੰਘ ਸਾਹਿਬ ਪੋਠੋਹਾਰ ਦੇ ਅੱਬਲ ਨੰਬਰ ਦੇ ਵੱਡੇ ਠੇਕੇਦਾਰ। ਸਿੰਘਣੀ ਉਹਦੀ ਪਾਠਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ। ੨੮-੨੯ ਪੰਨੇ ਪਾਠ ਕਰਦੀ ਸੀ ਸੁਣਾ ਕੇ, ਐਡਾ ਉਹਦਾ ਅਭਿਆਸ। ਸਿੰਘਣੀ ਪਾਠ ਕਰਦੀ ਸੀ ਤੇ ਸਿੰਘ ਸਾਹਿਬ ਜੀ ਸਵੇਰੇ ਉਠ ਕੇ ਇਸ਼ਨਾਨ ਕਰ ਕੇ ਚਾਹ ਤਾਂ ਪੀਂਦੇ ਸੀ ਪਹਿਲਾਂ ਬੋਤਲ ਹੱਥ ਵਿਚ ਫੜ ਕੇ ਤੇ ਗੱਫਾ ਲਾ ਲੈਂਦੇ ਸਨ। ਮੈਂ ਇਕ ਦਿਨ ਕਹਿ ਬੈਠਾ।

ਮੈਂ ਕਿਹਾ, "ਬਲਵੰਤ ਸਿੰਘ ! ਤੂੰ ਠੇਕੇਦਾਰ ! ਅਫ਼ਸਰਾਂ ਨਾਲ ਤੇਰਾ ਮੇਲ-ਜੋਲ, ਲੱਖਾਂ ਰੁਪਿਆਂ ਦਾ ਤੇਰਾ ਕੰਮ, ਇਹਨੂੰ ਛੱਡ ਦੇ ਤੇ ਜੇ ਨਹੀਂਉਂ ਛੱਡਣੀ ਤਾਂ ਸਵੇਰੇ ਤੇ ਨਾ ਪੀ ਲਿਆ ਕਰ ! ਕਈਆਂ ਨਾਲ ਤੈਨੂੰ ਗੱਲਬਾਤ ਕਰਨੀ ਪੈਣੀ ਹੋਈ। ਤੇਰੇ ਮੂੰਹ ਵਿਚੋਂ ਬੋ ਆਵੇਗੀ, ਕੌਣ ਤੇਰੀ ਇੱਜ਼ਤ ਕਰੇਗਾ ?" ਤੇ ਹੱਸ ਪਿਆ। ਕਹਿਣ ਲੱਗਾ, "ਗਿਆਨੀ ਜੀ ! ਜਦੋਂ ਇਹ ਕੌਲੀ ਪੀ ਲਈਦੀ ਏ ਨਾ, ਉਦੋਂ ਜਿਹੜਾ ਦੋ ਕੁ ਸੌ ਰੁਪਿਆ ਕਿਸੇ ਕੋਲੋਂ ਲੈਣਾ ਹੁੰਦਾ ਉਹ ਤੇ ਲੈਣਾ ਈ ਹੁੰਦਾ, ਜਿਹੜਾ ਦਸ ਹਜ਼ਾਰ ਕਿਸੇ ਦਾ ਦੇਣਾ ਹੋਵੇ ਨਾ, ਉਹ ਵੀ ਲੈਣ ਵਰਗਾ ਈ ਜਾਪਦਾ। ਅਖੇ, ਜਦੋਂ ਕੌਲੀ ਪੀ ਲਈਏ ਜਿਹੜਾ ਦੇਣਾ ਦਸ ਹਜ਼ਾਰ ਕਿਸੇ ਦਾ ਦੇਣਾ ਹੁੰਦਾ, ਉਹ ਵੀ ਲੈਣ ਵਰਗਾ ਈ! ਇਹਦੇ ਵਿਚ ਬੜੀਆਂ ਬੇਪ੍ਰਵਾਹੀਆਂ ਨੇ ! ਇਹਦੇ ਵਿਚ ਬੜੀ ਦਲੇਰੀ ਆ ਗਿਆਨੀ ਜੀ ! ਇਹਦੇ ਵੱਲੋਂ ਨਾ ਰੋਕਿਉ!" ਤੇ ਬਾਬਰ ਵੀ ਕਹਿਣ ਲੱਗਾ, "ਮਹਾਰਾਜ, ਜਦੋਂ ਇਹ ਕੌਲੀ ਪੀ ਲਈਏ ਉਦੋਂ ਤੇ ਦੋਜਕਾਂ ਦੇ ਹਿਸਾਬ ਦਾ ਵੀ ਚੇਤਾ ਭੁੱਲ ਜਾਂਦਾ।"

ਜਹਾਂ ਮੈਂ ਕੌਨ ਹੈ ਆਬ ਰਸ ਸਾ ਪਾਕ ਤਰ ਪਾਨੀ।

ਕਿ ਜਿਸ ਸੇ ਮਿਟ ਜਾਤੇ ਹੈਂ ਦਫਤਰੇ ਮਾਉ ਸਮਾਂ ਬਾਬਾ। ਗਨੀਮਤ ਜਾਨ ਕਰ ਇਕ ਦੋ ਜਾਮ ਪੀਤਾ ਜਾ! ਮਿਆਨੇ ਮਹਿਫਲਾਂ ਦਰ ਦਸ਼ਾ ਪੀਤਾ ਜਾ! ਬਾਬਾ ਨਾਨਕ ਜੇ ਅੱਲਾ ਮੀਆਂ ਤੈਨੂੰ ਮੇਰੀ ਮਜਲਸ ਵਿਚ ਲੈ ਆਇਆ ਤੇ ਲੈ ਫੜ, ਇਕ-ਦੋ ਪਿਆਲੇ ਤੂੰ ਵੀ ਪੀ ਲਾ!" ਹਜ਼ੂਰ ਆਖਿਆ, "ਬਣੇਗਾ ਕੀ ?" ਪੀ ਕੇ ਕਹਿਣ ਲੱਗਾ, "ਨਸ਼ਾ ਆ ਜਾਏਗਾ! ਮਸਤੀ !!" ਸਾਹਿਬ ਪੁੱਛਿਆ, "ਕਿੰਨਾ ਕੁ ਚਿਰ ਰਹੇਗੀ ?" ਬਾਬਰ ਕਹਿਣ ਲੱਗਾ, "ਦੋ ਘੰਟੇ।" ਹਜ਼ੂਰ ਆਖਿਆ, "ਫੇਰ ਕੀ ਕਰਾਂਗੇ ?" ਕਹਿਣ ਲੱਗਾ, "ਜਿਹੜਾ ਭਰਿਆ ਹੌਜ ਐ, ਮੁੱਕ ਚੱਲਿਆ ਕੋਈ ? ਕੌਲੀ ਫੇਰ ਭਰ ਲਈ।" "ਉਹਦਾ ਨਸ਼ਾ ਕਿੰਨਾ ਕੁ ਚਿਰ ਰਹੂ ?" ਬਾਬਰ ਕਹਿੰਦਾ, "ਦੋ ਘੰਟੇ।" ਹਜ਼ੂਰ ਕਹਿਣ ਲੱਗੇ, "ਫੇਰ !" ਕਹਿਣ ਲੱਗਾ, "ਜੀ ਇਕ ਵਾਰਾਂ ਜੁ ਕਿਹਾ ਕਿ ਹੌਜ ਭਰਿਆ ਪਿਆ। ਜਿੰਨੀਆਂ ਕੌਲੀਆਂ ਮਰਜੀ ਭਰੀ ਜਾਉ।" ਤੇ ਸਾਹਿਬ ਕਹਿਣ ਲੱਗੇ, "ਇਥੇ ਆ ਕੇ ਮੇਰਾ ਤੇਰਾ ਕੁਝ ਫਰਕ ਪੈ ਗਿਆ। ਪੀਨਾਂ ਤੂੰ ਵੀ ਐਂ, ਪੀਨਾਂ ਮੈਂ ਵੀ ਆਂ ਪਰ ਤੇਰੇ ਪਿਆਲੇ ਦਾ ਨਸ਼ਾ ਦੋ ਘੰਟੇ ਬਾਅਦ ਜ਼ਾਇਆ ਹੋ ਜਾਂਦਾ, ਉਤਰ ਜਾਂਦਾ। ਜਿਹੜਾ ਪਿਆਲਾ ਮੈਂ ਪੀਤਾ ਹੋਇਆ, ਜਿਹੜਾ ਬੰਦਾ ਇਕ ਵਾਰਾਂ ਪੀ ਲਏ, ਉਹਦਾ ਨਸ਼ਾ ਜ਼ਿੰਦਗੀ ਭਰ ਉਤਰਦਾ ਨਹੀਂ।" ਬਾਬਰ ਚੌਕੰਨਾ ਹੋਇਆ, "ਸਾਹਿਬੋ! ਐਸੀ ਕਿਹੜੀ ਚੀਜ਼ ਐ ਜਿਹੜੀ ਇਕੋ ਵਾਰਾਂ ਈ ਪੀ ਲਈਏ ਤੇ ਜ਼ਿੰਦਗੀ ਭਰ ਉਹਦਾ ਨਸ਼ਾ ਨਾ ਉਤਰੇ ?" ਜਨਮਸਾਖੀ ਵਾਲਾ ਇਹ ਗੱਲ ਕਹਿੰਦਾ, ਪਈ ਉਦੋਂ ਸਾਹਿਬ ਨੇ ਜਵਾਬ ਦਿੱਤਾ ਸੀ :

"ਪੋਸਤ ਭੰਗ ਅਫੀਮ ਮਦ ਉਤਰ ਜਾਤ ਪਰਭਾਤ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।

ਰਾਤ ਨੂੰ ਪੀ ਕੇ ਸਵੋਂ, ਸਵੇਰੇ ਉਠਦਿਆਂ ਸਭ ਨਸ਼ੇ ਉਤਰ ਜਾਂਦੇ ਨੇ। ਤਬੀਅਤ

ਸੁਸਤ ਹੁੰਦੀ ਏ। ਸਿਰ ਨੂੰ ਪੀੜਾਂ ਲੱਗ ਜਾਂਦੀਆਂ ਨੇ। ਘਰ ਦੇ ਨਿਆਣੇ ਵੀ ਚੰਗੇ ਨਹੀਂ ਲੱਗਦੇ। ਸਭ ਨੂੰ ਵੱਢਣ ਪੈਂਦਾ, ਖਾਣ ਪੈਂਦਾ ਅੱਗੋਂ, ਜਿਹੜਾ ਕੁਆਵੇ-ਬੁਲਾਵੇ? ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। "ਜਿਹੜਾ ਨਾਮ ਦਾ ਨਸ਼ਾ ਬਾਬਰਾ! ਇਹ ਚੜ੍ਹਿਆ ਈ ਰਹਿੰਦਾ; ਲਹਿੰਦਾ ਨਹੀਂ।" ਤੁਸੀਂ ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਭਲਾ ਧਿਆਨ ਮਾਰੋ ਖਾਂ ਲਹਿੰਦਾ ਏ ਨਾਮ ਖੁਮਾਰੀ ਦਾ ਨਸ਼ਾ? ਕਦੇ ਲਹਿੰਦਾ ਏ? ਸ੍ਰੀ ਗੁਰੂ ਤੇਗ ਬਹਾਦਰ ਕਰਨ ਕਾਰਨ ਕਾਦਰ ਹਿੰਦ ਦੀ ਚਾਦਰ ਦੇ ਸਾਹਮਣੇ ਦੀਵਾਨ ਮਤੀਦਾਸ ਸਾਹਿਬ ਨੂੰ ਲੱਕੜੀ ਦੀ ਤਰ੍ਹਾਂ ਚੀਰ ਦਿੱਤਾ ਪਰ ਉਹਦਾ ਨਸ਼ਾ ਉਤਰਿਆ? ਨਹੀਂ। ਉਹਦੇ ਸਕੇ ਭਰਾ ਭਾਈ ਸਤੀ ਦਾਸ ਨੂੰ ਰੂੰ ਵਿਚ ਵਲੇਟ ਕੇ ਤੇਲ ਪਾ ਕੇ ਅੱਗ ਲਾ ਦਿੱਤੀ ਤੇ ਭਾਈ ਸਤੀ ਦਾਸ ਉਸ ਰੂੰ ਵਿਚ ਸੜਦੇ ਤੇ ਰਿਝਦੇ ਰਹੇ ਸਕਰਕੰਦੀ ਵਾਂਗੂ ਪਰ ਨਸ਼ਾ ਨਹੀਂ ਉਤਰਿਆ। ਭਾਈ ਦਿਆਲੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਦੇਗ ਵਿਚ ਪਾ ਕੇ ਉਬਾਲ ਦਿੱਤਾ। ਪ੍ਰਾਣ ਤੇ ਤਿਆਗ ਦਿੱਤੇ ਨੇ ਪਰ ਉਹ ਨਸ਼ਾ ਨਹੀਂ ਉਤਰਿਆ। ਸਾਹਿਬਾਂ ਨੇ ਪੁੱਛਿਆ ਵੀ ਸੀ, "ਦਿਆਲਿਆ! ਦੇਗ ਵਿਚ ਉਬਾਲੇ ਖਾ ਰਿਹਾਂ, ਕੋਈ ਪੀੜ ਤਾਂ ਨਹੀਂ ਹੁੰਦੀ?" ਤੇ ਭਾਈ ਦਿਆਲਾ ਜੀ ਕਹਿਣ ਲੱਗਾ, "ਸਾਹਿਬ ਪੰਜਵੇਂ ਜਾਮੇ ਵਿਚ ਤੁਸੀਂ ਆਏ ਸੋ, ਜਾਮੇ ਦਾ ਈ ਫਰਕ ਆ ਨਾਂ? ਜੋਤ ਤੇ ਤੁਹਾਡੀ ਸੀ ਨਾਂ ਤੇ ਤੁਸਾਂ ਪੰਜਵੇਂ ਜਾਮੇ ਵਿਚ ਆ ਕੇ ਦੇਗ ਵਿਚ ਉਬਾਲੇ ਖਾ ਕੇ, ਤੱਤੀ ਤਵੀ ਉਤੇ ਬੈਠ ਕੇ, ਰੇਤੇ ਪੁਆ ਕੇ ਸਾਨੂੰ ਉਪਦੇਸ਼ ਕੀਤਾ ਸੀ:

"ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥
ਨਾਨਕੁ ਗਰੀਬੁ ਬੰਦਾ ਜਨੁ ਤੇਰਾ। ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥"

(ਅੰਗ ੬੭੬)

"ਉਹ ਪੰਜਵੇਂ ਜਾਮੇ ਵਿਚ ਜਿਹੜਾ ਸਬਕ ਪੜ੍ਹਾਇਆ ਸਾ ਜੇ, ਉਹ ਅਜੇ ਤਕ ਯਾਦ ਹੈ, ਭੁੱਲਾ ਨਹੀਂ। ਓਸ ਤੁਹਾਡੇ ਪੜ੍ਹਾਏ ਹੋਏ ਸ਼ਬਦ ਦੀ ਮਿਹਰਬਾਨੀ ਨਾਲ ਦੇਗ ਦਾ ਪਾਣੀ ਤੱਤਾ ਨਹੀਂ। ਲਗਦਾ। ਗਰੀਬ ਨਿਵਾਜ! ਕੋਈ ਕਸ਼ਟ ਨਹੀਂ। ਧੰਨ ਗੁਰੂ ਨਾਨਕ ਦੇ ਚਰਨ ਹਿਰਦੇ ਵਿਚ ਵਸਦੇ ਨੇ! ਤੁਹਾਡਾ ਬਖਸ਼ਿਆ ਹੋਇਆ ਨਾਮ ਅੰਦਰ ਟਿਕਿਆ ਹੋਇਆ। ਕੋਈ ਦੁੱਖ ਨਹੀਂ।"

ਪ੍ਰਾਣ ਤਿਆਗੇ ਗਏ ਪਰ ਭਾਈ ਦਿਆਲੇ ਦਾ ਨਸ਼ਾ ਨਹੀਂ ਉਤਰਿਆ। ਭਾਈ ਤਾਰੂ ਸਿੰਘ ਦੀ ਖੋਪਰੀ ਤੇ ਭਾਵੇਂ ਉਤਰ ਗਈ ਪਰ ਨਸ਼ਾ ਨਹੀਂ ਉਤਰਿਆ। ਭਾਈ ਮਨੀ ਸਿੰਘ ਸਾਹਿਬ ਦਾ ਬੰਦ ਬੰਦ ਤੇ ਭਾਵੇਂ ਕਟ ਦਿੱਤਾ ਗਿਆ ਪਰ ਨਹੀਂ ਉਤਰਿਆ। ਜਿੰਨੇ ਗੁਰੂ ਦੇ ਸਿੱਖ ਭਾਈ ਬੈਠੇ ਓ, ਨਾਮ ਬਾਣੀ ਦੇ ਰਸੀਏ ਮਹਾਂਪੁਰਸ਼ੋ! ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਚਨ ਚੇਤੇ ਕਰਿਓ! ਮੈਂ ਦੋ ਵਾਰਾਂ ਆਖ ਲਾਂ ਵਿਚ ਬਾਅਦ ਤੁਸੀਂ ਵੀ ਆਪਣੀ ਰਸਨਾ ਪਵਿੱਤਰ ਕਰਿਓ:

"ਕਦੇ ਉਤਰ ਨਾ ਜਾਏ ਰਾਮ ਰੰਗ।
ਕਦੇ ਉਤਰ ਨਾ ਜਾਏ ਰਾਮ ਰੰਗ।"

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥"

(ਅੰਗ ੬੭੯)

"ਕਦੇ ਉਤਰ ਨਸ਼ਾ ਜਾਏ ਰਾਮ ਰੰਗ ।
ਕਦੇ ਉਤਰ ਨਾ ਜਾਏ ਰਾਮ ਰੰਗ ।"
ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥
ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥

(ਅੰਗ ੭੩੧-੩੨)

ਕਦੇ ਉਤਰ ਨਾ ਜਾਏ ਰਾਮ ਰੰਗ ।
ਕਦੇ ਉਤਰ ਨਾ ਜਾਏ ਰਾਮ ਰੰਗ।

ਪਰ ਭੁੱਲੇ ਹੋਏ ਮਨ ਨੇ ਕੀ ਕੀਤਾ ?

"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥
ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ (ਅੰਗ ੩੭੬)

ਭੁੱਲਾ ਹੋਇਆ ਮਨ ਸੱਚੇ ਨਾਮ ਦੀ ਅੰਮ੍ਰਿਤ ਕਥਾ ਤੇ ਨਹੀਂ ਸੁਣਦਾ, ਅਮਰ ਕਥਾ ਨਹੀਂ ਸੁਣਦਾ, ਅਮਰ ਕਰ ਦੇਣ ਵਾਲੀ ਕਥਾ ਨਹੀਂ ਸੁਣਦਾ, ਤੇ ਥੋਥੀਆਂ-ਫੋਕੀਆਂ ਗੱਲਾਂ ਦਾ ਇਹ ਆਸ਼ਕ ਬਣ ਗਿਆ, ਮਤਵਾਲਾ ਬਣ ਗਿਆ। ਇਹ ਮੈਂ ਆਮ ਵੇਖਿਆ ਤੁਹਾਡੇ ਯੂ. ਕੇ. ਵਿਚ ਆ ਕੇ, ਏਧਰੇ ਲੋਕ ਇੰਨੇ ਬੇਪ੍ਰਵਾਹ ਹੋ ਗਏ ਨੇ, ਮੈਨੂੰ ਮਾਫ ਕਰਨਾ ਇਹ ਅਜਾਣਿਆ ਬੱਚਿਆਂ ਨੂੰ ਆਂਹਦੇ ਈ ਕੁਝ ਨਹੀਂ; ਕੰਟਰੋਲ ਵਿਚ ਨਹੀਂ ਰੱਖਦੇ । ਤੁਹਾਡੇ ਜੁਆਨ ਮੁੰਡੇ ਮੈਂ ਵੇਖੇ ਨੇ, ਵਾਹਵਾ ਚੰਗੀ ਤਰ੍ਹਾਂ ਜੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈਏ ਤੇ ਉਹ ਅੱਗੋਂ ਹੋਰ ਤਰ੍ਹਾਂ ਸਿਰ ਮਾਰਦੇ ਨੇ। ਮੈਂ ਕਹਿਨਾਂ, "ਸਾਡੀ ਸੰਸਕ੍ਰਿਤੀ ਕਿਥੇ ਗਈ ? ਸਾਡਾ ਡਿਸਪਲਿਨ ਕਿੱਥੇ ਗਿਆ ? ਜਿਸ ਵੇਲੇ ਮੈਂ ਭਾਈ ਸਾਹਿਬ ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਨਾ ਨਾਂ ਤੇ ਭਾਈ ਸਾਹਿਬ ਸਿੱਖੀ ਦਾ ਨਕਸ਼ਾ ਬਿਆਨ ਕਰਦੇ ਨੇ :

"ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।
... ...

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।
ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
ਗੁਰ ਸਿਖ ਗੁਰ ਸਿਖ ਪੂਜ ਕੈ
ਭਾਇ ਭਗਤਿ ਭੈ ਭਾਣਾ ਭਾਵੈ ।" (ਵਾਰ ੬ : ੧੨)

ਪੁਰਾਣਾ ਗੁਰਸਿੱਖੀ ਦਾ ਨਕਸ਼ਾ, ਇੰਨਾ ਆਦਰ ਕਰਨਾ ਗੁਰਸਿਖ ਦਾ, ਏਨਾ ਆਦਰ ਕਰਨਾ ਗੁਰਸਿੱਖ ਦਾ ਕਿ ਉਹਦੀਆਂ ਪ੍ਰਕਰਮਾਂ ਕਰਨੀਆਂ ਉਹਦੇ ਤੋਂ ਸਦਕੇ ਜਾਣਾ। ਹੁਣ ਮੈਂ ਵੇਖਿਆ ਭਗਤਿ ਲਾਗੋਂ ਲੰਘਦਿਆਂ ਨੂੰ ਉਂਜ ਵੀ ਫਤੇ ਬੁਲਾ ਈ ਦੇਨਾਂ ਬਈ ਇਨ੍ਹਾਂ ਨੂੰ ਪਤਾ ਤਾਂ ਲੱਗ ਜਾਵੇ ਕਿ ਬੁੱਢੇ ਨੇ ਫਤਹਿ ਬੁਲਾਈ, 'ਮਹਾਰਾਜ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ ॥' ਤਾਂ ਮੇਰੇ ਵੱਲ ਵੇਖ ਕੇ...ਇੰਨਾ ਈ ਉਹ ਬੜੀ ਗਨੀਮਤ ਸਮਝਦੇ ਨੇ ਪਈ ਐਉਂ ਕਰ ਛੱਡੋ, ਬੜਾ ਅਨੰਦ ਹੋ ਗਿਆ। ਦੂਰ ਚਲੇ ਗਏ ਆਂ ਸਿੱਖੀ ਤੋਂ ! ਕਿਸੇ ਓਪਰੇ ਜਿਹੇ ਪ੍ਰਭਾਵ ਨੂੰ ਕਬੂਲ ਕੇ ਅਪਣਾ ਅੰਮ੍ਰਿਤ ਵਰਗਾ ਪ੍ਰਭਾਵ ਤਿਆਗ ਦਿੱਤਾ ਐ। "ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥" ਇਹਦੇ ਨਾਲ ਮਨ ਨਹੀਂ ਜੁੜਦਾ ਤੇ ਜੇ ਕੋਈ ਢੱਡ ਵਜਾਉਂਦਾ-ਵਜਾਉਂਦਾ ਇਹ ਗੱਲ ਕਹਿ ਦਏ, ਸਾਧ ਸੰਗਤ ਜੀ, ਸੜਕ ਦੇ ਕੰਢੇ ਇਕ ਕੁੱਤੀ ਸੂਈ ਹੋਈ ਸੀ । ਇਕ ਡਰਾਈਵਰ ਆਇਆ, ਉਹਨੇ ਸ਼ਰਾਬ ਪੀਤੀ ਸੀ; ਗੱਡੀ ਨਾ ਖਲ੍ਹਾਰੀ । ਲੈ ਗਿਆ ਲੰਘਾ ਕੇ। ਕੁੱਤੀ ਦੇ ਬੱਚੇ ਦੋ ਹੇਠਾਂ ਆ ਕੇ ਮਰ ਗਏ। ਮਹਾਰਾਜ ਸਾਧ ਸੰਗਤ ਜੀ....ਤੁਸੀਂ ਜੇਬ ਵਿਚ ਹੱਥ ਪਾ ਲੈਂਦੇ ਹੋ, "ਲੈ ਭਾਈਆ ਜੇ ਕੁੱਤੀ ਦੇ ਬੱਚੇ ਮਰ ਗਏ ਨੇ, ਤੂੰ ਪੌਂਡ ਲੈ ਲਾ । ਮਰ ਗਏ। ਦਸਖਤ ਹੋ ਗਏ । ਮਰ ਗਏ ਕੁੱਤੀ ਦੇ ਬੱਚੇ ਤੇ ਜਿਹੜੀ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਨਾਂ ਸਾਹਿਬ ਸੱਚੇ ਪਾਤਸ਼ਾਹ:

"ਰਾਰਿ ਕਰਤ ਝੂਠੀ ਲਗਿ ਗਾਥਾ ॥" (ਅੰਗ ੩੭੬)

ਝੂਠੀਆਂ ਗੱਲਾਂ ਨਾਲ ਪਿਆਰ ਕਰਕੇ ਤੁਸੀਂ ਆਪਣੇ ਮੁੰਡਿਆਂ ਦਾ ਇਮਤਿਹਾਨ ਲਵੋ ਘਰ ਵਿਚ ਬੈਠ ਕੇ ਜਿੰਨੇ ਜੁਆਨ ਜੁਆਨ ਮੁੰਡੇ ਤੁਸੀਂ ਆਖਦੇ ਓ ਬੜਾ ਕਾਕਾ ਸਾਡਾ ਲਾਇਕ ਹੋ ਗਿਆ । ਉਹ ਤੁਹਾਨੂੰ ਮਸਲੋਨੀ ਦਾ ਇਤਿਹਾਸ ਸੁਣਾ ਦਏਗਾ, ਤੁਹਾਨੂੰ ਮਾਰਕਸ ਦਾ ਇਤਿਹਾਸ ਸੁਣਾ ਦਏਗਾ, ਤੁਹਾਨੂੰ ਸਟਾਲਿਨ ਦਾ ਇਤਿਹਾਸ ਸੁਣਾ ਦਏਗਾ, ਉਨ੍ਹਾਂ ਦਾ ਅੱਗਾ-ਪਿੱਛਾ, ਪੋਤਾ-ਪੜਪੋਤਾ ਸਭ, ਉਨ੍ਹਾਂ ਦਾ ਪਿਤਾਮਾ ਗਿਣ ਕੇ ਰੱਖ ਦਏਗਾ । ਉਹਨੂੰ ਇਹ ਪੁੱਛਨਾਂ ਮੈਂ ਬਈ ਕਾਕਾ ! ਪੰਜਾਂ ਪਿਆਰਿਆਂ ਦੇ ਨਾਂ ਜਾਣਨੈ ਤਰਤੀਬ ਵਾਰ ? ਪਹਿਲਾਂ ਕਿਹੜਾ ਉਠਿਆ ? ਦੂਜੀ ਵਾਰਾਂ, ਤੀਜੀ ਵਾਰਾਂ ਕਹਿੰਦਾ, "ਭਾਈ ਜੀ ! ਮੈਂ ਪੰਜਾਬੀ ਨਹੀਂ ਸੀ ਲਈ ।" ਮੈਂ ਆਖਿਆ, "ਚਹੁੰ ਸਾਹਿਬਜ਼ਾਦਿਆਂ ਦੇ ਈ ਨਾਮ ਜਾਣਨਾਂ ?" ਤੇ ਕਹਿੰਦਾ, "ਜੀ ਤੁਹਾਨੂੰ ਇਕ ਵਾਰਾਂ ਜੁ ਆਖਿਆ ਮੈਂ ਪੰਜਾਬੀ ਨਹੀਂ ਲਈ।" ਘਰ ਨਹੀਂ ਵੇਖਿਆ ਇਨ੍ਹੇ। ਆਪਣਾ ਇਤਿਹਾਸ ਗੁਰਮੁਖੀ ਅੱਖਰਾਂ ਵਿਚ ਪੜ੍ਹਨਾ ਸਾਡਾ ਮੁੰਡਾ ਪਾਪ ਸਮਝਦਾ । ਸਾਡਾ ਲੜਕਾ ਇਹਨੂੰ ਹੁਣ ਗੁਨਾਹ ਸਮਝਣ ਲੱਗ ਪਿਆ । ਜਿਹੜੇ ਕਿਤੇ ਅੰਗਰੇਜ਼ੀ ਵਿਚ ਦੋ ਅੱਖਰ ਲਿਖੇ

ਨੇ, ਕਹਿੰਦਾ, "ਬਈ ਇਹ ਸੱਚ ਹੈ ਹਾਲਾਂਕਿ ਉਹ ਝੂਠੀ ਚੀਜ਼ ਐ ਤੇ ਨਾਲੇ ਜੂਠੀ। ਜਿਹੜੀ ਝੂਠੀ ਤੇ ਜੂਠੀ ਚੀਜ਼ ਸਾਨੂੰ ਮਿਲਦੀ ਏ ਉਹਦੇ ਨਾਲ ਪਿਆਰ ਹੈ ਤੇ ਜਿਹੜੀ ਅਸਲੀ ਚੀਜ਼ ਹੈ ਉਹਦੇ ਨਾਲ ਸਾਨੂੰ ਮੁਹੱਬਤ ਕੋਈ ਨਹੀਂ ਰਹੀ। ਅਸਾਂ ਤਰੱਕੀ ਨਹੀਂ ਕੀਤੀ। ਅਸੀਂ ਤੇ ਪਿਛਾਂਹ ਚਲੇ ਗਏ ਹਾਂ ! ਭਾਈ ਸਾਹਿਬ ਭਾਈ ਗੁਰਦਾਸ ਨੇ ਆਪਣੇ ਕਬਿਤ ਸਵੱਯਾਂ ਵਿਚ ਇਕ ਬਚਨ ਲਿਖਿਆ :

"ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ," ਰਾਤੀਂ ਤੇਲੀ ਕੋਹਲੂ ਜੋਅ ਦਿੱਤਾ; ਬਲਦ ਦੀਆਂ ਅੱਖਾਂ ਬੰਨ੍ਹ ਦਿੱਤੀਆਂ। ਸਾਰੀ ਰਾਤ ਤੁਰਦਾ ਰਿਹਾ। ਬੈਲ ਦੇ ਭਾਣੇ, ਖਬਰਾਂ ਮੈਂ ਦੋ ਸੌ ਮੀਲ ਪੰਧ ਕਰ ਆਇਆ ! ਜਿਸ ਵੇਲੇ ਸਵੇਰਾ ਹੋਇਆ, ਰਾਤ ਬੀਤੀ। ਤੇਲੀ ਨੇ ਅੱਖਾਂ ਖੋਲ੍ਹੀਆਂ, ਖੋਪੇ ਲਾਹੇ ਤੇ ਭਾਈ ਸਾਹਿਬ ਕਹਿੰਦੇ ਨੇ:

"ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ,
ਆਂਖ ਉਘਰਤ ਵਾਂਹੀਂ ਠੌਰ ਹੀ ਟਿਕਾਨੋ ।"

ਜਦੋਂ ਸਵੇਰੇ ਤੇਲੀ ਨੇ ਖੋਪੇ ਲਾਹੇ ਤੇ ਬਲਦ ਨੇ ਅੱਖਾਂ ਪੱਟ ਕੇ ਵੇਖਿਆ, ਉਸੇ ਈ ਕੋਠੇ ਵਿਚ ਸਾਰੀ ਰਾਤ ਭੌਂਦਾ ਰਿਹਾ। ਸਾਡੀ ਹਾਲਤ ਉਸ ਬੈਲ ਵਰਗੀ ਹੈ। ਮਾਫ ਕਰਨਾ, 80-90 ਵਰ੍ਹੇ ਹੋ ਚੱਲੇ ਨੇ ਚੀਫ ਖਾਲਸਾ ਦੀਵਾਨ ਬਣਿਆਂ ਤੇ 80-90 ਵਰ੍ਹੇ ਈ ਹੋ ਗਏ ਨੇ ਗੁਰਬਾਣੀ ਦਾ ਪ੍ਰਚਾਰ ਹੁੰਦਿਆਂ। ਭਲਾ ਕਿੰਨਾ ਕੁ ਸਫਰ ਕਰ ਲਿਆ ਅਸਾਂ ? ਮੜ੍ਹੀਆਂ ਨੂੰ ਅਸੀਂ ਪੂਜਨੇ ਆਂ; ਟੋਭੜਿਆਂ ਨੂੰ ਅਸੀਂ ਪੂਜਨੇ ਆਂ; ਪਿੱਪਲ ਨੂੰ ਪਾਣੀ ਅਸੀਂ ਪਾਉਨੇ ਆਂ। ਜਿਥੋਂ ਤਿੰਨ ਰਸਤੇ ਪਾਟਣ ਉਥੇ ਅਸੀਂ ਦੀਵਾ ਜਗਾ ਦੇਨੇ ਆਂ। ਜੇ ਸਾਡੀ ਬੱਕਰੀ ਦੁੱਧ ਨਾ ਦਏ ਅੱਲਾ ਦਿੱਤੇ ਕੋਲ ਮੁੰਡੇ ਨੂੰ ਆਟੇ ਦਾ ਪੇੜਾ ਦੇ ਕੇ ਫੂਕਾਂ ਮਾਰਨ ਵਾਸਤੇ ਭੇਜ ਦਿੰਨੇ ਆਂ। ਸਾਡਾ ਕੋਈ ਯਕੀਨ ਹੈ, ਕੋਈ ਗੁਰੂ-ਘਰ 'ਤੇ ਸਾਡੀ ਸ਼ਰਧਾ, ਕੋਈ ਗੁਰੂ-ਘਰ ਤੇ ਸਾਡੀ ਦ੍ਰਿੜ੍ਹਤਾ ਹੈ ? ਕੋਈ ਸਫ਼ਰ ਨਹੀਂ ਅਸਾਂ ਮੁਕਾਇਆ। ਉਥੇ ਦੇ ਉਥੇ ਈ ਖਲੌਤੇ ਆਂ। ਉਸੇ ਕੋਠੇ ਵਿਚ ਭਵੀਂ ਜਾਨੇ ਆਂ। ਅੱਗੇ ਤਾਂ ਥੋੜ੍ਹਾ-ਬਹੁਤਾ ਸੁਣ ਲੈਂਦੇ ਸਾਂ। ਹੁਣ ਸੁਣਨ ਦੀ ਆਦਤ ਵੀ ਨਹੀਂ ਰਹੀ। ਇਹ ਵੀ ਸਾਨੂੰ ਹੁਣ ਭੁੱਲਦੀ ਜਾ ਰਹੀ ਆ। ਗੁਰਦੁਆਰੇ ਆਉਣਾ ਵੀ ਅਸੀਂ ਇਕ ਸ੍ਰੀ ਗੁਰੂ ਨਾਨਕ ਸਾਹਿਬ ਉਤੇ ਇਕ ਅਹਿਸਾਨ ਸਮਝਨੇ ਆਂ, ਪਈ ਵੇਖ ਲਾ, ਤੇਰੇ ਗੁਰਦੁਆਰੇ ਆਏ ਕਿ ਨਹੀਂ ਆਏ ਅਸੀਂ ? ਗੁਰੂ ਕਿਆ ਸਿੱਖਾ ! ਮੇਰਾ ਸਾਹਿਬ ਤੈਨੂੰ ਸੱਚੇ ਰਸ ਦਾ ਉਪਦੇਸ਼ ਕਰਦਾ ਕਰਦਾ ਕਹਿੰਦਾ :

"ਹਰਿ ਰਸ ਪੀਵਤ ਸਦ ਹੀ ਰਾਤਾ ॥" *(ਅੰਗ ੩੭੭)*

ਉਹ ਸਦਾ ਰੱਤਾ-ਮੱਤਾ ਹੈ। ਉਹ ਸਦਾ ਮਸਤ ਹੈ। ਉਹ ਸਦਾ ਬੇਪ੍ਰਵਾਹ ਹੈ। ਤੇ "ਆਨ ਰਸਾ ਖਿਨ ਮਹਿ ਲਹਿ ਜਾਤਾ।" ਵਾਹਿਗੁਰੂ ਦੇ ਨਾਮ ਨੂੰ ਛੱਡ ਕੇ ਬਾਕੀ ਦੇ ਜਿਹੜੇ ਰਸ ਨੇ ਉਹ ਤੇ ਮਿੰਟਾਂ-ਸਕਿੰਟਾਂ ਵਿਚ ਲਹਿ ਜਾਂਦੇ ਨੇ। ਉਹ ਤੇ ਜਲਦੀ ਨਾਲ ਉਤਰ ਜਾਂਦੇ ਨੇ। ਉਹ ਤੇ ਜਲਦੀ ਨਾਲ ਫਨਾਹ-ਫਿਲਾ ਹੋ ਜਾਂਦੇ ਨੇ :

ਆਨ ਰਸਾ ਖਿਨ ਮਹਿ ਲਹਿ ਜਾਤਾ॥

ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥ (ਅੰਗ ੩੭੭)

ਵਾਹਿਗੁਰੂ ਨਾਮ ਦਾ ਰਸ ਪੀਣ ਵਾਲਾ ਜਿਹੜਾ ਉਹ ਮਸਤ ਅਲਮਸਤ ਹੈ, ਮਤਵਾਰਾ ਹੈ, ਝੂਮਦਾ ਹੈ ਐਨ ਰੰਗ ਵਿਚ ਰੰਗਿਆ—ਆਪਣੇ ਪਿਆਰੇ ਦੇ ਚਰਨਾਂ ਨੂੰ ਗਲਵਕੜੀ ਪਾਈ ਬੈਠਾ ਹੈ :

"ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥
ਹਰਿ ਰਸੁ ਪੀਵਤ ਸਦ ਹੀ ਰਾਤਾ॥
ਆਨ ਰਸਾ ਖਿਨ ਮਹਿ ਲਹਿ ਜਾਤਾ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ॥" (ਅੰਗ ੩੭੭)

ਜਿਨ੍ਹਾਂ ਨੂੰ ਹਰੀ-ਪ੍ਰਮਾਤਮਾ ਦੇ ਨਾਲ ਦਾ ਰਸ ਆ ਗਿਆ ਤੇ ਮਸਤ ਹੋ ਗਏ ਨੇ ਉਸ ਰਸ ਦੇ ਵਿਚ, ਉਹ ਤੇ ਦਿਨੇ ਰਾਤ ਝੂਮਦੇ ਨੇ ! ਭੁੱਖ-ਤੇਹ ਨਹੀਂ ਲੱਗਦੀ। ਵੱਡੀ ਤੋਂ ਵੱਡੀ ਕੁਰਬਾਨੀ ਖਿੜੇ ਮੱਥੇ ਕਰ ਦਿੰਦੇ ਨੇ। ਜਿਹੜਾ ਮਨ ਭੁੱਲ ਗਿਆ ਔਜੜੇ ਪੈ ਗਿਆ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ :

"ਵਜਹੁ ਸਾਹਿਬ ਕਾ ਸੇਵ ਬਿਰਾਨੀ ॥" (ਅੰਗ ੩੭੬)

ਵਜਹੁ ਅਰਬੀ ਦਾ ਲਫਜ ਹੈ = ਰੁਜੀਨਾ, ਉਪਜੀਵਕਾ, ਤਨਖਾਹ, ਮੁਆਵਜ਼ਾ।

"ਵਜਹੁ ਸਾਹਿਬ ਕਾ" ਜਿਸ ਤਰ੍ਹਾਂ ਕੋਈ ਆਦਮੀ ਤਨਖਾਹ ਤੇ ਲਏ ਕਿਸੇ ਕੋਲੋਂ ਤੇ ਕੰਮ ਕਰੇ ਕਿਸੇ ਦੂਸਰੇ ਦਾ :

"ਵਜਹੁ ਸਾਹਿਬ ਕਾ ਸੇਵ ਬਿਰਾਨੀ।" ਅਸੀਂ ਦਿੱਤਾ ਖਾਨੇ ਆਂ ਵਾਹਿਗੁਰੂ ਦਾ। ਕਾਇਆ ਬਖਸ਼ੀ ਆ ਵਾਹਿਗੁਰੂ ਨੇ। ਨੱਕ, ਕੰਨ, ਹੱਥ, ਮੂੰਹ, ਪੈਰ, ਸਤਾ ਸਫੁਰਤੀ-ਇਹ ਸਭ ਕੁਝ ਬਖਸ਼ਿਆ ਵਾਹਿਗੁਰੂ ਨੇ ਜਿਸ ਨੇ ਏਨੇ ਅਮੋਲਕ ਪਦਾਰਥ ਦੇ ਦਿੱਤੇ ਨੇ :

"ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ॥"
ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ॥
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥

(ਅੰਗ ੧੩੮)

ਜਿਸ ਵਾਹਿਗੁਰੂ ਨੇ ਇੰਨਾ ਕੁਝ ਦੇ ਦਿੱਤਾ, ਐਨਾ, ਇੰਨੇ ਅਮੋਲਕ ਪਦਾਰਥ ਦੇ ਦਿੱਤੇ ਨੇ ਨਾਂ :

"ਪੁਤਰੀ ਤੇਰੀ ਬਿਧਿ ਕਰਿ ਥਾਟੀ ॥ (ਅੰਗ ੩੭੪)

ਹੇ ਇਨਸਾਨ ! ਇਹ ਜਿਹੜੀ ਤੇਰੀ ਪੁਤਲੀ ਐ, ਕਾਂਇਆ ਦੀ ਪੁਤਲੀ ਏ, ਵਾਹਿਗੁਰੂ ਨੇ ਬੜੇ ਚੰਗੇ ਤਰੀਕੇ ਨਾਲ ਬਣਾਈ ਊ !

"ਪੁਤਰੀ ਤੇਰੀ ਬਿਧਿ ਕਰਿ ਥਾਟੀ।" (ਉਹੀ)

ਪਰ ਤੂੰ ਇਸ ਪੁਤਲੀ ਨੂੰ ਸਵਾਰਨ ਵਿਚ ਸ਼ਿੰਗਾਰਨ ਵਿਚ, ਇਹਨੂੰ ਮੇਕਅਪ ਕਰਨ ਵਿਚ ਇਹਨੂੰ ਧੋਣ-ਮਾਂਜਣ ਵਿਚ ਈ ਸਾਰਾ ਦਿਨ ਗੁਜਾਰ ਛੱਡਨਾਂ ! ਜਿਨ੍ਹੇ ਪੁਤਲੀ ਬਣਾਈ ਸੀ ਅੜਿਆ, ਤੂੰ ਉਹਦੇ ਨਾਲ ਨਾ ਜੁੜਿਓਂ "ਪੁਤਰੀ ਤੇਰੀ ਬਿਧਿ ਕਰਿ

ਥਾਟੀ ॥" (ਉਹੀ) ਏਹਦੇ ਪਾਲਣ-ਪੋਸਣ ਵਿਚ ਲਗ ਗਿਓਂ ਦਿਨੇ ਰਾਤ। ***"ਜਾਨੁ ਸਤਿ ਕਰਿ ਹੋਇਗੀ ਮਾਟੀ ॥"*** ਪਾਲਦਾ-ਪੋਸਦਾ ਤੇ ਤੂੰ ਬਹੁਤ ਐਂ ਪਰ ਯਕੀਨ ਕਰ ਲਾ, ਇਹਨੇ ਆਖਰ ਮਿੱਟੀ ਨੇ ਮਿੱਟੀ ਨਾਲ ਈ ਰਲ ਜਾਣਾ !

"ਹਜਰਤੇ ਇਨਸਾਨ ਕਾ ਕਿਤਨਾ ਤਕੱਬਰ ਤੇਜ਼ ਹੈ।

ਖ਼ਾਕ ਕਾ ਪੁਤਲਾ ਬਣਾ, ਫਿਰ ਖ਼ਾਕ ਸੇ ਪਰਹੇਜ਼ ਹੈ। ਭਗਤ ਕਬੀਰ ਜੀ ਲਿਖਦੇ ਹਨ :

"ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥ *(ਅੰਗ ੧੩੭੪)*

ਜਿਸ ਮਿੱਟੀ ਨੇ ਮਿੱਟੀ ਨਾਲ ਮਿਲ ਕੇ ਬਰਬਾਦ ਹੋ ਜਾਣਾ, ਉਹਦੇ ਪਾਲਣ-ਪੋਸਣ ਵਿਚ ਦਿਨ-ਰਾਤ ਸਾਡੇ ਬੀਤ ਜਾਂਦੇ ਨੇ; ਜਿਸ ਵਾਹਿਗੁਰੂ ਨੇ ਪੁਤਲੀ ਬਖਸ਼ੀ ਸੀ ਉਹ ਵਾਹਿਗੁਰੂ ਤੇ ਚੇਤੇ ਈ ਨਹੀਂ ਆਉਂਦਾ ! ਗਰੀਬ ਨਿਵਾਜ਼ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ :

ਵਜਹੁ ਸਾਹਿਬ ਕਾ ਸੇਵ ਬਿਰਾਨੀ ॥ *(ਅੰਗ ੩੭੬)*

ਦਿੱਤਾ ਹੋਇਆ ਵਾਹਿਗੁਰੂ ਦਾ ਖਾਂਦਾ, ਸੇਵਾ ਦੂਜਿਆਂ ਦੀ ਕਰਦਾ। ਸੇਵਾ ਪੱਥਰਾਂ ਦੀ ਕਰਦਾ, ਸੇਵਾ ਪਿੱਪਲ ਦੇ ਮੁੱਢ ਨੂੰ ਪਾਣੀ ਪਾਉਣ ਦੀ ਕਰਦਾ, ਸੇਵਾ ਤੁਲਸੀ ਦੇ ਮੁੱਢ ਨੂੰ ਪਾਣੀ ਪਾਉਣ ਦੀ ਕਰਦਾ, ਸੇਵਾ ਟੋਬੜੀ ਅਤੇ ਟੋਏ ਮਨਾਉਣ ਦੀ ਕਰਦਾ, ਕਬਰਾਂ 'ਤੇ ਦੀਵੇ ਜਗਾਉਣ ਦੀ ਕਰਦਾ। ਅਕ੍ਰਿਤਘਣ ਹੈ। ਪੰਜਾਬੀ ਦਾ ਇਕ ਮੁਹਾਵਰਾ ਹੈ :

"ਖਾਣਾ ਰਾਮ ਜੀ ਦੇ ਮੰਦਰੋਂ ਤੇ ਭੌਂਕਣਾ ਭੌਂਦੂ ਸ਼ਾਹ ਦੇ ਤਕੀਏ ॥" ਦਿੱਤਾ ਹੋਇਆ ਰੱਬ ਦਾ ਖਾਣਾ ਤੇ ਪੂਜਾ ਪਿੱਪਲ ਦੀ ਕਰਨੀ, ਰੱਬ ਚੇਤੇ ਈ ਨਾ ਰਹਿਣਾ, ਇਹ ਵੱਡਾ ਗੁਨਾਹ ਹੈ; ਵੱਡਾ ਪਾਪ ਕਰ ਰਹੇ ਹਾਂ ਅਸੀਂ। ਜਿੰਨੇ ਗੁਰੂ ਕੇ ਸਿੱਖ ਬੈਠੇ ਓ ਜੁੜਿਓ! ਸਾਹਿਬਾਂ ਨੇ ਬਜਰ ਪਾਪ ਲਿਖੇ ਨੇ ਗੁਰੂ ਗ੍ਰੰਥ ਸਾਹਿਬ ਵਿਚ। 'ਬ੍ਰਹਮਣ' ਬ੍ਰਹਮਣ ਦਾ ਮਾਰਨਾ ਬਜਰ ਪਾਪ ਲਿਖਿਆ। ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮਣ ਦੇ ਮਾਇਨੇ ਇਹ ਨਹੀਂ ਪਈ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੋਇਆ, ਇਸ ਕਰਕੇ ਬ੍ਰਹਮਣ ਹੈ। ਇਸ ਬ੍ਰਹਮਣ ਦੀ ਤਾਰੀਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਨਹੀਂ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਬ੍ਰਹਮਣ ਉਹਨੂੰ ਮੰਨਿਆ ਪਈ :

"ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ"

ਬਿੰਦੈ ਮਾਇਨੇ ਜਾਨਣਾ, ਸਮਝ ਲੈਣਾ, ਤਹੱਈਆ ਕਰ ਲੈਣਾ, ਫੈਸਲਾ ਕਰ ਲੈਣਾ। ਜਿਸ ਨੇ ਬ੍ਰਹਮ ਨੂੰ ਸਮਝ ਲਿਆ, ਜਿਸ ਨੇ ਬ੍ਰਹਮ ਨੂੰ ਜਾਣ ਲਿਆ, ਜਿਸ ਨੇ ਜ਼ਰਰੇ-ਜ਼ਰਰੇ ਵਿਚ, ਪੱਤੇ-ਪੱਤੇ ਵਿਚ, ਰਗੋ-ਰੇਸ਼ੇ ਵਿਚ, ਊਚ-ਨੀਚ ਵਿਚ, ਆਲਾ ਅਦਨਾ ਵਿਚ, ਆਪਣੇ ਪ੍ਰਭੂ ਆਪਣੇ ਬ੍ਰਹਮ ਨੂੰ ਪਛਾਣ ਲਿਆ, ਉਹ ਬ੍ਰਹਮਣ ਹੈ :

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ... *(ਅੰਗ ੬੪੯)*

ਉਹਦਾ ਤੇ ਬ੍ਰਹਮਣਪੁਣਾ ਕਾਇਮ ਹੈ—

ਏਕ ਸਬਦਿ ਲਿਵ ਲਾਇ ॥ (ਉਹੀ)

ਜਿਸ ਦੀ ਲਿਵ ਜੁੜ ਗਈ ਹੈ ਏਕ ਸਬਦਿ ਮਾਇਨੇ ਨਾਮ ਨਾਲ :

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ...॥ (ਉਹੀ)

ਰਿਧੀ ਸਿਧੀ ਨਿਧੀ ਉਹਦੇ ਪਿੱਛੇ ਲੱਗੀ ਫਿਰਦੀ ਏ; ਦੌੜੀ ਫਿਰਦੀ ਏ। ਕੀਹਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ, ਉਹਦੇ ਜਿਹੜਾ :

ਜੋ ਹਰਿ ਹਿਰਦੈ ਸਦਾ ਵਸਾਇ ॥ (ਉਹੀ)

ਉਹਦਾ ਬ੍ਰਹਮਣਪੁਣਾ ਕਾਇਮ ਹੈ। ਐਸੇ ਬ੍ਰਹਮਣ ਦਾ ਮਾਰਨਾ-ਇਹ ਬਜਰ ਪਾਪ ਹੈ, ਜਿਸ ਨੇ ਜ਼ੱਰੇ ਜ਼ੱਰੇ ਵਿਚ ਬ੍ਰਹਮ ਨੂੰ ਸਮਝ ਲਿਆ, ਪਿਆਰ ਕਰਦਾ, ਸਾਰਿਆਂ ਨੂੰ ਗਲ ਨਾਲ ਲਾਉਂਦਾ, ਰੱਬ ਦੀ ਰਚਨਾ ਜਾਣ ਕੇ ਮੁਹੱਬਤ ਕਰਦਾ। ਐਸੇ ਸਮਦ੍ਰਿਸਟੀ ਵਾਲੇ ਆਦਮੀ ਨੂੰ ਮਾਰਨਾ-ਇਹ ਬੱਜਰ ਪਾਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਲਿਖਿਆ। ਤੇ

"ਕੈਲੀ ਘਾਤ" ਕਪਲਾ ਗਊ ਦਾ ਮਾਰ ਦੇਣਾ-ਇਹ ਬਜਰ ਪਾਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਲਿਖਿਆ "ਕੰਜਕਾ" ਜੰਮਦੀ ਲੜਕੀ ਦਾ ਗਲ ਘੁੱਟ ਕੇ ਮਾਰ ਦੇਣਾ ਪਈ ਮੇਰਾ ਕੋਈ ਜਵਾਈ ਬਣ ਕੇ ਨਾ ਮੇਰੇ ਘਰ ਆਵੇ ਬਜਰ ਪਾਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਲਿਖਿਆ "ਅਨਚਾਰੀ ਕਾ ਧਾਨ" ਜਿਹਦਾ ਚਾਲ-ਚਲਨ ਨਹੀਂ ਚੰਗਾ, ਜਿਹਦਾ ਕਰੈਕਟਰ ਨਹੀਂ ਚੰਗਾ, ਜਿਹਦਾ ਸਦਾਚਾਰ ਨਹੀਂ ਚੰਗਾ, ਚੋਰ ਯਾਰ, ਜੁਆਰ ਬਦਮਾਸ਼ ਹੈ, ਉਹਦੇ ਘਰ ਦਾ ਅੰਨ ਖਾਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਬਜਰ ਪਾਪ ਲਿਖਿਆ। ਹੁਣ ਸਾਨੂੰ ਦੁੱਧ ਭਾਵੇਂ ਕੋਈ ਲਿਆ ਦਏ, ਪੀ ਲੈਨੇ ਆਂ। ਅਸੀਂ ਨਹੀਂ ਵੇਖਦੇ ਚੰਗੇ ਘਰ ਦਾ ਕਿ ਮੰਦੇ ਘਰ ਦਾ, ਚਾਲ-ਚਲਨ ਵਾਲੇ ਦਾ ਕਿ ਬਦਚਲਨ ਦਾ ਹੈ। ਦੁੱਧ ਹੋਣਾ ਚਾਹੀਦਾ! ਸਾਡੇ ਵਾਸਤੇ ਹਲਾਲ ਹੈ। ਜਿਹੜਾ ਸੌ ਪੌਂਡ ਲਿਆ ਕੇ ਮੱਥਾ ਟੇਕ ਦਏ, ਸਾਡੇ ਵਾਸਤੇ ਬੜਾ ਉਚਾ ਸਿੱਖ ਆ ਜੀ, ਨਾਮ ਬਾਨੀ ਦੇ ਰੰਗ ਵਿਚ, ਰੰਗਿਆ ਹੋਇਆ। ਮਹਾਰਾਜ ਇਕੋ ਦਮ ਸੌ ਪੌਂਡ ਦੇ ਦਿੱਤਾ। ਪੜਤਾਲ ਕਰਕੇ ਨਹੀਂ ਵੇਖੀ ਪਈ ਉਹ ਸੌ ਪੌਂਡ ਆਇਆ ਕਿਥੋਂ ਸੀ! ਜਿਹੜਾ ਸਾਹਿਬ ਸੱਚਾ ਪਾਤਸ਼ਾਹ ਬਾਨੀ ਉਚਾਰਣ ਕਰਦਾ, ਉਹਦਾ ਸਿੱਖ ਬਾਨੀ ਦਾ ਤਰਜਮਾ ਕਰ ਕੇ ਆਪਣੀਆਂ ਵਾਰਾਂ ਵਿਚ ਲਿਖਦਾ ਹੈ। "ਇਸਤਰੀ ਪੁਰਖੈ ਦਾਮ ਹਿਤ ਭਾਵੈ ਆਵੈ ਕਿਥਾਊ ਜਾਈ ॥" ਇਸਤਰੀ ਪੁਰਸ਼ ਦਾ ਰੁਪੱਈਆਂ ਦਾ ਈ ਪਿਆਰ ਰਹਿ ਗਿਆ, ਮਾਇਆ ਦਾ ਈ ਪਿਆਰ ਰਹਿ ਗਿਆ। ਜਦੋਂ ਬਦਰਾ ਲਿਆ ਕੇ ਘਰ ਵਾਲੀ ਅੱਗੇ ਸੁੱਟਦਾ, ਕਦੇ ਪੁੱਛਿਆ ਦੇਵੀ ਨੇ ਕਿ ਕਿੱਥੋਂ ਲਿਆਇਆ? ਪਾਪ ਦਾ ਈ ਕਿ ਪੁੰਨ ਦਾ ਈ ਔਲਾਦ ਨੂੰ ਜ਼ਹਿਰ ਖੁਆਲਣ ਲੱਗਾਂ ਕਿ ਅੰਮ੍ਰਿਤ ਜੇ ਕਿਤੇ ਚੋਰੀ ਯਾਰੀ ਦਾ ਲਿਆਂਦਾ ਈ, ਜੇ ਕਿਤੇ ਠੱਗੀ-ਠੋਰੀ ਦਾ ਲਿਆਂਦਾ ਈ, ਜੇ ਕਿਤੇ ਹੇਰਾ-ਫੇਰੀ ਦਾ ਲਿਆਂਦਾ ਈ, ਲੈ ਜਾ ਮੇਰੇ ਘਰੋਂ ਮੈਂ ਆਪਣੀ ਔਲਾਦ ਨਾਲ ਦਗਾ ਨਹੀਂ ਕਰਨਾ! ਕਦੇ ਕਿਸੇ ਦੇਵੀ ਨੇ ਇੰਨੀ ਗੱਲ ਕਰੀ ਆ? ਚੂੜਾ ਹੋਣਾ ਚਾਹੀਦਾ ਅਰਕਾਂ ਤਕ ਭਾਵੇਂ ਕਿਸੇ ਤਰ੍ਹਾਂ ਆ ਜਾਏ! ਉਹ ਪਤੀ

ਬੜਾ ਉਚਾ, ਬੜਾ ਲਾਇਕ, ਬੜਾ ਦੇਵਤਾ, ਲੇਕਿਨ ਚਾਲ-ਚਲਨ ਵੱਲ ਕੋਈ ਨਹੀਂ ਵੇਖਦਾ। ਜਿਹੜਾ ਚਾਲ-ਚਲਨ ਦਾ ਗਿਰਿਆ ਹੋਇਆ, ਉਹਦਾ ਅੰਨ ਖਾਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਪ ਲਿਖਿਆ :

"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥

ਪਾਹਿ ਏਤੇ ਪਾਹਿ" ਮਾਇਨੇ ਪਾਪ। ਏਤੇ ਮਾਇਨੇ ਏਨੇ।

ਜਿਹੜੇ ਉੱਤੇ ਗਿਣੇ ਨੇ ਨਾਂ ਬਜਰ ਪਾਪ, ਇੰਨੇ ਪਾਪ ਉਸ ਆਦਮੀ ਨੂੰ ਲੱਗਣਗੇ!

"ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥"

ਹਜ਼ੂਰ ਕਹਿੰਦੇ ਨੇ, ਜੀਹਨੂੰ ਇਕ ਨਾਮ ਵਿਸਰ ਜਾਏਗਾ ਸਤਿਨਾਮੁ ਵਾਹਿਗੁਰੂ ਇਹ ਸਾਰੇ ਬਜਰ ਪਾਪ ਕੱਠੇ ਹੋ ਕੇ ਉਹਨੂੰ ਚੰਬੜ ਜਾਣਗੇ, ਜਿਹਨੂੰ ਭੁੱਲ ਜਾਏਗਾ ਸਤਿਨਾਮੁ ਵਾਹਿਗੁਰੂ। ਇਹ ਬੜਾ ਬਜਰ ਪਾਪ ਹੈ।

"ਐਸੇ ਗੁਨਹਿ ਅਛਾਦਿਓ ਪ੍ਰਾਨੀ॥" (ਅੰਗ ੩੨੬)

ਐਸੇ ਗੁਨਾਹ ਨਾਲ ਭੁਲਾ ਹੋਇਆ ਮਨ
ਅਛਾਦਿਓ ਮਾਇਨੇ, ਢੱਕਿਆ ਹੋਇਆ॥

"ਐਸੇ ਗੁਨਹ ਅਛਾਦਿਓ ਪ੍ਰਾਨੀ॥"

ਖਾਂਦਾ ਵਾਹਿਗੁਰੂ ਦਾ ਦਿੱਤਾ ਤੇ ਪੂਜਾ ਚੌਰਸਤੇ ਦੀ ਕਰਦਾ ਫਿਰਦਾ; ਖਾਂਦਾ ਵਾਹਿਗੁਰੂ ਦਾ ਦਿੱਤਾ ਤੇ ਮੱਥੇ ਚੰਦ੍ਰਮਾ ਨੂੰ ਟੇਕਦਾ ਫਿਰਦਾ, ਖਾਂਦਾ ਵਾਹਿਗੁਰੂ ਦਾ ਦਿੱਤਾ ਤੇ ਪਾਣੀ ਸੂਰਜ ਨੂੰ ਦੇਂਦਾ ਫਿਰਦਾ।

"ਐਸੇ ਗੁਨਹ ਅਛਾਦਿਓ ਪ੍ਰਾਨੀ॥" (ਅੰਗ ੩੨੬)

ਐਸੇ ਗੁਨਾਹ ਨਾਲ ਭੁੱਲੇ ਹੋਏ ਮਨੁੱਖ ਦਾ ਮਨ ਢੱਕਿਆ ਪਿਆ, ਵੇੜਿਆ ਪਿਆ, ਦੱਬਿਆ ਪਿਆ। ਐਸੇ ਪਾਪਾਂ ਨਾਲ ਮਨੁੱਖੀ ਮਨ ***"ਵਜਹੁ ਸਾਹਿਬ ਕਾ ਸੇਵ ਬਿਰਾਨੀ॥"*** (ਉਹੀ) ਖਾਂਦਾ ਵਾਹਿਗੁਰੂ ਦਾ, ਪੂਜਾ ਕਿਸੇ ਹੋਰ ਦੀ ਕਰਦਾ। ਅਸਾਂ ਕਦੇ ਆਪਣੇ ਔਗੁਣਾਂ ਵੱਲ ਤੱਕਿਆ ਈ ਨਹੀਂ। ਕਦੇ ਆਪਣੇ ਔਗੁਣਾਂ ਵਾਲੀ ਫਾਈਲ ਖੋਲ੍ਹੀ ਨਹੀਂ, ਕਦੇ ਆਪਣੇ ਔਗੁਣਾਂ ਵਾਲਾ ਦਫ਼ਤਰ ਖੋਲ੍ਹਿਆ ਈ ਨਹੀਂ। ਮੈਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਨਾਲ ਬਚਨ ਕਰਦਾ ਹਾਂ ਹਜ਼ੂਰ ਇਕ ਹੋਕਾ ਦਿੰਦੇ ਨੇ; ਕੋਠੇ 'ਤੇ ਚੜ੍ਹ ਕੇ ਹੋਕਾ ਦਿੰਦੇ ਨੇ :

"ਗੋਬਿੰਦ ਹਮ ਐਸੇ ਅਪਰਾਧੀ ॥" (ਅੰਗ ੬੭੧)

ਇਕਬਾਲ ਹੈ ਆਪਣੇ ਜੁਰਮਾਂ ਦਾ, ਤਸਲੀਮ ਕੀਤਾ ਹੋਇਆ ਆਪਣੇ ਗੁਨਾਹ ਨੂੰ—ਹੇ ਵਾਹਿਗੁਰੂ! ਅਸੀਂ ਐਹੋ ਜਿਹੇ ਗੁਨਾਹਗਾਰ ਹਾਂ, ਅਸੀਂ ਐਹੋ ਜਿਹੇ ਪਾਪੀ ਹਾਂ, ਅਸੀਂ ਐਡੇ ਐਡੇ ਵੱਡੇ ਅਪਰਾਧ ਕਰਨ ਵਾਲੇ ਅਪਰਾਧੀ ਹਾਂ। ਜਿਸ ਵੇਲੇ ਵਾਰ-ਵਾਰ ਆਖੀਏ, ਗੋਵਿੰਦ ਹਮ ਐਸੇ ਅਪਰਾਧੀ, ਹਮ ਐਸੇ ਅਪਰਾਧੀ ਤੇ ਖਾਹ ਮਖਾਹ ਸੁਆਲ ਪੈਦਾ ਹੋ ਜਾਏਗਾ ਨਾ, ਪਈ ਕੈਸੇ ਅਪਰਾਧੀ ? ਏਸ 'ਕੈਸੇ' ਦਾ ਜੁਆਬ ਹੁਣ ਪਹਿਲੀ

ਤੁਕ ਤੋਂ ਪੜ੍ਹੋ—

"ਕਵਨ ਕਾਜ ਸਿਰਜੇ ਜਗ ਭੀਤਰਿ"... (ਅੰਗ ੬੭੦)

ਸਾਨੂੰ ਵਾਹਿਗੁਰੂ ਨੇ ਕਿਸ ਕੰਮ ਵਾਸਤੇ ਮਨੁੱਖ ਬਣਾ ਕੇ ਦੁਨੀਆਂ ਵਿਚ ਭੇਜਿਆ ਸੀ ? ਇਹ ਅਸਾਂ ਇਕਾਂਤ ਵਿਚ ਬਹਿ ਕੇ ਕਦੇ ਨਹੀਂ ਸੋਚਿਆ ਪਈ ਕਿਸ ਕੰਮ ਵਾਸਤੇ ਮਨੁੱਖ ਬਣਾ ਕੇ ਭੇਜਿਆ ਸੀ। ਕੀ ਸਾਡਾ ਇਹੋ ਈ, ਕੰਮ ਆ ਪਈ ਰਾਤ ਨੂੰ ਰੋਟੀ-ਪਾਣੀ ਖਾਓ, ਛਕੋ ਛਕਾਓ, ਡਕਾਰ ਮਾਰੋ, ਪੱਬ ਵਿਚੋਂ ਹੋ ਆਓ ਤੇ ਸਾਰੀ ਰਾਤ ਬਿਸਤਰੇ ਵਿਚ ਵਟ ਪਾਉਂਦੇ ਰਹੋ, ਉਸਲਵਟੇ ਭੰਨਦੇ ਰਹੋ, ਸਵੇਰੇ ਉਠੋ ਚਾਹ ਪੀਓ, ਨਾਸ਼ਤਾ ਕਰੋ, ਫਿਰ ਕੰਮ 'ਤੇ ਚਲੇ ਜਾਓ ? ਕੀ ਸਾਡਾ ਜੀਵਨ ਤਵੇ ਔਰ ਪਰਾਤ ਉੱਤੇ ਈ ਮੁਕ ਜਾਣਾ ? ਕੀ ਸਾਡਾ ਜੀਵਨ ਕਿਚਨ ਵਿਚ ਈ ਖਤਮ ਹੋ ਜਾਣਾ ? ਕੀ ਸਾਡਾ ਜੀਵਨ ਪਹਿਨਣ ਅਤੇ ਖਾਣ ਵਾਸਤੇ ਈ ਬਖਸ਼ਿਆ ਗਿਆ ? ਕਦੇ ਅਸਾਂ ਨਹੀਂ ਵਿਚਾਰਿਆ ਪਈ ਕਿਸ ਕੰਮ ਵਾਸਤੇ ਵਾਹਿਗੁਰੂ ਨੇ ਸਾਨੂੰ ਚੁਰਾਸੀ ਲੱਖ ਜੂਨ ਦਾ ਬਾਦਸ਼ਾਹ ਬਣਾਇਆ।

"ਕਵਨ ਕਾਜ ਸਿਰਜੇ ਜਗ ਭੀਤਰਿ...॥" (ਉਹੀ)

ਇਹ ਸਾਡਾ ਪਹਿਲਾ ਅਪਰਾਧ ਹੈ :

ਜਨਮਿ ਕਵਨ ਫਲੁ ਪਾਇਆ ॥ (ਉਹੀ)

ਕਿਸ ਫਲ ਦੀ ਪਰਾਪਤੀ ਲਈ, ਕਿਸ ਵਸਤੂ ਨੂੰ ਹਾਸਲ ਕਰਨ ਲਈ ਕਿਹੜੀ ਚੀਜ਼ ਨੂੰ ਗ੍ਰਹਿਣ ਕਰਨ ਲਈ ਸਾਨੂੰ ਮਨੁੱਖਾ ਜਨਮ ਮਿਲਿਆ, ਅਸਾਂ ਕਦੇ ਨਹੀਂ ਵਿਚਾਰਿਆ। ਗਰੀਬ ਨਿਵਾਜ ਸਾਹਿਬ ਸੱਚੇ ਪਾਤਸ਼ਾਹ ਇਕ ਥਾਂ ਬਚਨ ਕਹਿੰਦੇ ਨੇ।

"ਜੋ ਬੈਰਾਈ" ਜਿਹੜੀ ਚੀਜ਼ ਵੈਰਨ ਹੈ, ਜਿਹੜੀ ਚੀਜ਼ ਨੇ ਅੰਤ ਧੋਖਾ ਦੇਣਾ, ਜਿਹੜੀ ਚੀਜ਼ ਨੇ ਅੰਤ ਦਗਾ ਦੇਣਾ :

ਜੋ ਬੈਰਾਈ ਤਾ ਸਿਉ ਪ੍ਰੀਤਿ ॥ (ਅੰਗ ੨੬੭)

ਉਹਦੇ ਨਾਲ ਤੇ ਬੜੀ ਗੂੜ੍ਹੀ ਪ੍ਰੀਤ ਹੈ !

"ਸੰਗਿ ਸਹਾਈ ਸੁ ਆਵੈ ਨ ਚੀਤਿ॥" (ਉਹੀ)

ਜਿਸ ਨੇ ਅੰਤ ਵੇਲੇ ਸਹਾਇਤਾ ਕਰਨੀ ਹੈ ਉਹ ਚੇਤੇ ਨਹੀਂ ਆਉਂਦਾ। ਬੜੀਆਂ ਲੰਮੀਆਂ ਲੰਮੀਆਂ ਅਰਦਾਸਾਂ ਕਰਦੇ ਨੇ, ਬੜੇ ਅਖੰਡ ਪਾਠ ਰਖਾਉਂਦੇ ਨੇ ਵਾਹਿਗੁਰੂ ਕਾਕਾ ਬਖਸ਼ੀ, ਪੁੱਤ ਬਖਸ਼ੀਂ। ਕੋਈ ਅੰਤ ਵੇਲੇ ਸਹਾਇਤਾ ਕਰ ਦੂ ਤੇਰੀ, ਅੰਤ ਵੇਲੇ ਛਡਾ ਲੂ ਜਮਾਂ ਦੇ ਪੰਜੇ 'ਚੋਂ ? ਜਿਹੜੀ ਚੀਜ਼ ਸਾਡੀ ਨਹੀਂ, ਜਿਨ ਸਾਥ ਨਿਭਾਣਾ ਨਹੀਂ ਉਹਦੇ ਵਾਸਤੇ ਅਸੀਂ ਅਰਦਾਸਾਂ ਬੜੀਆਂ ਕਰਨੇ ਆਂ। ਵਾਹਿਗੁਰੂ ! ਸਾਡਾ ਬੈਂਕ ਬੈਲਿੰਸ ਬਣ ਜਾਏ ! ਵਾਹਿਗੁਰੂ ! ਸਾਡੀਆਂ ਪੰਦਰਾਂ ਦੁਕਾਨਾਂ ਹੋ ਜਾਣ ! ਵਾਹਿਗੁਰੂ ਸਾਡਾ ਬੜਾ ਵੱਡਾ ਕੰਮ ਹੋ ਜਾਏ ! ਵਾਹਿਗੁਰੂ ! ਅਸੀਂ ਹੋਰ ਜ਼ਮੀਨ ਖਰੀਦ ਲਈਏ ! ਗੁਆਂਢੀਆਂ ਦਾ ਕੱਖ ਨਾ ਰਹੇ ! ਸਭ ਸਿਆੜ ਸਾਡੇ ਈ ਹੋ ਜਾਣ ! ਇਹੋ ਜਿਹੀਆਂ ਚੀਜ਼ਾਂ ਤੇ ਅਸੀਂ ਮੰਗਦੇ ਆਂ ਵਾਹਿਗੁਰੂ ਕੋਲੋਂ ਪਰ ਕੋਈ ਵਿਰਲਾ ਗੁਰੂ ਕਾ ਸਿੱਖ ਹੋਵੇਗਾ,

ਕੋਈ ਵਿਰਲੀ ਕਾਕੀ ਬੱਚੀ ਹੋਵੇਗੀ ਜਿਹੜੀ ਇਹ ਗੱਲ ਕਹੇ ਕਿ ਗ੍ਰੰਥੀ ਸਿੰਘ ਜੀ, ਮੇਰੇ ਵਾਸਤੇ ਅਰਦਾਸ ਕਰਿਓ ਕਿ ਸਤਿਗੁਰੂ ਮੈਨੂੰ ਨਾਮ ਦਾਨ ਬਖਸ਼ੇ, ਸਤਿਗੁਰੂ ਮੇਰੀ ਝੋਲੀ ਵਿਚ ਨਾਮ ਦਾ ਦਾਨ ਪਾਵੇ ! ਝੂਠਾ ਮੰਗਣ ਮੰਗਦੇ ਹਾਂ, ਨਾਮ ਦਾ ਦਾਨ ਅਸੀਂ ਨਹੀਂ ਮੰਗਦੇ। ਸਾਨੂੰ ਕਿਹੜੇ ਫਲ ਦੀ ਪ੍ਰਾਪਤੀ ਵਾਸਤੇ ਮਨੁੱਖਾ ਜਨਮ ਮਿਲਿਆ, ਇਹ ਅਸਾਂ ਨਹੀਂ ਸੋਚਿਆ। ਇਹ ਸਾਡਾ ਦੂਜਾ ਅਪਰਾਧ ਹੈ ਤੇ :

"ਭਵ ਨਿਧਿ ਤਰਨ ਤਾਰਨ ਚਿੰਤਾਮਨਿ
ਇਕ ਨਿਮਖ ਨ ਇਹੁ ਮਨੁ ਲਾਇਆ॥" (ਅੰਗ ੬੭੦-੭੧)

ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਲਾ ਜੋ ਚਿੰਤਾਮਣੀ ਸਤਿਨਾਮ ਵਾਹਿਗੁਰੂ ਹੈ ਉਹਦੇ ਨਾਮ ਨਾਲ ਅਸਾਂ ਇਕ ਮਿੰਟ ਦਾ ਮਿੰਟ ਵੀ ਮਨ ਨਾ ਜੋੜਿਆ। ਉਹਦੇ ਨਾਲ ਅਸੀਂ ਇਕ ਮਿੰਟ ਵੀ ਇਕਾਗਰ ਨਾ ਹੋਏ ਲੀਨ ਨਾ ਹੋਏ। ਇਹ ਸਾਡਾ ਤੀਸਰਾ ਅਪਰਾਧ ਹੈ :

ਗੋਬਿੰਦ ਹਮ ਐਸੇ ਅਪਰਾਧੀ ॥ ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ
ਤਿਸ ਕੀ ਭਾਉ ਭਗਤਿ ਨਹੀ ਸਾਧੀ ॥" (ਅੰਗ ੬੭੧)

ਜਿਸ ਵਾਹਿਗੁਰੂ ਨੇ ਸਾਨੂੰ ਪਿੰਡ ਮਾਇਨੇ ਵਜੂਦ ਦਿੱਤਾ; ਦੇਹੀ ਦਿੱਤੀ; ਇਹਦੇ ਵਿਚ ਜੀਵਆਤਮਾ ਪਾਈ, ਉਹਦੀ ਕਦੇ ਅਸੀਂ ਪ੍ਰੇਮਾ ਭਗਤੀ ਨਹੀਂ ਕੀਤੀ। ਇਹ ਸਾਡਾ ਚੌਥਾ ਅਪਰਾਧ ਹੈ :

ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੑੋ ਮੈ ਫੇਰਾ॥
(ਉਹੀ)

ਇਹ ਸਾਡਾ ਪੰਜਵਾਂ ਅਪਰਾਧ ਹੈ ਜਿਹਨੂੰ ਅਸੀਂ ਕਦੇ ਵਿਚਾਰਦੇ ਨਹੀਂ। ਆਪਣੀ ਮਿਸਲ ਨੂੰ ਕਦੇ ਦੇਖਿਆ ਈ ਨਹੀਂ। ਇਕ ਛੋਟੀ ਜਹੀ ਪੁਸਤਕ ਹੈ 'ਗੋਬਿੰਦ ਗੀਤ।' ਉਹਨੂੰ ਮੈਂ ਪੜ੍ਹਿਆ, ਉਹਦੇ ਵਿਚ ਬਚਨ ਕਰਦਾ ਉਸ ਦਾ ਮੁਸੱਨਫ, ਉਸ ਦਾ ਕਰਤਾ, ਉਸ ਦਾ ਲਿਖਾਰੀ। ਕਹਿੰਦਾ :

"ਬਨਾ ਹਾਫਜ ਪੜ੍ਹੇ ਮਸਲੇ"

ਹਾਫਜ ਮਾਇਨੇ ਕਿਸੇ ਚੀਜ਼ ਨੂੰ ਹਿਫਜ ਕਰ ਲੈਣ ਵਾਲਾ। ਜਿਹਨੂੰ ਕੁਰਾਨ ਸਾਰਾ ਯਾਦ ਹੋ ਜਾਏ ਉਹਨੂੰ ਮੁਸਲਮਾਨ ਹਾਫਜ ਕਹਿੰਦੇ ਨੇ ਪਈ ਇਹਨੂੰ ਕੁਰਾਨ ਹਿਫਜ ਹੈ, ਇਹ ਹਾਫਜ ਬਣ ਗਿਆ, ਇਲਮਦਾਰ ਬਣ ਗਿਆ; ਬੜਾ ਵੱਡਾ ਆਲਮ ਬਣ ਗਿਆ।

ਪੜ੍ਹੇ ਮਸਲੇ ਸੁਨਾਏ ਦੂਸਰੋਂ ਕੋ ਭੀ
ਪਰ ਦਿਲੇ ਅਪਨਾ ਨਾ ਸਕ ਟੂਟਾ
ਅਜਾਇਬ ਜਿਹ ਮਸਾਲਦ ਹੈ
ਮੁਕੱਦਮੇ ਗੈਰ ਲੋਕੋਂ ਕੇ ਹਜਾਰੋਂ ਕਰ ਦੀਏ ਫੈਸਲ
ਨਾ ਦੇਖਾ ਮਿਸਲ ਆਪਨੀ ਕੋ

ਅਜਾਇਬ ਯਿਹ ਅਦਾਲਤ ਹੈ।"

ਕਹਿੰਦਾ, ਮਜੈਸਟਰੇਟ ਹੋ ਗਿਆਂ ! ਬੜੇ ਮੁਕੱਦਮੇ ਫੈਸਲੇ ਕੀਤੇ ਨੇ। ਓ ਕਦੇ ਆਪਣੀ ਫਾਇਲ ਨੂੰ ਵੀ ਦੇਖਿਆ ਈ ? ਆਪਣਾ ਇਮਾਲਨਾਮਾ ਵੀ ਦੇਖਿਆ ਈ ? ਕਦੇ ਅੰਦਰ ਵੀ ਝਾਤੀ ਮਾਰੀ ਉ ਕਿ ਮੇਰੇ ਕਿੰਨੇ ਕੁ ਗੁਨਾਹ ਨੇ ? ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਹੋਕਾ ਦੇ ਕੇ ਕਹਿ ਰਹੇ ਨੇ ਪਿਆਰਿਓ !

ਜਿਹ ਘਰਿ ਕਥਾ ਹੋਤ ਹਰਿ ਸੰਤਨ
ਇਕ ਨਿਮਖ ਨ ਕੀਨੋ ਮੈ ਫੇਰਾ ॥

(ਅੰਗ ੬੭੧)

ਜਿਥੇ ਵਾਹਿਗੁਰੂ ਦੇ ਨਾਮੁ ਦੀ ਅੰਮ੍ਰਿਤ ਕਥਾ ਹੁੰਦੀ ਹੈ ਉਥੇ ਤੇ ਮੈਂ ਮਿੰਟ ਭੀ ਭਰ ਫੇਰਾ ਨਹੀਂ ਪਾਇਆ, ਉਥੇ ਤੇ ਮੈਂ ਸਕਿੰਟ ਭਰ ਜਾ ਕੇ ਨਹੀਂ ਬੈਠਾ, ਉਸ ਕਥਾ ਨਾਲ ਮੈਨੂੰ ਪਿਆਰ ਈ ਨਹੀਂ ਆਇਆ, ਸ਼ਰਧਾ ਈ ਨਹੀਂ ਉਪਜੀ !

ਲੰਪਟ ਚੋਰ ਦੂਤ ਮਤਵਾਰੇ...॥ (ਅੰਗ ੬੭੧)

ਲੰਪਟ ਮਾਇਨੇ ਲੋਭੀ, ਚੋਰ ਮਾਇਨੇ ਚੋਰੀਆਂ ਕਰਨ ਵਾਲੇ, ਦੂਤ ਮਾਇਨੇ ਲੂਤੀਆਂ ਲਾਉਣ ਵਾਲੇ, ਚੁਗਲੀਆਂ ਕਰਨ ਵਾਲੇ, ਮਤਵਾਰੇ ਮਾਇਨੇ ਅਲਬੇਲੇ ।

ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥
ਗੋਬਿੰਦ ਹਮ ਐਸੇ ਅਪਰਾਧੀ ॥ (ਉਹੀ)
ਗੋਬਿੰਦ ਹਮ ਐਸੇ ਅਪਰਾਧੀ ॥

ਕਾਮ=ਹੇ ਵਾਹਿਗੁਰੂ ! ਇਹ ਸਾਡੇ ਵਿਚ ਮੌਜੂਦ ਹੈ ਕ੍ਰੋਧ=ਇਹ ਸਾਡੇ ਵਿਚ ਹੈ ਮੌਜੂਦ ਹੈ । ਗੁੱਸਾ ਸਾਡੇ ਵਿਚ ਐਨ ਭਰਿਆ ਪਿਆ।

ਮਾਇਆ ਮਦ=ਮਾਇਆ ਕਾ ਨਸ਼ਾ ਮਾਇਆ ਕੀ ਮਸਤੀ, ਇਹ ਸਾਡੇ ਵਿਚ ਹੈ। ਮਤਸਰ=ਈਰਖਾ ਸਾਡੇ ਵਿਚ ਹੈ ਕਿਸੇ ਦੂਜੇ ਭਰਾ ਦਾ ਕੰਮ-ਕਾਜ ਚਲਦਿਆਂ ਵੇਖ ਕੇ ਸੜ-ਬਲ ਕੇ ਕੋਇਲਾ ਹੋ ਜਾਣਾ ਕਿ ਕਦੋਂ ਇਹਦਾ ਬੇੜਾ ਗਰਕ ਹੋਵੇ, ਇਹਨੇ ਠੂਠਾ ਫੜਿਆ ਹੋਵੇ, ਮੰਗਦਾ ਵੇਖੀਏ, ਇਹ ਈਰਖਾ ਸਾਡੇ 'ਚ ਹੈ :

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥ (ਉਹੀ)

ਇਹ ਸਮੱਗਰੀ ਸਾਡੇ ਅੰਦਰ ਹੈ ਏ, ਔਗੁਣ ਸਾਰੇ ਸਾਡੇ ਅੰਦਰ ਮੌਜੂਦ ਹਨ। ਤੇ ਘਾਟਾ ਕਾਹਦਾ ?

ਦਇਆ ਧਰਮੁ ਅਰੁ ਗੁਰ ਕੀ ਸੇਵਾ"

ਦਇਆ ਪਾਲਣੀ, ਧਰਮ ਕਰਨਾ, ਗੁਰੂ ਦੀ ਸੇਵਾ ਕਰਨੀ । (ਉਹੀ)

"ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥"

ਇਹ ਚੰਗੀਆਂ ਚੀਜ਼ਾਂ ਸੁਪਨੇ ਅਮਦਰ ਸਾਡੇ ਅੰਦਰ ਨਹੀਂ ਆਈਆਂ ।

"ਗੋਬਿੰਦ ਹਮ ਐਸੇ ਅਪਰਾਧੀ" ॥ (ਉਹੀ)

ਜਿਨ੍ਹਾਂ ਦੇ ਅੰਦਰ ਕੋਈ ਲਗਨ ਹੈ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ

ਦਾ ਧਿਆਨ ਧਰੋ ! ਖਡੂਰ ਸਾਹਿਬ ਆਪ ਬਰਾਜ ਰਹੇ ਨੇ ! ਤਮਾਮ ਦੇਸ ਦਿਸਾਂਤਰਾਂ ਦੀਆਂ ਸੰਗਤਾਂ ਆਉਂਦੀਆਂ ਨੇ। ਕਲਿਆਣ ਹੋ ਰਹੀ ਏ ! ਭੁੱਲੇ ਹੋਏ ਜੀਵਾਂ ਦੀ। ਸਾਰੇ ਖਡੂਰ ਸਾਹਿਬ ਵਿਚ ਗਹਿਮਾ-ਗਹਿਮ ਤੇ ਉਸ ਵੇਲੇ ਇਕ ਬ੍ਰਾਹਮਣ ਹੋਇਆ। ਉਸ ਦਾ ਨਾਮ ਸੀ ਪੰਡਤ ਜੋਧ ਰਾਮ । ਛੇ ਸਾਸਤ੍ਰ ਜ਼ੁਬਾਨੀ ਯਾਦ ਸਨ ਉਹਨੂੰ। ਅੱਜਕਲ੍ਹ ਤੇ ਮੈਂ ਵੇਖ ਕੇ ਸਿੱਖਾਂ ਦੇ ਮੁੰਡਿਆਂ ਵੱਲ ਬੜਾ ਹੈਰਾਨ ਆਂ ਜਿਸ ਨੂੰ ਦੋ ਕੁ ਕਵਿਤਾ ਯਾਦ ਆ ਜਾਂਦੀਆਂ ਨਾ ਵਿਧਾਤਾ ਸਿੰਘ ਤੀਰ ਦੀਆਂ, ਉਹ ਫਿਰ ਆਪਣੇ ਆਪ ਨੂੰ ਵੇਦ ਵਿਆਸ ਈ ਸਮਝਦਾ । ਜਿਹਨੂੰ ਕੌਡੇ ਰਾਖਸ਼ ਦੀ ਕਹਾਣੀ ਬਿਆਨ ਕਰਨੀ ਆ ਜਾਏ ਨਾ, ਉਹ ਫਿਰ ਆਪਣੇ ਆਪ ਨੂੰ ਸਰਸਵਤੀ ਦੇਵੀ ਸਮਝਦਾ । ਜਿਹਨੂੰ ਵਾਜੇ 'ਤੇ ਹੱਥ ਰੱਖਣਾ ਕਿਤੇ ਆ ਗਿਆ ਨਾ-*'ਆ ਗਿਆ ਬਾਬਾ ਵੈਦ ਰੋਗੀਆਂ ਦਾ'*। ਟੁੱਟੀ-ਫੁੱਟੀ ਤਰਜ ਕੱਢਣੀ ਆ ਜਏ ਤਾਂ ਆਖਦਾ, ਕਿਥੇ ਐ ਵਿਸ਼ਨੂੰ ਦਿਗੰਬਰ ? ਲਿਆ ਤੇ ਸਈ ਮੇਰੇ ਸਾਹਮਣੇ ! ਜੇ ਮੇਰੇ ਸਾਹਮਣੇ ਸੁਰ ਦੱਬ ਜਾਏਗਾ ਤਾਂ ਆਖੀਂ! ਹੰਕਾਰ ਦੇ ਕਿੰਗਰੇ ਉੱਤੇ ਖੇਡਦੇ ਆ । ਜਿਹੜੀ ਸਿੱਖ ਵਿਚ ਨਿਮਰਤਾ ਸੀ ਨਾ:

> **"ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ ।**
> **ਗੁਰੂ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।**
> **ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ।**
> **ਸੰਕਾ ਮਨਹੁ ਮਿਟਾਇ ਕੈ ਗੁਰੁਸਿੱਖਾਂ ਦੀ ਸੇਵ ਕਰੰਦਾ ।**

(ਵਾਰ ੪੦ : ੧੧)

ਕੀ ਅਸੀਂ ਛਾਤੀ 'ਤੇ ਹੱਥ ਰੱਖ ਕੇ ਆਪਣੇ ਇਮਾਨ ਨਾਲ ਇਹ ਗੱਲ ਕਹਿ ਸਕਦੇ ਆਂ ਕਿ ਸਾਡੇ ਦਿਲ ਵਿਚ ਸ਼ੰਕਾ ਹੈ ਨਹੀਂ ? ਦੁਹਾਈ ਰੱਬ ਦੀ ! ਜੇ ਆਖਾਂਗੇ ਤਾਂ ਝੂਠ ਆਖਾਂਗੇ । ਜਿਹਦੇ ਅੰਦਰੋਂ ਸ਼ੰਕਾ ਮਿਟ ਗਈ ਏ, ਉਹਦੇ ਚਰਨ ਧੋ ਕੇ ਪੀਉ! ਮੈਂ ਜਿੱਦਣ ਦਾ ਯੂ. ਕੇ. ਵਿਚ ਆਇਆ ਨਾਂ, ਮੈਨੂੰ ਕਈ ਸਿੱਖ ਮਿਲੇ, 'ਮਹਾਰਾਜ, ਭਾਈ ਸਾਹਿਬ ਜੀ, ਬਾਬਾ ਜੀ, ਸਾਡੇ ਗੁਰਦੁਆਰੇ ਨਹੀਂ ਆਉਣਾ ?" ਮੈਂ ਆਖਿਆ, 'ਨਹੀਂ, ਮੈਂ ਤੇਰੇ ਗੁਰਦੁਆਰੇ ਕੀ ਲੈਣ ਜਾਣਾ ? ਜਿਹੜਾ ਗੁਰਦੁਆਰਾ ਈ ਤੇਰਾ, ਜਿਥੋਂ ਬਾਬੇ ਨਾਨਕ ਦਾ ਡੇਰਾ ਈ ਚੁੱਕਿਆ ਗਿਆ, ਤੇਰਾ ਗੁਰਦੁਆਰਾ ਜੇ ਗੁਰਦੁਆਰਾ ਏ ਤੇ ਫਿਰ ਉਹਨੂੰ ਲਿਖ ਗੁਰਦੁਆਰਾ ਜਾਂ ਲਿਖ ਸਾਡਾ ਗੁਰਦੁਆਰਾ, ਝਿਊਰਾਂ ਦਾ ਗੁਰਦੁਆਰਾ, ਮਜ਼ਬੀ ਗੁਰਦੁਆਰਾ, ਸਾਂਸੀ ਗੁਰਦੁਆਰਾ । ਫਿਰ ਏਦਾਂ ਲਿਖ ! ਫਿਰ ਗੁਰਦੁਆਰਾ ਕਾਹਨੂੰ ਲਿਖਦਾਂ ? ਹੋਵੇ ਗੁਰਦੁਆਰਾ ਤੇ ਤੂੰ ਉਹਨੂੰ ਆਖੇਂ ਸਾਡਾ ਗੁਰਦੁਆਰਾ ? ਤੇਰੇ ਅੰਦਰੋਂ ਤੇ ਸ਼ੰਕਾ ਨਹੀਂ ਗਿਆ, ਤੇਰੇ ਅੰਦਰੋਂ ਤੇ ਅਜੇ ਦੂਜ ਤੀਜ ਨਹੀਂ ਗਈ, ਤੇਰੇ ਅੰਦਰੋਂ ਤੇ ਅਜੇ ਦੁਬਿਧਾ ਨਹੀਂ ਗਈ ! ਤੇਰੇ ਅੰਦਰ 'ਤੇ ਅਜੇ ਸਮਾਨਤਾ ਵਾਲਾ ਨੁਕਤਾ ਈ ਨਹੀਂ ਆਇਆ ! ਗੁਰੂ ਕੇ ਸਿੱਖ ਦੀ ਤਾਰੀਫ਼ ਕਰ ਰਹੇ ਨੇ ਸਾਹਿਬ। ਸਿੱਖ ਕਦੋਂ ਬਣਦਾ ?

"ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ।
ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ ।"

(ਵਾਰ ੪੦ : ੧੧)

ਬਿਰਤੀ ਉਚੀ ਸ਼ਬਦ ਨਾਲ ਜੁੜੀ ਹੋਈ । ਕਿਰਤ ਧਰਮ ਦੀ ਕਰਦਾ । ਪ੍ਰਸ਼ਾਦ ਘਰੋਂ ਪਕਾ ਕੇ ਲਿਆਉਂਦਾ, ਰੋਟੀਆਂ ਦਾਲ ਘਰੋਂ ਬਣਾ ਕੇ ਲਿਆਉਂਦਾ । ਗੁਰਦੁਆਰੇ ਵਿਚ ਲਿਆ ਕੇ ਆਏ ਗਏ ਲੂਲ੍ਹਿਆਂ, ਲੰਗੜਿਆਂ, ਭੁੱਖਿਆਂ ਪਿਆਸਿਆਂ, ਰਾਗੀਆਂ ਪਾਂਧੀਆਂ ਨੂੰ ਛਕਾਉਂਦਾ :

"ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।" (ਉਹੀ)

ਲੋੜਵੰਦਾਂ ਨੂੰ ਵੰਡ ਕੇ ਜੇ ਬਚ ਜਾਏ ਤੇ ਆਪ ਛਕ ਲੈਂਦਾ ਨਈਂ ਤੇ ਚੁੱਪ ਕਰ ਕੇ ਘਰ ਚਲਿਆ ਜਾਂਦਾ । ਇਹ ਸੀ ਗੁਰਸਿੱਖੀ ਦੀ ਤਾਰੀਫ਼ ! ਅਸੀਂ ਏਡੇ ਉੱਚੇ ਹੋਏ ਨਾ, ਮੇਰ-ਤੇਰ ਅੰਦਰੋਂ ਗਈ ਨਾ । ਇਹ ਜੋਧ ਰਾਮ ਦੀ ਵੀ ਮੇਰ ਤੇਰ ਨਹੀਂ ਮਿਟੀ। ਕਿਸੇ ਆਦਮੀ ਦਾ ਪਰਛਾਵਾਂ ਆ ਜਾਏ ਤੇ ਇਹ ਸਣੇ ਕੱਪੜੀਂ ਨਾਉਣ ਚਲੇ ਜਾਂਦਾ ਸੀ, ਪਈ ਜੀਹਦਾ ਮੈਨੂੰ ਪਰਛਾਵਾਂ ਆਇਆ, ਖਬਰੇ ਸ਼ੂਦਰ ਏ ਜਾਂ ਵੈਸ਼ ਏ ? ਕੀ ਪਤਾ ਨਾਈ, ਝਿਊਰ, ਛੀਂਬਾ ਏ ? ਕੀ ਪਤਾ ਕੌਣ ਹੈ ? ਮੇਰਾ ਜਨਮ ਭਰੱਸ਼ਟ ਹੋ ਗਿਆ ਤੇ ਜਨਮ ਨੂੰ ਸ਼ੁਧ ਕਰਦਾ ਸੀ ਪਾਣੀ ਵਿਚ ਨ੍ਹਾ ਕੇ । ਬਾਪੂ ਤੇ ਮੇਰਾ ਕਹਿੰਦਾ :

"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥"

ਜੇ ਪਾਣੀ ਵਿਚ ਨ੍ਹਾਤਿਆਂ ਕਲਿਆਣ ਹੋ ਜਾਵੇ ਤਾਂ ਫਿਰ ਡੱਡੂ ਤਾਂ ਪਾਣੀ 'ਚੋਂ ਨਿਕਲਦਾ ਈ ਨਹੀਂ ! ਫਿਰ ਵੱਡਾ ਮੁਕਤੀ ਦਾ ਹੱਕਦਾਰ ਇਹੋ ਈ ਸਮਝਣਾ ਚਾਹੀਦਾ ! ਜਿਸ ਵੇਲੇ ਇਹਦੀ ਚਾਲ੍ਹੀਆਂ ਪੰਜਤਾਲੀਆਂ ਵਰ੍ਹਿਆਂ ਦੀ ਉਮਰ ਹੋਈ ਨਾਂ ਤੇ ਇਹਨੂੰ ਪਤਾ ਲੱਗਾ ਕਿ ਜੋਧਰਾਮਾ, ਤੂੰ ਤੇ ਬਿਮਾਰ ਏਂ, ਤੇਰਾ ਤੇ ਮਨ ਰੋਗੀ ਏ, ਤੇਰੇ ਮਨ ਨੂੰ ਤੇ ਬੜਾ ਅਹਿਮ, ਬੜਾ ਕੱਟੜ ਬੜਾ ਭੈੜਾ ਰੋਗ ਲੱਗਾ ਹੋਇਆ, ਤੂੰ ਤੇ ਰੱਬ ਦੀ ਰਚਨਾ ਨੂੰ ਪਿਆਰ ਨਾਲ ਨਹੀਂ ਵੇਖ ਸਕਦਾ, ਇਹਨੇ ਫਿਰ ਦਾਨਿਆਂ ਪਰਧਾਨਿਆਂ ਨੂੰ ਪੁੱਛਣਾ ਸ਼ੁਰੂ ਕੀਤਾ, ਪਈ ਪਿਆਰਿਓ ! ਮੈਨੂੰ ਕੋਈ ਐਸਾ ਹਕੀਮ ਦੱਸੋ ਜਿਹੜਾ ਮੇਰੇ ਮਨ ਨੂੰ ਤੰਦਰੁਸਤ ਕਰ ਦਏ, ਮੇਰੇ ਮਨ ਦਾ ਰੋਗ ਮਿਟਾ ਦਏ, ਮੇਰੇ ਮਨ ਵਿਚੋਂ ਪਰਾਈ ਤਾਤ ਕੱਢ ਦਏ, ਮੇਰੇ ਮਨ ਵਿਚੋਂ ਦੁਬਿਧਾ ਕੱਢ ਦਏ, ਮੇਰਾ ਮਨ ਐਨ ਧੋ ਕੇ ਸਾਫ ਕਰਕੇ ਸ਼ੁੱਧ ਸਰੂਪ ਕਰ ਦਏ ! ਕੋਈ ਐਸਾ ਹਕੀਮ ਦੱਸੋ ! ਪੁੱਛਦਿਆਂ ਪੁੱਛਦਿਆਂ ਇਕ ਦਿਨ ਕਿਸੇ ਸਿੱਖ ਨੂੰ ਪੁੱਛ ਬੈਠਾ ਤੇ ਸਿੱਖ ਨੇ ਆਖਿਆ, ਜੋਧਰਾਮਾ ! ਜੇ ਤੈਨੂੰ ਆਪਣੇ ਮਨ ਦਾ ਇਲਾਜ ਕਰਨ ਦਾ ਧਿਆਨ ਆ ਗਿਆ ਨਾਂ ਤੇ ਮਨ ਦੇ ਰੋਗ ਨਾਸ ਕਰਨ ਵਾਲਾ ਡਾਕਟਰ ਖਡੂਰ ਸਾਹਿਬ ਰਹਿੰਦਾ। ਖਡੂਰ ਨੂੰ ਭਾਗ ਲਾਏ ਹੋਏ ਹਨ ।

ਜੋਤ ਸ੍ਰੀ ਗੁਰੂ ਨਾਨਕ ਦੀ ਐ। ਜਾਮੇ ਵਿਚ ਤਬਦੀਲੀ ਹੈ। ਸ੍ਰੀ ਮਾਨ ਸਤਿਕਾਰ ਯੋਗ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬਚਨ ਲਿਖਿਆ ਹੈ :

"ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।"

(ਵਾਰ ੧ : ੪੬)

ਖਡੂਰ ਵਿਚ ਜੋਤ ਜਗ ਰਹੀ ਓ ! ਜਾਹ ਉਥੇ ਜਾ ਕੇ ਦਰਸ਼ਨ ਕਰ ! ਆਪਣੇ ਮਨ ਦੀ ਵਿਥਿਆ ਸੁਣਾ ! ਦਇਆਲੂ ਹੋ ਗਿਆ ਸਾਹਿਬ ਤਾਂ ਤੇਰੇ ਮਨ ਨੂੰ ਤੰਦਰੁਸਤ ਕਰ ਦਏਗਾ ! ਜਿਸ ਵੇਲੇ ਜੋਧਰਾਮ ਆਇਆ ਸ੍ਰੀ ਖਡੂਰ ਸਾਹਿਬ, ਜਿੱਦਾਂ ਤੁਸੀਂ ਬੈਠੇ ਓ ਗੁਰੂ ਕੇ ਦਰਬਾਰ ਵਿਚ ਸਮਾਧੀਆਂ ਲਾਈ—ਏਸ ਤਰ੍ਹਾਂ ਗੁਰੂ ਕੀ ਸੰਗਤ ਦੇਸ-ਦੇਸਾਂਤਰਾਂ ਦੀ ਬੈਠੀ ਹੋਈ। ਮਾਈ ਭਾਈ ਬੈਠੇ ਹੋਏ। ਹਰ ਇਕ ਦਾ ਮਨ ਝੂਮਦਾ। ਹਰ ਇਕ ਦੇ ਅੰਦਰ ਕੋਈ ਬੇਨਜੀਰ ਤਾਂਘ ਹੈ। ਹਰ ਇਕ ਦੇ ਉੱਚੇ ਬੜੇ ਸੁਧ ਪਿਆਰੇ ਵਲਵਲੇ ਨੇ ਤੇ ਦਰਬਾਰ ਵਿਚ ਇਕ ਧੁਨ ਲੱਗੀ ਹੋਈ ਏ ਧੁਨ :

"ਕਿਆ ਉਪਮਾ ਤੇਰੀ ਆਖੀ ਜਾਇ॥
ਕਿਆ ਉਪਮਾ ਤੇਰੀ ਆਖੀ ਜਾਇ॥"
"ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥
ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ॥੧॥
ਕਿਆ ਉਪਮਾ ਤੇਰੀ ਆਖੀ ਜਾਇ॥
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥"

(ਅੰਗ ੩੫੦)

ਜੋਧਰਾਮ ਨੇ ਪਹਿਲੇ ਦਿਨ ਬਾਣੀ ਸੁਣੀ ਤਾਂ ਐਸਾ ਅਸਰ ਹੋਇਆ ਮਨ 'ਤੇ, ਸਤਿਗੁਰਾਂ ਨੂੰ ਪੁੱਛਿਆ ? ਨਹੀਂ। ਕਿਸੇ ਸਿੱਖ ਨੂੰ ? ਨਹੀਂ, ਬਾਬੇ ਬੁੱਢੇ ਨੂੰ ਪੁੱਛਿਆ ? ਨਹੀਂ। ਆਪਣੇ ਆਪ ਜੇਬ ਵਿਚੋਂ ਰੁਮਾਲ ਕੱਢ ਕੇ ਤੇ ਗੁਰਸਿੱਖਾਂ ਦੇ ਚਮੜੇ ਦੇ ਜੋੜੇ ਲੱਗ ਪਿਆ ਸਾਫ਼ ਕਰਨ। ਜਿਹੜਾ ਪਰਛਾਵਿਓਂ ਡਰਦਾ ਸੀ ਉਹ ਪਹਿਲੇ ਦਿਨ ਦੇ ਅਸਰ ਨਾਲ ਜੋੜੇ ਲੱਗ ਪਿਆ ਸਾਫ ਕਰਨ। ਸਿੱਖਾਂ ਦੇ ਕੱਪੜੇ ਲੱਗ ਪਿਆ ਧੋਣ। ਲੰਗਰ ਦੇ ਜੂਠੇ ਭਾਂਡੇ ਲੱਗ ਪਿਆ ਮਾਂਜਣ। ਇਕ ਦਿਨ ਦੇ ਸੁਣੇ ਹੋਏ ਕੀਰਤਨ ਨੇ, ਇਕ ਦਿਨ ਦੀ ਸੁਣੀ ਹੋਈ ਬਾਣੀ ਨੇ ਜੋਧ ਰਾਮ ਦਾ ਮਨ ਬਦਲ ਦਿੱਤਾ। ਜੈ ਜੈ ਕਾਰ ਹੋਣ ਲੱਗ ਪਈ। ਖਡੂਰ ਸਾਹਿਬ ਦੇ ਗੁਰਦੁਆਰੇ ਦੇ ਵਿਹੜੇ ਵਿਚ ਇਕ ਲੰਮਾ ਜਿਹਾ ਥੜ੍ਹਾ ਬਣਵਾ ਲਿਆ ਭਾਈ ਜੋਧ ਰਾਮ ਨੇ। ਸਿੱਖਾਂ ਨੂੰ ਆਖ ਕੇ ਥੜ੍ਹਾ ਬਣਵਾ ਲਿਆ। ਉਹਨੂੰ ਲਿਪੇ ਪੋਚੇ, ਐਨ ਸਾਫ ਰੱਖੇ। ਤੇ ਸੰਗਤ ਨੂੰ ਬੇਨਤੀ ਕੀਤੀ, 'ਮਹਾਰਾਜ, ਪ੍ਰਸ਼ਾਦ ਪਾਣੀ ਛਕ ਕੇ ਜੂਠੇ ਡੂਨੇ, ਜੂਠੀਆ ਪੱਤਲਾਂ, ਕਟੋਰੇ, ਥਾਲੀਆਂ, ਬਰਤਨ ਏਸ ਥੜ੍ਹੇ ਉੱਤੇ ਰੱਖਿਆ ਕਰੋ ਤਾਂ ਕਿ ਗੁਰਦੁਆਰੇ ਦੇ ਵਿਹੜੇ ਵਿਚ ਗੰਦ ਨਾ ਜਾਪੇ ! ਕਰਨੀ

ਵਾਲਾ ਸਿੱਖ ਬਣ ਗਿਆ ਸੀ। ਸੰਗਤ ਨੇ ਉਹਦੀ ਬੇਨਤੀ ਪ੍ਰਵਾਨ ਕਰ ਲਈ। ਸਾਰੇ ਬਰਤਨ ਥੜ੍ਹੇ 'ਤੇ ਰੱਖ ਦੇਣੇ। ਜਿਥੋਂ ਤਕ ਗੁਰਸਿੱਖੀ ਸੀ ਚਾਰ-ਚੁਫੇਰੇ ਭਾਈ ਜੋਧ ਰਾਮ ਦੀ ਜੈ ਜੈ ਕਾਰ ਹੋਣ ਲੱਗ ਪਈ ਤੇ ਜਿਹੜੇ ਸੜੇ ਹੋਏ ਸਨ ਈਰਖਾ ਵਾਲੇ-ਬਾਹਰੋਂ ਸਿੱਖ ਤੇ ਅੰਦਰੋਂ ਈਰਖਾ, ਬਾਹਰੋਂ ਸਿੱਖ ਤੇ ਅੰਦਰੋਂ ਵੈਰੀ, ਸ਼ਕਲ ਸਿੱਖਾਂ ਵਾਲੀ ਤੇ ਉਂਜ ਸਿੱਖੀ ਦੇ ਦੁਸ਼ਮਣ ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਕੋਲ ਸ਼ਕਾਇਤ ਕੀਤੀ ਕਿ ਜਿਹੜੇ ਜੋਧਰਾਮ ਦੀ ਜੈ ਜੈ ਕਾਰ ਹੋ ਰਹੀ ਹੈ ਇਹ ਤੇ ਮਨਮਤੀਆ ਹੈ ! ਗੁਰੂ ਅੰਗਦ ਸਾਹਿਬ ਕਹਿਣ ਲੱਗੇ, 'ਮਨ ਮਤੀਆ ਗੁਰੂ ਕੇ ਦਰਬਾਰ ਵਿਚ ਨਹੀਂ ਰਹਿ ਸਕਦਾ। ਬੁਲਾਓ !' ਜੋਧ ਰਾਮ ਬੁਲਾਇਆ ਗਿਆ। ਹਜ਼ੂਰ ਕਹਿਣ ਲੱਗੇ, 'ਜੋਧ ਰਾਮ। ਸਿੱਖ ਕਹਿੰਦੇ ਨੇ ਤੂੰ ਮਨਮਤੀਆ। ਕਿਉਂ ਮਨ ਮੱਤ ਕਰਨਾਂ ? ਜੋਧਰਾਮ ਕਹਿਣ ਲੱਗਾ, 'ਜੀ ਅਜੇ ਮੈਂ ਨਾ ਪੁੱਛਿਆ ਨਾ ਆਪ ਜੀ ਦੱਸਿਆ। ਮੈਨੂੰ ਤੇ ਪਤਾ ਈ ਕੋਈ ਨਹੀਂ ਗੁਰਮਤ ਕੀ ਏ ਤੇ ਮਨਮਤ ਕੀ ਹੈ ! ਮੈਨੂੰ ਸੁਝਵਾ ਦਿਉ, ਫਿਰ ਮੈਂ ਮਨਮਤ ਨਹੀਂ ਕਰਾਂਗਾ।' ਸਾਹਿਬ ਉਨ੍ਹਾਂ ਸਿੱਖਾਂ ਨੂੰ ਕਹਿਣ ਲੱਗੇ ਪਈ 'ਦੱਸੋ, ਇਹ ਕੀ ਮਨਮਤ ਕਰਦਾ ਹੈ ?' ਸਿੱਖਾਂ ਨੇ ਆਖਿਆ, 'ਮਹਾਰਾਜ ! ਢਾਈ ਵਰ੍ਹੇ ਹੋ ਗਏ ਜੇ ਇਹਨੂੰ ਇਥੇ ਆਇਆਂ ਤੇ ਢਾਈ ਵਰ੍ਹੇ ਈ ਸਾਨੂੰ ਹੋ ਗਏ ਜੇ ਇਹ ਦੀ ਰਾਖੀ ਕਰਦਿਆਂ। ਇਕ ਦਿਨ ਅਸਾਂ ਪੰਗਤ ਵਿਚ ਬਹਿ ਕੇ ਇਹਨੂੰ ਪ੍ਰਸ਼ਾਦ ਛਕਦਿਆਂ ਨਹੀਂ ਵੇਖਿਆ। ਅੰਨ ਖਾਂਦਿਆਂ ਨਹੀਂ ਵੇਖਿਆ। ਪੰਗਤ ਵਿਚ ਬੈਠ ਕੇ ਰੋਟੀ ਖਾਂਦਿਆਂ ਨਹੀਂ ਵੇਖਿਆ। ਜਿਹੜਾ ਰੋਟੀ ਨਾ ਖਾਏ, ਅੰਨ ਛੱਡ ਦਏ ਉਹ ਤੇ ਗੁਰਮਤ ਵਿਚ ਵੱਡਾ ਮਨਮਤੀਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੇ ਫੈਸਲਾ ਇਹ ਹੈ ਕਿ :

> ***"ਛੋਡਹਿ ਅੰਨੁ ਕਰਹਿ ਪਾਖੰਡ ॥***
> ***ਨਾ ਸੁਹਾਗਨਿ ਨਾ ਓਹਿ ਰੰਡ ॥"*** *(ਅੰਗ ੮੭੩)*

ਗੁਰਮਤ ਦਾ ਫੈਸਲਾ ਤੇ ਇਹ ਹੈ :

> ***"ਅੰਨੈ ਬਿਨਾ ਨ ਹੋਇ ਸੁਕਾਲੁ ॥***
> ***ਤਜਿਐ ਅੰਨਿ ਨ ਮਿਲੈ ਗੁਪਾਲੁ ॥"*** *(ਅੰਗ ੮੭੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੈਸਲਾ ਤੇ ਇਹ ਹੈ :

> ***"ਅੰਨੈ ਬਾਹਰਿ ਜੋ ਨਰ ਹੋਵਹਿ॥***
> ***ਤੀਨਿ ਭਵਨ ਮਹਿ ਅਪਨੀ ਖੋਵਹਿ ॥"*** *(ਉਹੀ)*

ਜਿਹੜਾ ਅੰਨ ਨਹੀਂ ਖਾਂਦਾ ਤਿੰਨਾਂ ਭਵਣਾਂ ਵਿਚ ਉਹਦੀ ਨਿਰਾਦਰੀ ਹੋਵੇਗੀ।

ਤੇ ਸਾਡੇ ਕੋਲ ਕੋਈ ਏਦਾਂ ਦਾ ਆ ਜਾਏ ਨਾਂ, ਤਾਂ ਸਾਡੀਆਂ ਕਾਕੀਆਂ ਬੱਚੀਆਂ ਆਖਣਗੀਆਂ, 'ਭੈਣ ਅੰਨ ਨਹੀਂ ਖਾਂਦਾ ਸੁਖ ਨਾਲ। ਐਵੇਂ ਕਿਤੇ ਹੋਇਆ, ਚਾਰ ਕੁ ਸੇਰ ਪੱਕਾ ਦੁੱਧ ਸਵੇਰੇ ਕੜਾਹੀ 'ਚ ਪਾਉਂਦਾ, ਸਾਰਾ ਦਿਨ ਕਰਦਿਆਂ ਕੜ੍ਹਦਿਆਂ ਜਦੋਂ ਖੋਆ ਬਣ ਜਾਂਦਾ ਨਾਂ ਤਾਂ ਭੈਣ ਫਿਰ ਪਾ ਕੁ ਗਿਰੀਆਂ ਪਾ ਲੈਂਦਾ ਵਿਚ ਬਦਾਮਾਂ ਦੀਆਂ, ਅੱਧ ਕੁ ਪਾ ਪਿਸਤਾ ਪਾ ਲੈਂਦਾ। ਫਿਰ ਜਦੋਂ ਐਨ ਜੰਮ ਜਾਏ ਤਾਂ ਉਹ ਫਿਰ

ਚੁਮਚੇ ਨਾਲ ਕਿਤੇ ਰਸਨੀਂ ਲਾ ਲੈਂਦਾ ! ਰੋਟੀ ਨਹੀਂ ਖਾਂਦਾ।'

ਭਲਾ ਜੇ ਉਹਨੂੰ ਪੁੱਛੀਏ ਕਿ ਚੌਦਾਂ ਆਦਮੀਆਂ ਦੀ ਖੁਰਾਕ ਤੂੰ ਕੱਲਾ ਖਾ ਗਿਉਂ !

ਤੈਨੂੰ ਕੀ ਲੋਕ ਪਈ ਏ ਜਵਾਰ ਦੀ ਰੋਟੀ ਨਾਲ ਬੁੜਾਛਾਂ ਛਲਾਉਣ ਦੀ ? ਤੈਨੂੰ ਕੀ ਲੋੜ ਪਈ ਏ ਚਣਿਆਂ ਦਾ ਟੁਕ ਚੱਬਣ ਦੀ ?

ਪਰ ਅਸੀਂ ਤਾਂ ਪਖੰਡੀ ਦੇ ਮਗਰ ਪੈ ਜਾਨੇ ਆਂ ਪਈ ਰੋਟੀ ਨਹੀਂ ਖਾਂਦਾ।

ਮੈਂ ਬੜੇ ਅਜੀਬ ਕਿਸਮ ਦੇ ਜਾਲ ਵੇਖੇ ਨੇ ਵਿੱਛੇ। ਦੁਹਾਈ ਰੱਬ ਦੀ ਜੀ। ਫਲਾਣਾ ਆਇਆ ਮਹਾਰਾਜ ਜੀਓ ! ਅੱਜ ਦੀ ਸਾਰੀ ਭੇਟਾ ਗੁਰਦੁਆਰੇ ਨੂੰ ਦੇ ਗਿਆ। ਬੜੀ ਜੈ ਜੈ ਕਾਰ ਹੋ ਗਈ। ਅਖਬਾਰਾਂ ਨੇ ਬੜਾ ਲਿਖ ਤਾਂ ਤੇ ਉਹ ਚੌਥੇ ਕੁ ਦਿਨ ਐਲਾਨ ਕਰ ਦਿੰਦਾ, 'ਜੀ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਥੜ੍ਹਾ ਲੱਗਾ ਬਣਨ; ਜੇ ਕਿਸੇ ਨੇ ਸੇਵਾ ਕਰਨੀ ਹੋਵੇ ! ਉਹ ਜੇਹੜੇ ਗੁਰਦੁਆਰੇ ਨੂੰ 50 ਪੌਂਡ ਦੇ ਕੇ ਜਾਂਦਾ ਉਹ ਗੁਰਦੁਆਰੇ ਵਾਲੇ 500 ਪੌਂਡ ਮਨੀਆਡਰ ਕਰਦੇ ਨੇ ! ਕੀ ਲੋੜ ਪਈ ਆ ਉਹਨੂੰ 50 ਲੈਣ ਦੀ, ਜੇ 50 ਦੀ ਬਜਾਏ 500 ਦਾ ਮਨੀਆਡਰ ਆ ਜਾਣਾ ? ਬੜੇ ਤਰੀਕਿਆਂ ਨਾਲ ਲੋਕੀਂ ਲੱਗੇ ਹੋਏ ਨੇ ਲੁੱਟਣ। ਘੁਣ ਵਾਂਗੂ ਲੱਗੇ ਹੋਏ ਨੇ। ਅਸੀਂ ਜੈ ਜੈ ਕਾਰ ਬੜੀ ਕਰਨੇ ਆਂ। ਅਸੀਂ ਉਨ੍ਹਾਂ ਦੀ ਉਪਮਾ ਬੜੀ ਕਰਨੇ ਆਂ। ਸਾਹਿਬ ਸੱਚੇ ਪਾਤਸ਼ਾਹ ਨੇ ਆਖਿਆ, 'ਕਹਿੰਦੇ ਨੇ ਤੂੰ ਅੰਨ ਨਹੀਂ ਖਾਂਦਾ ਤੇ ਭਾਈ ਜੋਧਰਾਮ ਕਹਿਣ ਲੱਗਾ, 'ਮਹਾਰਾਜ, ਜੇ ਅੰਨ ਨਾ ਖਾਣਾ ਮਨਮਤ ਹੈ ਤੇ ਮੈਂ ਇਹ ਮਨਮਤ ਜਿੰਦਣ ਦਾ ਆਇਆਂ ਉਦਣ ਦੀ ਨਹੀਂ ਕੀਤੀ। ਰੋਜ਼ ਢਿੱਡ ਭਰ ਕੇ ਰੋਟੀ ਖਾਂਦਾਂ ਤ੍ਰਿਪਤ ਹੋ ਕੇ।' ਉਹ ਈਰਖਾ ਵਾਲੇ ਸਿੱਖਾਂ ਨੇ ਆਖਿਆ, 'ਨਿਰਾ ਮਨਮਤੀਆ ਹੀ ਨਹੀਂ, ਝੂਠਾ ਵੀ ਜੇ!' ਢਾਈ ਵਰ੍ਹੇ ਹੋ ਗਏ ਰਾਖੀ ਕਰਦਿਆਂ। ਕਦੇ ਪੰਗਤ ਵਿਚ ਬੈਠਾ ਨਹੀਂ ਵੇਖਿਆ।' ਸਾਹਿਬ ਕਹਿਣ ਲੱਗੇ, 'ਜੋਧਰਾਮਾ ਤੇਰੇ 'ਤੇ ਦੋ ਦੂਸ਼ਣ ਲੱਗ ਗਏ। ਇਕ ਮਨਮਤੀਆ ਇਕ ਝੂਠਾ। ਆਪਣੀ ਪੁਜੀਸ਼ਨ ਸਾਫ ਕਰ।' ਤਾਂ ਭਾਈ ਜੋਧਰਾਮ ਜੋੜਿਆਂ ਵਿਚ ਜਾ ਕੇ ਖਲੋ ਗਿਆ। ਗਲ ਵਿਚ ਪੱਲਾ ਪਿਆ ਹੋਇਆ। ਹੱਥ ਜੁੜੇ ਹੋਏ। ਕਮਾਨ ਵਾਂਗੂ ਝੁਕਿਆ ਹੋਇਆ। ਸਾਹਿਬ ਆਹ ਜਿਹੜਾ ਥੜ੍ਹਾ ਬਣਾਇਆ ਤੁਹਾਡੇ ਦਾਸ ਨੇ ਬਣਾਇਆ। ਸਿੱਖਾਂ ਨੂੰ ਬੇਨਤੀ ਕੀਤੀ ਸੀ ਤੇ ਇਹ ਜੂਠੇ ਬਰਤਨ ਥੜ੍ਹੇ ਉੱਤੇ ਰੱਖਦੇ ਨੇ। ਮੈਂ ਬਾਹਰੋਂ ਆਏ ਹੋਏ ਯਾਤਰੂਆਂ ਦੀ ਜਿਹੜੀ ਮਾਇਆ ਮੱਥਾ ਟਿਕਦੀ ਏ, ਉਹਦਾ ਹਿਸਾਬ ਕਿਤਾਬ ਵੀ ਰੱਖਣਾ ਹੁੰਦਾ। ਮੈਨੂੰ ਚਿਰ ਲੱਗ ਜਾਂਦਾ ਮਾਇਆ ਗਿਣਦਿਆਂ। ਆਏ-ਗਏ ਯਾਤਰੂਆਂ ਨੂੰ ਮੰਜਾ-ਬਿਸਤਰਾ, ਕਮਰਾ ਇਤਆਦਿਕ ਵਸਤੂਆਂ ਦੇਣੀਆਂ। ਇਹ ਵੀ ਸੇਵਾ ਦਾਸ ਨੇ ਸਾਂਭੀ ਹੋਈ ਏ। ਚਿਰ ਲੱਗ ਜਾਂਦਾ। ਸੰਗਤ ਚਲੇ ਜਾਂਦੀ ਏ। ਫਿਰ ਗੁਰਦੁਆਰੇ ਦੀਆਂ ਦਰੀਆਂ ਚਾਦਰਾਂ ਤਮਾਮ ਚੀਜ਼ਾਂ ਸਾਂਭ-ਸੰਭਾਲ ਕੇ ਜਦੋਂ ਨੂੰ ਮੈਂ ਗੁਰਦੁਆਰੇ ਦੀ ਸੇਵਾ ਤੋਂ ਹਜ਼ੂਰ ਵਿਹਲਾ ਹੁੰਨਾਂ, ਉਦੋਂ ਨੂੰ ਬਾਰਾਂ ਇਕ ਦਾ ਟਾਇਮ ਹੋ ਜਾਂਦਾ। ਤਮਾਮ ਲੋਕ ਮਹਾਰਾਣੀ ਨੀਂਦ ਦੀ ਗੋਦ ਵਿਚ ਪੈ ਕੇ ਅਰਾਮ ਕਰਦੇ ਨੇ। ਸਾਰੇ ਉਦੋਂ ਘੁਰਾੜੇ ਮਾਰਦੇ ਨੇ। ਸਾਰੀ ਕਾਇਨਾਤ ਉਦੋਂ ਸੁੱਤੀ ਹੋਈ ਹੁੰਦੀ ਏ। ਗਰੀਬ

ਨਿਵਾਜ, ਜਦੋਂ ਸਭ ਸੁੱਤੇ ਹੋਏ ਹੁੰਦੇ ਨੇ, ਮੈਂ ਸੇਵਾ ਤੋਂ ਵਿਹਲਾ ਹੋ ਕੇ ਇਕ ਸੁੱਚੀ ਪੱਤਲ ਲੈ ਕੇ ਤੇ ਏਸ ਥੜ੍ਹੇ ਦੇ ਲਾਗੇ ਚੌਂਕੜਾ ਮਾਰ ਕੇ ਬੈਠ ਜਾਨਾਂ। ਸੁੱਚੀ ਪੱਤਲ ਮੈਂ ਆਪਣੇ ਸੱਜੇ ਪਾਸੇ ਰੱਖ ਲੈਨਾਂ। ਤੇਰੇ ਸਿੱਖਾਂ ਦੀਆਂ ਜੂਠੀਆਂ ਪੱਤਲਾਂ, ਡੂਨੇ, ਥਾਲ, ਕੌਲੀਆਂ ਇਹ ਮੈਂ ਫੋਲਣੇ ਸ਼ੁਰੂ ਕਰ ਦੇਨਾਂ। ਸਾਹਿਬ ਜੀ ! ਕਿਸੇ ਸਿੱਖ ਦੇ ਡੂਨੇ ਵਿਚੋਂ ਜੂਠੀ ਚਟਣੀ ਤੋਲਾ ਭਰ ਮਿਲ ਜਾਂਦੀ ਏ ਤਾਂ ਉਹ ਮੈਂ ਆਪਣੀ ਸੁੱਚੀ ਪੱਤਲ 'ਤੇ ਰੱਖ ਲੈਨਾਂ! ਕਿਸੇ ਡੂਨੇ 'ਚੋਂ ਤੇਰੇ ਸਿੱਖ ਦੀ ਜੂਠੀ ਕੋਈ ਦਾਲ ਸਬਜ਼ੀ ਮਿਲ ਜਾਂਦੀ ਏ ਤਾਂ ਉਹ ਮੈਂ ਆਪਣੀ ਸੁੱਚੀ ਪੱਤਲ 'ਤੇ ਰੱਖ ਲੈਨਾਂ। ਕਿਸੇ ਸਿੱਖ ਦੀ ਥਾਲੀ ਵਿੱਚੋਂ ਤੇਰੇ ਸਿੱਖ ਦੇ ਜੂਠੇ ਦਸ ਦਾਣੇ ਚੌਲਾਂ ਦੇ ਮਿਲ ਜਾਂਦੇ ਨੇ; ਕਿਸੇ ਥਾਲੀ ਵਿਚੋਂ ਤੇਰੇ ਸਿੱਖ ਦੇ ਜੂਠੇ ਦੋ ਰੋਟੀ ਦੇ ਟੁਕੜੇ ਮਿਲ ਜਾਂਦੇ ਨੇ, ਉਹ ਮੈਂ ਸੁੱਚੀ ਪੱਤਲ 'ਤੇ ਜਮ੍ਹਾਂ ਕਰੀ ਜਾਨਾਂ। ਜਦੋਂ ਮੇਰੇ ਰੱਜਣ ਜੋਗਾ ਅੰਨ ਆਪ ਜੀ ਦੇ ਸਿੱਖਾਂ ਦਾ ਜੂਠਾ ਅੰਨ ਜਦੋਂ ਮੇਰੇ ਰੱਜਣ ਜੋਗਾ ਹੋ ਜਾਂਦਾ ਗਰੀਬ ਨਿਵਾਜ਼, ਉਦੋਂ ਮੈਂ ਅਰਦਾਸ ਕਰਦਾ ਹਾਂ ਸ੍ਰੀ ਗੁਰੂ ਨਾਨਕ ਦੇ ਚਰਨਾਂ 'ਚ, ਅਰਦਾਸ ਕਰਦਾ ਹਾਂ ਆਪ ਜੀ ਦੇ ਚਰਨਾਂ ਵਿਚ ਪਾਤਸ਼ਾਹੋ! ਤੁਹਾਡੇ ਚਰਨ ਕਮਲਾਂ ਦਾ ਆਸਰਾ ਲੈ ਕੇ ਵਾਹਿਗੁਰੂ ਦੀ ਟੇਕ ਲੈ ਕੇ ਮਹਾਰਾਜ, ਫਿਰ ਮੈਂ ਆਪ ਜੀ ਦੇ ਸਿੱਖਾਂ ਦੀ ਜੂਠ ਢਿੱਡ ਭਰ ਕੇ ਖਾਂਦਾ ਹਾਂ, ਤ੍ਰਿਪਤ ਹੋ ਕੇ ਜਾਂਦਾ ਹਾਂ। ਸਾਹਿਬ, ਜਦੋਂ ਮੇਰਾ ਪੇਟ ਭਰ ਜਾਂਦਾ, ਜਦੋਂ ਮੇਰਾ ਮਨ ਰੱਜ ਜਾਂਦਾ, ਜਦੋਂ ਮੈਨੂੰ ਤ੍ਰਿਪਤੀ ਆ ਜਾਂਦੀ ਏ, ਫਿਰ ਮੈਂ ਰਾਤ ਆਰਾਮ ਕਰਦਾ ਹਾਂ। ਮੈਨੂੰ ਢਾਈ ਵਰ੍ਹੇ ਹੋਏ ਨੇ ਗਰੀਬ ਨਿਵਾਜ, ਸਿੱਖਾਂ ਦੀ ਜੂਠ ਖਾਂਦਿਆਂ। ਜੂਠਾ ਮੀਠਾ ਅੰਨ ਖਾ ਕੇ ਗੁਜਾਰਾ ਕਰਦਾ ਹਾਂ।' ਤੇ ਸਾਹਿਬ ਜੀ ਕਹਿਣ ਲੱਗੇ, 'ਜੂਠ ਕਿਉਂ ਖਾਨਾਂ ? ਕਾਰਨ ?' ਜੋਧਰਾਮ ਕਹਿਣ ਲੱਗਾ, 'ਮੇਰੇ ਅੰਦਰ ਦੋ ਭੂਤਨੇ ਵੜ ਗਏ ਸਨ-ਇੱਕ ਜਾਤੀ ਅਭਿਮਾਨ ਦਾ ਭੂਤਨਾ ਤੇ ਇੱਕ ਛੂਆ ਛੂਤ ਦਾ ਭੂਤਨਾ। ਇਹ ਦੋ ਭੂਤਨੇ ਮੇਰੇ ਅੰਦਰੋਂ ਉਨਾ ਚਿਰ ਨਹੀਂ ਸੀ ਨਿਕਲ ਸਕਦੇ ਜਿੰਨਾ ਚਿਰ ਆਪ ਜੀ ਦੇ ਸਿੱਖਾਂ ਦੀ ਜੂਠ ਨਾ ਖੁਆਲੀ ਜਾਏ, ਜਿੰਨਾ ਚਿਰ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇ ਸਿੱਖਾਂ ਦਾ ਜੂਠਾ-ਮਿੱਠਾ ਉਚਿਸਟ ਨਾ ਖੁਆਲਿਆ ਜਾਏ, ਉਨਾ ਚਿਰ ਮੇਰੀ ਸਮਦ੍ਰਿਸ਼ਟੀ ਨਹੀਂ ਸੀ ਹੁੰਦੀ, ਮੇਰੇ ਮਨ ਦੀ ਸਮਾਨ ਅਵਸਥਾ ਨਹੀਂ ਸੀ ਬਣਦੀ, ਮੇਰੇ ਅੰਦਰੋਂ ਇਹ ਦੋ ਭੂਤਨੇ ਨਹੀਂ ਸੀ ਨਿਕਲਦੇ, ਇਸ ਕਰਕੇ ਮਹਾਰਾਜ, ਮੈਂ ਢਾਈ ਸਾਲਾਂ ਤੋਂ ਆਪਣਾ ਮਨ ਤੰਦਰੁਸਤ ਕਰਨ ਵਾਸਤੇ ਆਪ ਜੀ ਦੇ ਸਿੱਖਾਂ ਦੀ ਜੂਠ ਖਾ ਰਿਹਾਂ। ਤੇ ਫਿਰ ਸਾਹਿਬ ਤਖ਼ਤ ਤੋਂ ਉਠ ਖਲੋਤੇ। ਜੋਧਰਾਮ ਨੂੰ ਗਲਵਕੜੀ ਵਿਚ ਲੈ ਲਿਆ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ। ਸਾਹਿਬ, ਥਾਪੜਾ ਦੇ ਕੇ ਕਹਿਣ ਲੱਗੇ, 'ਜੋਧਰਾਮਾ ! ਤੇਰੇ ਅੰਦਰੋਂ ਭੂਤਨੇ ਨਿਕਲ ਗਏ ਨੇ। ਹੁਣ ਤੇਰੇ ਅੰਦਰ ਵਾਸਾ ਹੋ ਗਿਆ ਜੋਤ ਦਾ ! ਤੇਰੇ ਅੰਦਰ ਚਾਨਣਾ ਪ੍ਰਕਾਸ਼ ਹੋ ਗਿਆ ਜੋਤ ਦਾ ਤੇ ਜੋਤ ਨੂੰ ਜੂਠਾ ਭੋਜਨ ਨਹੀਂ ਦੇਣਾ ! ਸੁੱਚੇ ਭੋਜਨ ਦਾ ਭੋਗ ਲੁਆਉਣਾ! ਉਸੇ ਵੇਲੇ ਸੁੱਚਾ ਥਾਲ ਮੰਗਵਾ ਕੇ ਗੁਰੂ ਜੀ ਨੇ ਜੋਧਰਾਮ ਨੂੰ ਦਿੱਤਾ। ਇਹਨੇ ਛਕਿਆ। ਇਹ ਸ੍ਰੀ ਗੁਰੂ ਅੰਗਦ ਸਾਹਿਬ ਦੇ ਨਾਮ ਨਾਲ ਅਟਲ ਹੋ ਗਿਆ। ਸਦਾ ਸ੍ਰੀ ਗੁਰੂ

ਅੰਗਦ ਸਾਹਿਬ ਦੇ ਨਾਮ ਨਾਲ ਇਸ ਦਾ ਨਾਮ ਰਹੇਗਾ। ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਵਿਚ ਜ਼ਿਕਰ ਆਉਂਦਾ ਹੈ :

"ਜੋਧ ਰਸੋਈਆ ਦੇਵਤਾ...।"

ਭਾਈ ਜੋਧ ਰਾਇ ਨੂੰ ਦੇਵਤਾ ਕਰਕੇ ਲਿਖਿਆ। ਭਾਈ ਜੋਧ ਰਾਇ ਦਾ ਨਾਂ ਅਟਲ ਹੋ ਗਿਆ ਕਿਉਂਕਿ ਉਹ ਤੰਦਰੁਸਤ ਹੋ ਗਿਆ, ਉਹਨੇ ਪਾਪ ਛੱਡ ਦਿੱਤੇ। ਸਾਡੇ ਅੰਦਰੋਂ ਪਾਪ ਨਹੀਂ ਗਏ :

"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥"

(ਅੰਗ ੬੭੧)

ਆਹ ਅੱਖਰ ਕਹਿ ਕੇ ਮੈਂ ਸਮਾਪਤੀ ਕਰ ਦਿੱਤੀ।

"ਗੋਬਿੰਦ ਹਮ ਐਸੇ ਅਪਰਾਧੀ ॥ ਗੋਬਿੰਦ ਹਮ ਐਸੇ ਅਪਰਾਧੀ ॥"

(ਉਹੀ)

ਸਤਿਗੁਰੂ ਜੀ, ਪਿਆਰੀ ਸੰਗਤ ਜੀ ! ਅੱਜ ਦੀਆਂ ਗਲਤੀਆਂ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਦਰ ਦਾ ਕੂਕਰ ਜਾਣ ਕੇ ਮਾਫ ਕਰਨੀਆਂ ! ਬਚਨ ਗੁਰੂ ਕਾ ਜਾਣ ਕੇ ਹਿਰਦੇ ਅੰਦਰ ਵਸਾਉਣਾ ਤਾਂ ਕਿ ਮੇਰਾ ਤੁਹਾਡਾ ਸਮਾਂ ਲੇਖੇ ਵਿਚ ਪੈ ਜਾਏ! ਅਸੀਂ ਅੰਤ ਵੇਲੇ ਮੁਖ ਉਜਲਾ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਪਹੁੰਚ ਸਕੀਏ !

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

❖ ❖ ❖

ਹਰਿ ਰਸੁ

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥
(ਅੰਗ ੩੮੩)

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ (ਅੰਗ ੧੩੭੫)
ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥
"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ (ਅੰਗ ੩੭੬)

ਗੁਰੂ ਕੀ ਪਰਮ ਸਤਿਕਾਰ ਯੋਗ ਸਾਜੀ ਨਿਵਾਜੀ ਗੁਰੂ ਕਾ ਸੁੰਦਰ ਰੂਪ ਸਰੂਪ ਸਾਧ ਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ ਗੁਰਮੁਖ ਮਾਈ ਭਾਈ ਬਿਰਧ ਬਾਲਕ ਜੋ ਜੋ ਵੀ ਸਮੇਂ ਦੀ ਕਦਰ ਕਰਦੇ, ਸਮੇਂ ਦੀ ਕੀਮਤ ਨੂੰ ਜਾਣਦੇ ਹੋਏ, ਸਮੇਂ ਦਾ ਸਤਿਕਾਰ ਕਰਦੇ ਸਮੇਂ ਸਿਰ ਗੁਰਦੁਆਰੇ ਪਹੁੰਚੇ ਹੋ, ਆਉ ਆਪਾਂ ਸਾਰੇ ਰਲ-ਮਿਲ ਕੇ ਕੋਸ਼ਿਸ਼ ਕਰੀਏ ਕਿ ਕਿਸੀ ਸੂਰਤ ਮਨ ਸਾਡਾ ਸ਼ਬਦ ਵਿਚ ਰੁਝ ਜਾਏ । ਹੋ ਸਕਦਾ ਕਿਸੇ ਇਕ-ਅੱਧੇ ਦਾ ਈ ਕੋਈ ਮਿੰਟ ਦੋ ਮਿੰਟ ਸਫਲੇ ਹੋ ਜਾਣ, ਤਾਂ ਸਮਝ ਪੈ ਜਾਏ, ਖੁਸ਼ੀ ਹੋ ਜਾਏ, ਪਈ ਸਾਡਾ ਸਤਿਸੰਗ ਕੀਤਾ ਹੋਇਆ ਸਫਲਾ ਹੋਇਆ । ਚਾਰ-ਚੁਫੇਰੇ ਵੱਲ ਵੇਖ ਕੇ, ਕਈ ਗੱਲਾਂ ਚੇਤੇ ਆਉਂਦੀਆਂ ਨੇ । ਮੈਂ ਜਦੋਂ ਇਸਲਾਮ ਦੀ ਤ੍ਵਾਰੀਖ ਪੜ੍ਹੀ, ਉਹਦੇ ਵਿਚ ਇਕ ਜ਼ਿਕਰ ਆਇਆ ਪਈ ਇਕ ਆਦਮੀ ਹਜ਼ਰਤ ਮੁਹੰਮਦ ਸਾਹਿਬ ਨੂੰ ਨਹੀਂ ਮੰਨਦਾ ਸੀ ਜਿਸ ਦਾ ਕੁਰਾਨ ਉਤੇ ਕੋਈ ਈਮਾਨ ਨਹੀਂ ਸੀ । ਉਹਦੀ ਆਪਣੀ ਜ਼ਨਾਨੀ ਨਾਲ ਨਹੀਂ ਸੀ ਬਣਦੀ, ਕਿਉਂਕਿ ਜ਼ਨਾਨੀ ਹਜ਼ਰਤ ਮੁਹੰਮਦ ਸਾਹਿਬ ਨੂੰ ਮੰਨਦੀ ਸੀ । ਵਿਗੜਦੀ-ਵਿਗੜਦੀ ਗੱਲ ਇਥੋਂ ਤਕ ਵਿਗੜ ਗਈ ਕਿ ਉਹਨੇ ਆਪਣਿਆਂ ਯਾਰਾਂ-ਦੋਸਤਾਂ ਨਾਲ ਗੱਲ ਕੀਤੀ, ਪਈ ਮੇਰੀ ਜ਼ਨਾਨੀ ਮੇਰਾ ਕਹਿਣਾ ਨਹੀਂ ਮੰਨਦੀ, ਆਪਣੇ ਮਨ ਦੀ ਮਰਜ਼ੀ ਨਾਲ ਉਹ ਹਜ਼ਰਤ ਮੁਹੰਮਦ ਦਾ ਕਲਮਾ ਪੜ੍ਹਦੀ ਏ; ਮੈਂ ਕੀ ਕਰਾਂ ? ਉਹਦੀ ਜੁੰਡਲੀ ਨੇ ਉਹਨੂੰ ਸਲਾਹ ਦਿੱਤੀ, ਕਿ ਇਹ ਤੇ ਕੋਈ ਔਖਾ ਕੰਮ ਨਹੀਂ ! ਤੂੰ ਤੰਦੂਰ ਵਿਚ ਉਹਨੂੰ ਬਿਠਾਲ ਕੇ ਲੱਕੜੀਆਂ ਪਾ ਕੇ ਢੱਕਣ ਦੇ ਕੇ ਅੱਗ ਲਾ ਦੇਂ, ਆਪੇ ਸੜ ਜਾਏਗੀ । ਉਹ ਸੜ ਕੇ ਸੁਆਹ ਹੋ ਜਾਏਗੀ, ਤੇਰਾ ਰਸਤਾ ਸਾਫ ਹੋ ਜਾਏਗਾ । ਉਹਨੇ ਆਪਣੀ ਜੁੰਡਲੀ ਦਾ ਕਹਿਣਾ ਮੰਨ ਕੇ ਇਸੇ ਤਰ੍ਹਾਂ ਕੀਤਾ । ਅੱਗ ਬਲਦੀ ਰਹੀ, ਲੱਕੜਾਂ ਸੜਦੀਆਂ ਰਹੀਆਂ । ਜ਼ਨਾਨੀ ਉਸ ਤੰਦੂਰ ਵਿਚ ਹੈ । ਉਹਦਾ ਚੂੰਕਿ ਇਕ ਥਾਂ ਭਰੋਸਾ ਸੀ, ਤ੍ਵਾਰੀਖ ਵਿਚ ਮੈਂ ਪੜ੍ਹਿਆ ਪਈ ਉਹ ਸੜੀ

ਨਾਂ; ਜਿਉਂਦੀ ਨਿਕਲ ਆਈ ਤੰਦੂਰ ਵਿਚੋਂ ਤਾਂ ਉਹਦੇ ਖਾਵੰਦ ਉਤੇ ਉਹਦਾ ਕੁਝ ਅਸਰ ਹੋ ਗਿਆ। ਉਹਨੇ ਫਿਰ ਪੁੱਛਿਆ, "ਅੱਗ ਬਲਦੀ ਸੀ। ਲੱਕੜਾਂ ਵੀ ਚੰਗੀਆਂ ਕਾਫੀ ਅਸਾਂ ਤੰਦੂਰ ਵਿਚ ਪਾਈਆਂ! ਚੋਖਾ ਚਿਰ ਬਲਦੀਆਂ ਰਹੀਆਂ। ਤੂੰ ਸੜ ਕੇ ਸੁਆਹ ਨਾ ਹੋਈਓਂ ?" ਤਾਂ ਉਹਨੇ ਜਵਾਬ ਦਿੱਤਾ, "ਜਿਸ ਕਲਮੇ ਨਾਲ ਤੇਰੀ ਨਹੀਂ ਬਣਦੀ, ਮੈਂ ਉਹ ਕਲਮਾ ਪੜ੍ਹਦੀ ਰਹੀ ਤੇ ਮੈਨੂੰ ਇਉਂ ਪਰਤੀਤ ਹੁੰਦਾ ਰਿਹਾ ਪਈ ਮੈਂ ਬੜੇ ਠੰਡੇ ਥਾਂ ਬੈਠੀ ਹਾਂ, ਮੈਨੂੰ ਕੋਈ ਦੁੱਖ-ਤਕਲੀਫ਼ ਨਹੀਂ। ਓਸ ਦੇ ਸਬੰਧ ਵਿਚ ਇਕ ਮੁਸਲਮਾਨ ਨੇ ਲਿਖਿਆ, "ਮੈਂ ਤੰਦੂਰ ਵਿਚ ਬੈਠੀ-ਬੈਠੀ ਮਦੀਨੇ ਪਹੁੰਚ ਗਈ, ਕਾਹਬੇ ਪਹੁੰਚ ਗਈ, "ਮਜ਼ੇ ਆ ਰਹੇ ਥੇ! ਮਜ਼ਾ ਲੇ ਰਹੀ ਥੀ, ਤਸੱਬਰ ਮੇਂ ਲੇਕਰ ਮਦੀਨੇ ਕੀ ਗਲੀਆਂ।" ਤੇ ਜਿਹੜੇ ਮਦੀਨਿਓਂ ਹੋ ਕੇ ਆ ਜਾਂਦੇ ਨੇ ਵਾਪਸ, ਮੇਰਾ ਜੀਅ ਕਰਦਾ ਮੈਂ ਉਨ੍ਹਾਂ ਨੂੰ ਪੁੱਛਾਂ :

"ਮੁਝੇ ਆਨੇ ਵਾਲੋਂ ਸੇ ਯਹ ਪੂਛਨਾ ਹੈ
ਕਿ ਛੂਟੀ ਤੁਮ ਸੇ ਕਿਉਂ ਕਰ ਮਦੀਨਾ ਕੀ ਗਲੀਆਂ?"

ਮੈਂ ਆਉਣ ਵਾਲਿਆਂ ਨੂੰ ਪੁੱਛਣਾ ਚਾਹਨੀ ਆਂ ਪਈ ਮਦੀਨੇ ਤੋਂ ਹੋ ਕੇ ਤੁਸੀਂ ਆ ਗਏ; ਤੁਹਾਡਾ ਮਦੀਨੇ ਦੀਆਂ ਗਲੀਆਂ ਛੱਡਣ ਨੂੰ ਜੀਅ ਕਿੱਦਾਂ ਕੀਤਾ ?

ਮੈਂ ਵੀ ਜਿਸ ਵੇਲੇ ਵੇਖਨਾਂ ਹਾਂ ਕਿ ਗੁਰਦੁਆਰੇ ਵਿਚ ਕੋਈ ਸਿੱਖ ਆਇਆ, ਦਸ ਕੁ ਪੈਸੇ ਸੁੱਟ ਕੇ, ਮੱਥਾ ਟੇਕ ਕੇ ਨੱਸ ਗਿਆ ਤੇ ਮੈਂ ਹੈਰਾਨ ਹੋ ਜਾਨਾਂ ਹਾਂ, 'ਵਾਹਿਗੁਰੂ! ਇਹਨੂੰ ਗੁਰਦੁਆਰਾ ਕਿਉਂ ਨਾ ਚੰਗਾ ਲੱਗਾ ? ਇਹ ਸੰਗਤ ਵਿਚ ਮਿਲ ਕੇ ਕਿਉਂ ਨਾ ਬੈਠਿਆ ?' ਫਿਰ ਆਪਣੇ ਮਨ ਨੂੰ ਤਸੱਲੀ ਦੇਣ ਲਈ ਆਪੇ ਅੰਦਾਜ਼ਾ ਲਾ ਲਈਦਾ, ਕੋਈ ਜ਼ਰੂਰੀ ਕੰਮ ਹੋਵੇਗਾ! ਕੁਝ ਮਨ ਵਿਚ ਇਹ ਵੀ ਆਉਂਦਾ ਕਿ ਮੌਜੂਦਾ ਸਮੇਂ ਦੇ ਹਿਸਾਬ ਨਾਲ ਕੁਝ ਧਾਰਮਿਕ ਰੁਚੀਆਂ ਕਮਜ਼ੋਰ ਹੋ ਗਈਆਂ ਨੇ। ਮਨ ਦੇ ਉਤੇ ਗਲਤ ਪ੍ਰਭਾਵ ਪਾਉਣ ਵਾਲੀਆਂ ਚੀਜ਼ਾਂ ਬੇਅੰਤ ਹੋ ਗਈਆਂ ਨੇ। ਜਿਹੜੀ ਚੜ੍ਹਦੀ ਜਵਾਨੀ ਹੁੰਦੀ ਆ, ਇਹ ਲੰਮਾ ਦੂਰ ਸੋਚ ਨਹੀਂ ਸਕਦੀ। ਇਹ ਫਿਰ ਉਨ੍ਹਾਂ ਚੰਚਲ ਜਿਹੀਆਂ ਚੀਜ਼ਾਂ ਦੇ ਜਾਲ ਵਿਚ ਫਸ ਕੇ ਆਪਣਾ ਜੀਵਨ ਕੁਰਾਹੇ ਪਾ ਲੈਂਦੀ ਏ। ਅੰਤ ਨੂੰ ਜਾ ਕੇ ਭਾਵੇਂ ਪਛਤਾਉਣਾ ਈ ਪਏ, ਪਰ ਚੜ੍ਹਦੀ ਜਵਾਨੀ ਗਰਮ ਖ਼ੂਨ ਵਿਚ ਇਹ ਗੱਲ ਸੋਚੀ ਨਹੀਂ ਜਾਂਦੀ। ਮੈਂ ਤੁਹਾਡੇ ਸਾਹਮਣੇ ਕੱਲ੍ਹ ਇਹ ਬਚਨ ਪੜ੍ਹਿਆ ਸੀ ਤੇ ਪੜ੍ਹਦਿਆਂ-ਪੜ੍ਹਦਿਆਂ ਇਹ ਵੀ ਅੱਖਰ ਪੜ੍ਹੇ ਸੀ :

"ਵਜਹੁ ਸਾਹਿਬ ਕਾ ਸੇਵ ਬਿਰਾਨੀ॥" (ਅੰਗ ੩੭੬)

ਦਿੱਤਾ ਹੋਇਆ ਮਾਲਕ ਦਾ ਖਾਂਦਾ, ਪੂਜਾ ਹੋਰਨਾਂ ਦੀ ਕਰਦਾ!

"ਐਸੇ ਗੁਨਹ ਅਛਾਦਿਓ ਪ੍ਰਾਨੀ॥" (ਉਹੀ)

ਐਹੋ ਜਿਹੇ ਗੁਨਾਹਾਂ ਦੇ ਹੇਠਾਂ ਇਹ ਪ੍ਰਾਣੀ ਦੱਬਿਆ ਹੋਇਆ ਹੈ, ਇਹੋ ਜਿਹੇ ਗੁਨਾਹਾਂ ਨਾਲ ਸਾਡਾ ਮਨ ਢੱਕਿਆ ਹੋਇਆ ਹੈ ਕਿ ਹਰੀ-ਕਥਾ ਸੁਣੀ ਨਹੀਂ ਜਾਂਦੀ। ਏਥੇ ਮਨ ਉਚਾਟ ਅਤੇ ਉਤਾਵਲਾ ਰਹਿੰਦਾ। ਘਰ ਵਿਚ ਜਿਹੜੀ ਵਸਤੂ ਭਰਪੂਰ ਹੈ

ਉਹਦੇ ਲੱਭਣ ਵਾਸਤੇ ਜੇ ਚੇਟਕ ਲੱਗੇ ਵੀ ਤੇ ਬਾਹਰ ਭਰਮਿਆਂ ਫਿਰਦਾ, ਭੁਲੇਖੇ ਵਿਚ ਫਸਿਆ ਹੋਇਆ ਮਨ। ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ, ਜਿਹੜਾ ਸਦਾ ਅੰਗ ਸੰਗ ਹੈ, ਦਿਨੇ ਰਾਤ ਅੰਗ-ਸੰਗ ਹੈ, ਸੁਆਸ-ਸੁਆਸ, ਅੰਗ-ਸੰਗ ਹੈ—ਉਹ ਤੇ ਸਾਡੇ ਚੇਤੇ ਵਿਚ ਈ ਨਹੀਂ ਆਉਂਦਾ ਤੇ ਜਿਹੜੀਆਂ ਚੀਜ਼ਾਂ ਸਾਡੀਆਂ ਦੁਸ਼ਮਣ ਨੇ, ਜਿਹੜੀਆਂ ਸਾਨੂੰ ਕੁਰਾਹੇ ਪਾ ਰਹੀਆਂ ਨੇ, ਜਿਹੜੇ ਕੁਕਰਮ ਸਾਨੂੰ ਖੂਹ ਵਿਚ ਸੁੱਟ ਰਹੇ ਨੇ, ਜਿਹੜੇ ਵਿਕਾਰ ਸਾਨੂੰ ਆਪਣੀ ਅੱਗ ਵਿਚ ਸਾੜ ਰਹੇ ਨੇ, ਉਨ੍ਹਾਂ ਨੂੰ ਆਪਣੇ ਮਿੱਤਰ ਜਾਣ ਕੇ, ਉਨ੍ਹਾਂ ਨਾਲ ਬੜਾ ਪਿਆਰ ਹੈ :

"ਐਸੇ ਗੁਨਹ ਅਛਾਦਿਓ ਪ੍ਰਾਨੀ ॥ *(ਅੰਗ ੩੨੬)*

ਐਹੋ ਜਿਹੇ ਗੁਨਾਹਾਂ ਨਾਲ ਲੁੱਕਿਆ ਹੋਇਆ ਸਾਡਾ ਭੁੱਲੜ ਮਨ, ਦੱਬਿਆ ਹੋਇਆ ਸਾਡਾ ਭੁੱਲੜ ਮਨ।

"ਹਰਿ ਰਸ ਕੇ ਮਾਤੇ, ਮਨਿ ਸਦਾ ਅਨੰਦ ॥" *(ਅੰਗ ੩੭੭)*

ਦੂਜੇ ਸ਼ਬਦ ਵਿਚ ਹਜ਼ੂਰ ਕਹਿੰਦੇ ਨੇ ਜਿਹੜਾ ਵਾਹਿਗੁਰੂ ਦੇ ਨਾਮ ਦੇ ਰਸ ਵਿਚ ਮਸਤ ਹੋ ਗਿਆ ਨਾਂ, ਉਹ ਮਨ ਤੋਂ ਸਦਾ ਅਨੰਦ ਹੈ, ਸਦਾ ਖੁਸ਼ ਹੈ, ਸਦਾ ਪ੍ਰਸੰਨ ਹੈ।

"ਆਨ ਰਸਾ ਮਹਿ ਵਿਆਪੈ ਚਿੰਦ ॥" *(ਅੰਗ ੩੭੭)*

ਜਿਹੜੇ ਵਾਹਿਗੁਰੂ ਦੇ ਨਾਮ ਦੇ ਰਸ ਨੂੰ ਛੱਡ ਕੇ ਹੋਰ ਦੂਜੇ ਰਸ ਨੇ, ਉਨ੍ਹਾਂ ਨੂੰ ਅੰਗੀਕਾਰ ਕੀਤਿਆਂ, ਉਨ੍ਹਾਂ ਨਾਲ ਪਿਆਰ-ਮੁਹੱਬਤ ਕੀਤਿਆਂ, ਉਨ੍ਹਾਂ ਨੂੰ ਸੇਵਨ ਕੀਤਿਆਂ, ਉਨ੍ਹਾਂ ਨੂੰ ਵਰਤਿਆਂ, ਮਨ ਵਿਚ ਚਿੰਤਾ ਵਿਆਪਦੀ ਹੈ, ਮਨ ਦੁਖੀ ਹੋ ਜਾਂਦਾ।

"ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥" *(ਅੰਗ ੩੭੭)*

ਜਿਵੇਂ ਅਸੀਂ ਹੀਰਿਆਂ ਦੀ, ਲਾਲਾਂ ਦੀ ਮੋਤੀਆਂ ਦੀ ਨੀਲਮ ਔਰ ਪੁਖਰਾਜ ਦੀ, ਚਾਂਦੀ ਔਰ ਸੋਨੇ ਦੀ ਕੀਮਤ ਪਾ ਸਕਨੇ ਆਂ, ਉਹਦੀ ਕੀਮਤ ਅਸੀਂ ਮੁਕੱਰਰ ਕਰ ਸਕਦੇ ਹਾਂ, ਏਸ ਤਰ੍ਹਾਂ ਵਾਹਿਗੁਰੂ ਦੇ ਨਾਮ ਦੇ ਰਸ ਦੀ ਕੋਈ ਮਾਈ ਦਾ ਲਾਲ ਕੀਮਤ ਨਹੀਂ ਪਾ ਸਕਦਾ। ਦੁਨਿਆਵੀ ਪਦਾਰਥਾਂ ਦੀ ਤਰ੍ਹਾਂ ਇਹ ਕੀਮਤ ਨਾਲ ਖਰੀਦਿਆ ਨਹੀਂ ਜਾ ਸਕਦਾ :

"ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥" *(ਉਹੀ)*

ਤੇ ਸਾਹਿਬ ਕਹਿੰਦੇ ਨੇ :

"ਹਰਿ ਰਸੁ ਸਾਧੂ ਹਾਟਿ ਸਮਾਇ ॥" *(ਉਹੀ)*

ਇਹ ਜਿਹੜਾ ਹਰੀ ਪਰਮਾਤਮਾ ਦੇ ਨਾਮ ਦਾ ਰਸ ਹੈ, ਇਹ ਸਾਧੂ ਦੀ ਹੱਟੀ ਵਿਚੋਂ ਮਿਲਦਾ ਹੈ, ਸਾਧੂ ਦੀ ਦੁਕਾਨ ਵਿਚੋਂ ਮਿਲਦਾ ਹੈ। ਮਹਾਂਪੁਰਸ਼ਾਂ ਤਤਵੇਤਾ ਗੁਰਮਤ ਦੇ ਜਾਣੂਆਂ, ਗੁਰਮਤ ਦੇ ਖੋਜੀਆਂ ਨੇ ਸਾਧੂ ਦੀ ਹੱਟੀ ਦਾ ਅਰਥ ਕੀਤਾ ਹੈ ਸਾਧ-ਸੰਗਤ। ਜਿਹੜੀ ਸਾਧਸੰਗਤ ਵਿਚ ਤੁਸੀਂ ਮਾਈ-ਭਾਈ ਮਿਲ ਕੇ ਬੈਠੇ ਹੋ, ਇਹ ਸਾਧਸੰਗਤ ਗੁਰੂ ਕੀ ਹੱਟੀ ਹੈ, ਇਹ ਮਹਾਂ ਪੁਰਸ਼ਾਂ ਦੀ ਦੁਕਾਨ ਹੈ। ਭਾਈ ਸਾਹਿਬ ਗੁਰਦਾਸ ਜੀ

ਦੀਆਂ ਵਾਰਾਂ ਵਿਚ ਵੀ ਇਹ ਜ਼ਿਕਰ ਆਉਂਦਾ ਹੈ। ਭਾਈ ਸਾਹਿਬ ਕਹਿੰਦੇ ਨੇ:

"ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।
ਤਖਤੁ ਬਖਤੁ ਲੈ ਮਲਿਆ, ਸਬਦ ਸੁਰਤਿ ਵਾਪਾਰਿ ਸਪਤਾ।
ਗੁਰਬਾਣੀ ਭੰਡਾਰੁ ਭਰਿ, ਕੀਰਤਨੁ ਕਥਾ ਰਹੈ ਰੰਗ ਰਤਾ।
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ।
ਸਾਧਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ।
ਸਚੁ ਨੀਸਾਣੁ ਦੀਬਾਣੁ ਸਚੁ, ਸਚੁ ਤਾਣੁ ਸਚੁ ਮਾਣੁ ਮਹਤਾ।
ਅਬਚਲੁ ਰਾਜੁ ਹੋਆ ਸਣਖਤਾ ॥੧੯॥ (ਵਾਰ ੨੪ : ੨੦) ਚਾਰੇ ਚੱਕ ਨਿਵਾਇਓਨੁ ਸਿਖ ਸੰਗਤਿ ਆਵੈ ਅਣਗਤਾ। ਲੰਗਰੁ ਚਲੈ ਗੁਰ ਸਬਦਿ, ਪੂਰੇ ਪੂਰੀ ਬਣੀ ਬਣਤਾ। ਗੁਰਮੁਖਿ ਛਤ੍ਰ ਨਿਰੰਜਨੀ, ਪੂਰਨ ਬ੍ਰਹਮ ਪਰਮਪਦ ਪਤਾ। ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ।

... ...

ਸਾਧਸੰਗਤਿ ਹੈ ਗੁਰੁ ਸਭਾ, ਰਤਨ ਪਦਾਰਥ ਵਣਜ ਸਹਤਾ।"

ਇਹ ਜਿਹੜੀ ਸਾਧ-ਸੰਗਤ ਹੈ, ਇਹ ਗੁਰੂ ਕੀ ਸਭਾ ਹੈ, ਗੁਰੂ ਕਾ ਦਰਬਾਰ ਹੈ। ਏਸ ਦਰਬਾਰ ਵਿਚ ਸੰਸਾਰ ਦੀਆਂ ਗੱਲਾਂ ਨਹੀਂ ਹੁੰਦੀਆਂ। ਈਰਖਾ ਦੀਆਂ ਚੁਗਲੀ ਦੀਆਂ, ਨਿੰਦਿਆ ਦੀਆਂ ਗੱਲਾਂ ਨਹੀਂ ਹੁੰਦੀਆਂ

"ਸਾਧਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ।"

ਇਥੇ ਲਾਭ ਵਾਲਾ ਵਣਜ ਹੁੰਦਾ ਹੈ; ਰਤਨ ਪਦਾਰਥ ਇਥੇ ਵਣਜੇ ਜਾਂਦੇ ਨੇ ਯਾਨੀ ਸਤ-ਸੰਤੋਖ, ਦਇਆ-ਧਰਮ, ਧੀਰਜ, ਨੇਕੀ, ਮ੍ਰਿਦਲਤਾ, ਪਰਉਪਕਾਰ ਸਹਿਨਸ਼ੀਲਤਾ, ਜਰਨ ਸ਼ਕਤੀ—ਇਹ ਇਸ ਦੁਕਾਨ ਦੇ ਹੀਰੇ ਨੇ ਤੇ ਵਣਜਦਾ ਕੋਈ ਵਿਰਲਾ ਗੁਰੂ ਕਾ ਲਾਲ ਹੈ! ਸਾਰੇ ਇਨ੍ਹਾਂ ਹੀਰਿਆਂ ਦੇ ਵਾਪਾਰੀ ਨਹੀਂ ਹੁੰਦੇ। ਮੇਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਬੜੀ ਉੱਚੀ ਅਵਸਥਾ ਦਾ ਬਚਨ ਸਾਡੀ ਝੋਲੀ ਪਾ ਦਿੱਤਾ:

"ਹਰਿ ਜਸ ਕਾ ਗਾਹਕ ਵਿਰਲਾ ਕੋ ਜਾਣ"

ਹੋਰਨਾਂ ਗੱਲਾਂ ਦੇ ਗਾਹਕ ਬੇਅੰਤ ਮਿਲ ਜਾਣਗੇ ਪਰ ਵਾਹਿਗੁਰੂ ਦੇ ਨਾਮ ਦੀ ਕਥਾ ਦਾ ਗਾਹਕ ਬਹੁਤ ਕਿਤੇ ਕੋਈ ਵਿਰਲਾ ਮਿਲਦਾ ਹੈ। ਇਸੇ ਕਰਕੇ ਇਹਦੀ ਕੀਮਤ ਨਹੀਂ ਕਹੀ ਜਾਂਦੀ। ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ:

"ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥" *(ਅੰਗ ੧੪੨੭)*

ਕਰੋੜਾਂ ਵਿੱਚੋਂ ਹੈ ਇੱਕ-ਅੱਧਾ ਜਿਹੜਾ ਜੁੜ ਜਾਏ, ਇਥੇ ਆ ਕੇ ਕਥਾ ਨਾਲ ਇਕਮਿਕ ਹੋ ਜਾਏ। ਏਸ ਹਰੀ ਪਰਮਾਤਮਾ ਦੇ ਨਾਮ ਦੀ ਕੀਮਤ ਕਹੀ ਨਹੀਂ ਜਾਂਦੀ ਮਿਲਦਾ ਹੈ ਸਾਧ ਸੰਗਤ ਵਿੱਚੋਂ।

"ਲਾਖ ਕਰੋਰੀ ਮਿਲੈ ਨ ਕੇਹ ॥" *(ਅੰਗ ੩੭੭)*

ਲੱਖਾਂ ਨਾਲ, ਕਰੋੜਾਂ ਨਾਲ, ਅਰਬਾਂ ਖਰਬਾਂ ਰੁਪਈਆਂ ਨਾਲ ਹਰੀ ਦਾ ਨਾਮ ਨਹੀਂ

ਮਿਲ ਸਕਦਾ। ਬੜੇ-ਬੜੇ ਧਨਾਢ ਰਿਆਸਤਾਂ ਦੇ ਮਾਲਕ ਦੁਨੀਆਂ ਵਿਚ ਪਏ ਨੇ, ਅਰਬਾਂ-ਖਰਬਾਂ ਰੁਪੈ ਜਿਨ੍ਹਾਂ ਕੋਲ ਪਏ ਨੇ ਪਰ ਨਾਮ ਉਨ੍ਹਾਂ ਕੋਲ ਹੈ ਨਹੀਂ : ***"ਜਿਸਹਿ ਪਰਾਪਤਿ ਤਿਸ ਹੀ ਦੇਹਿ ॥***

ਇਨ੍ਹਾਂ ਅੱਖਰਾਂ ਨਾਲ ਇਕ ਮਿੰਟ ਦਾ ਮਿੰਟ ਜਿੰਨੇ ਤੁਸੀਂ ਆਏ ਓ, ਜੁੜਿਓ :

"ਹਰਿ ਰਸ ਕੀ ਕੀਮਤਿ ਕਹੀ ਨ ਜਾਇ॥
ਹਰਿ ਰਸੁ ਸਾਧੂ ਹਾਟਿ ਸਮਾਇ॥" (ਉਹੀ)
"ਜਿਸਹਿ ਪਰਾਪਤਿ ਤਿਸ ਹੀ ਦੇਹਿ॥" (ਉਹੀ)

ਇਥੇ ਆ ਕੇ ਕਈ-ਕਈ ਦਾਨੇ ਉਲਝਣ ਵਿਚ ਪੈ ਜਾਂਦੇ ਨੇ ਪਈ ਜਿਸ ਨੂੰ ਨਾਮ ਪ੍ਰਾਪਤ ਹੈ, ਵਾਹਿਗੁਰੂ ਨਾਮ ਉਹਨੂੰ ਹੀ ਦੇਂਦਾ ਹੈ ਤਾਂ ਅਰਥ ਕੋਈ ਬਣਿਆ ਨਹੀਂ ਪਈ ਜਿਹਨੂੰ ਨਾਮ ਪ੍ਰਾਪਤ ਹੈ ਉਹਨੂੰ ਵਾਹਿਗੁਰੂ ਦੇਂਦਾ ਹੈ। ਜਿਸ ਨੂੰ ਅੱਗੇ ਹੀ ਪ੍ਰਾਪਤ ਹੈ ਉਹਨੂੰ ਹੋਰ ਕੀ ਦੇਣਾ ? ਮੇਰੇ ਵਿੱਦਿਆ ਦਾਤਾ ਨੇ ਮੈਨੂੰ ਇਹਦਾ ਅਰਥ ਸਮਝਾਇਆ ਸੀ।

'ਜਿਸਹਿ ਪਰਾਪਤਿ', ਸਾਧੂ ਦੀ ਹੱਟੀ ਜਿਸ ਨੂੰ ਸਾਧ ਸੰਗਤ ਪ੍ਰਾਪਤ ਹੈ ਜਿਸ ਨੂੰ, ਸਾਧਸੰਗਤ ਹਾਸਲ ਹੈ, ਜਿਹੜਾ ਸਾਧ ਸੰਗਤ 'ਚ ਆ ਕੇ ਜੁੜ ਗਿਆ ਇਹ ਨਾਮ-ਰਸ ਉਹਨੂੰ ਦੇਂਦਾ ਵਾਹਿਗੁਰੂ।

"ਜਿਸਹਿ ਪਰਾਪਤਿ", ਜਿਸ ਨੂੰ ਸਾਧ ਸੰਗਤ ਪ੍ਰਾਪਤ ਹੈ ਜਿਹੜਾ ਸਾਧ ਸੰਗਤ ਵਿਚ ਆਉਂਦਾ ਹੈ, ਜਿਹੜਾ ਸਾਧ ਸੰਗਤ ਵਿਚ ਆ ਕੇ ਇਕਾਗਰ ਚਿਤ ਹੋ ਕੇ ਗੁਰੂ ਕਾ ਬਚਨ ਸੁਣਦਾ, ਉਹਨੂੰ ਇਹ ਹਰੀ ਦੇ ਨਾਮ ਦਾ ਰਸ ਮਿਲਦਾ :

"ਜਿਸਹਿ ਪਰਾਪਤਿ ਤਿਸ ਹੀ ਦੇਹਿ ॥" (ਉਹੀ)

ਲੱਖਾਂ ਕਰੋੜਾਂ ਨਾਲ ਨਹੀਂ, ਜਿਸ ਨੂੰ ਸਾਧ-ਸੰਗਤ ਪ੍ਰਾਪਤ ਹੈ ਉਹਨੂੰ ਇਹ ਨਾਮ ਮਿਲਦਾ, ਵਰਨਾ ਇਹ ਨਾਮ ਹੱਥ ਨਹੀਂ ਆਉਂਦਾ। ਜਿਸ ਵੇਲੇ ਨਾਮ ਨਾਮ ਨਾਮ ਦਾ ਜ਼ਿਕਰ ਕਰਦੇ ਜਾਈਏ ਤਾਂ ਸੁਤੇ ਸਿੱਧ ਇੱਕ ਸੁਆਲ ਪੈਦਾ ਹੋਵੇਗਾ ਕਿ ਏਸ ਨਾਮ ਵਿਚ ਕਾਮਯਾਬੀ ਕਿਸ ਤਰ੍ਹਾਂ ਹੋਵੇ ? ਸਾਧਾਰਨ ਆਦਮੀ ਨੂੰ ਵੀ ਇਹ ਸੁਆਲ ਉਤਪੰਨ ਹੋ ਸਕਦਾ ਹੈ। ਚੰਗੇ ਦਾਨੇ ਸਿਆਣੇ ਨੂੰ ਵੀ ਇਹ ਸੁਆਲ ਉਤਪੰਨ ਹੋ ਸਕਦਾ ਪਈ ਨਾਮ ਨਾਮ ਤੇ ਅਸੀਂ ਕਹੀ ਜਾਂਦੇ ਹਾਂ, ਇਹਦੇ ਵਿਚ ਕਾਮਯਾਬੀ ਕਿਸ ਤਰ੍ਹਾਂ ਹੋਵੇ ? ਤਾਂ ਭਾਈ ਸਾਹਿਬ ਭਾਈ ਗੁਰਦਾਸ ਜੋ ਸਿੱਖ ਪੰਥ ਦੇ ਬੇਦ ਬਿਆਸ ਮੰਨੇ ਗਏ ਨੇ, ਕਹਿੰਦੇ ਨੇ :

"ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ,
ਜਾਨਤ ਸੁ ਸ੍ਰਮ ਹੋਇ ਜਾਂ ਕੈ ਗਨ ਰਾਖੀਐ ॥"

(ਕਬਿੱਤ ਨੰ: ੫੮੫)

ਜਿਸ ਤਰ੍ਹਾਂ ਲੱਖਾਂ-ਕਰੋੜਾਂ, ਅਰਬਾਂ-ਖਰਬਾਂ ਦੀ ਰਕਮ ਕਾਗਜ਼ ਉਤੇ ਲਿਖਣ ਲੱਗਿਆਂ ਲਿਖਣ ਵਾਲੇ ਨੂੰ ਇਕ ਚੌਲ ਦੇ ਦਾਣੇ ਜਿੰਨਾ ਭਾਰ ਨਹੀਂ ਵਿਆਪਦਾ, ਉਨ੍ਹਾਂ ਲੱਖਾਂ ਕਰੋੜਾਂ ਦੀ ਤਕਲੀਫ ਦਾ ਉਹਨੂੰ ਪਤਾ ਜਿਸ ਦੇ ਸਿਰ 'ਤੇ ਲੱਖਾਂ-ਕਰੋੜਾਂ ਗਿਣ

ਕੇ ਗੱਠੜੀ ਬੰਨ੍ਹ ਕੇ ਲੱਦ ਦਈਏ, ਜਿਸ ਦੇ ਸਿਰ 'ਤੇ ਭਾਰ ਚੁਕਾ ਦਈਏ। ਉਹ ਤੇ ਹੇਠਾਂ ਮਹਿਸੂਸ ਕਰਦਾ ਕਿ ਮੈਂ ਭਾਰ ਹੇਠਾਂ ਆਇਆ ਹੋਇਆ ਹਾਂ, ਮੇਰੇ ਸਿਰ 'ਤੇ ਬੋਝ ਹੈ। ਜਿਹੜਾ ਲਿਖ ਦੇਂਦਾ ਹੈ ਕਾਗਜ਼ ਦੇ ਉਤੇ, ਉਹਨੂੰ ਇਕ ਰੰਚਕ ਮਾਤਰ ਖਸਖਸ ਦੇ ਦਾਣੇ ਜਿੰਨਾ ਭਾਰ ਨਹੀਂ ਵਿਆਪਦਾ। ਪ੍ਰਮਾਣ ਦੇ ਰਹੇ ਨੇ ਭਾਈ ਜੀ ਕਿ ਕਾਮਯਾਬੀ ਕਿਸ ਤਰ੍ਹਾਂ ਹੋਵੇ ? ਇਨ੍ਹਾਂ ਪ੍ਰਮਾਣਾਂ ਦੀ ਤਹਿ ਤਕ ਤੁਸਾਂ ਗੁਰਮੁਖਾਂ ਪੁੱਜਣਾ ਹੈ।

"ਜੈਸੇ ਅੰਮ੍ਰਿਤ ਅੰਮ੍ਰਿਤ ਕਹੇ ਪਾਈਐ ਨਾ ਅੰਮ੍ਰਿਤ ਰਸ ਜੌ ਲੌ ਰਸਨਾ ਕਹ ਸੁ ਰਸ ਅੰਮ੍ਰਿਤ ਨਾ ਚਾਖੀਐ ॥"

ਚੌਂਕੜੀ ਮਾਰ ਲਈਏ, ਸੰਗਤ ਵਿਚ ਬੈਠ ਜਾਈਏ ਜਾਂ ਹੋਰ ਕਿਤੇ ਬੈਠ ਜਾਈਏ, ਅੰਮ੍ਰਿਤ ਅੰਮ੍ਰਿਤ ਕਰਦੇ ਰਹੀਏ ਤਾਂ ਅੰਮ੍ਰਿਤ ਅੰਮ੍ਰਿਤ ਕਹਿਣ ਨਾਲ ਅੰਮ੍ਰਿਤ ਪ੍ਰਾਪਤ ਨਹੀਂ ਹੋ ਜਾਣਾ ਜਿੰਨਾ ਚਿਰ ਆਪਣੀ ਰਸਨਾ ਨਾਲ ਉਸ ਅੰਮ੍ਰਿਤ ਰਸ ਦਾ ਸੁਆਦ ਨਹੀਂ ਚਖਿਆ ਜਾਂਦਾ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ :

"ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥
ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥" *(ਅੰਗ ੮੦੮)*

ਇਕ ਜਗ੍ਹਾ ਹਜ਼ੂਰ ਫੁਰਮਾਉਂਦੇ ਨੇ :

"ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥" *(ਅੰਗ ੧੩੯੬)*

ਉਹ ਜਿਹੜਾ ਸੱਚਾ ਵਾਹਿਗੁਰੂ ਹੈ, ਜਿਨ ਸਾਰਾ ਸੰਸਾਰ ਬਣਾਇਆ ਹੈ, ਉਹ ਅਭੁੱਲ ਹੈ, ਉਹ ਭੁੱਲਣ ਵਿਚ ਨਹੀਂ ਆਉਂਦਾ :

"ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥" *(ਉਹੀ)*

ਵਾਹਿਗੁਰੂ ਦਾ ਨਾਮ ਜੋ ਹੀਰਾ ਰਤਨ ਹੈ ਅਮੋਲਕ, ਇਹਦੀ ਕੀਮਤ ਨਹੀਂ ਪਾਈ ਜਾ ਸਕਦੀ। ਇਹ ਅਮੋਲਕ ਹੀਰਾ ਹੈ, ਇਹ ਅਮੋਲਕ ਰਤਨ ਹੈ। ਭਾਈ ਸਾਹਿਬ ਇਹਦਾ ਪ੍ਰਮਾਣ ਦੇ ਰਹੇ ਨੇ। ਅੰਮ੍ਰਿਤ ਅੰਮ੍ਰਿਤ ਕਰਦਿਆਂ ਰਸ ਅੰਮ੍ਰਿਤ ਨਹੀਂ ਆ ਜਾਣਾ ਜਿੰਨਾ ਚਿਰ ਅੰਮ੍ਰਿਤ ਰਸ ਰਸਨਾ ਨਾਲ ਚੱਖਿਆ ਨਾ ਜਾਏ। ਤੀਸਰੇ ਪ੍ਰਮਾਣ ਨੂੰ ਸਾਰੀ ਸੰਗਤ ਗੌਰ ਨਾਲ ਸੁਣਿਓ :

"ਬੰਦੀਜਨ ਕੀ ਅਸੀਸ, ਭੂਪਤ ਨ ਹੋਇ ਕੋਊ"

ਬੰਦੀ ਜਨ ਕਹਿੰਦੇ ਨੇ ਉਨ੍ਹਾਂ ਕਵੀਸ਼ਰਾਂ ਨੂੰ ਜਿਹੜੇ ਰਾਜਿਆਂ ਦੇ ਦਰਬਾਰ ਵਿਚ ਰਾਜਿਆਂ ਦੀ ਝੋਲੀ ਚੁੱਕਣ ਵਾਸਤੇ ਉਨ੍ਹਾਂ ਦੀ ਉਪਮਾ ਦੀਆਂ ਕਵਿਤਾ ਪੜ੍ਹਦੇ ਨੇ। ਉਨ੍ਹਾਂ ਨੂੰ ਬੰਦੀ ਜਨ ਕਹਿੰਦੇ ਨੇ। ਉਹ ਜਿਹੜੇ ਬੰਦੀ ਜਨ ਨੇ, ਕਾਵਿ ਰਚਨਾ ਜਾਣਦੇ ਨੇ। ਕਾਵਿ ਰਚਨਾ ਬੜੀ ਅਲੌਕਿਕ ਹੁੰਦੀ ਹੈ। ਉਨ੍ਹਾਂ ਰਾਜਿਆਂ ਮਹਾਰਾਜਿਆਂ ਨੂੰ ਆਪਣੀ ਕਾਵਿ ਰਚਨਾ ਨਾਲ ਮੋਹ ਲੈਂਦੇ ਨੇ ਪਰ ਜੇ ਉਹ ਬੰਦੀ ਜਨ ਜਿਹੜਾ ਚਹੁੰ ਰੁਪਿਆਂ ਦੀ ਉਡੀਕ ਵਿਚ ਆਪਣੇ ਰਾਜੇ ਦੀ ਉਪਮਾ ਕਰਨ ਲੱਗਾ ਹੈ, ਰਾਜੇ ਦੀ ਫੋਕੀ ਵਡਿਆਈ ਕਰ ਰਿਹਾ ਹੈ, ਓਸ ਦੀ ਅਸੀਸ ਨਾਲ ਕੋਈ ਆਦਮੀ ਤਖ਼ਤ ਦਾ ਮਾਲਕ ਮਹਾਰਾਜਾ ਨਹੀਂ ਬਣ ਸਕਦਾ।

"ਸਿੰਘਾਸਣ ਬੈਠੇ ਜੈਸੇ ਚਕ੍ਰਵੈ ਨ ਭਾਖੀਐ ।"

ਜਿੰਨਾ ਚਿਰ ਕੋਈ ਸਿੰਘਾਸਨ, ਆਸਣ, ਤਖਤ ਉਤੇ ਬੈਠ ਨਹੀਂ ਜਾਂਦਾ, ਉਹਦੇ ਮੱਥੇ 'ਤੇ ਰਾਜ ਸਿੰਘਾਸਨ ਦਾ ਤਿਲਕ ਲੱਗ ਨਹੀਂ ਜਾਂਦਾ ਤੇ ਦਰਬਾਰ ਦਾ ਕੋਈ ਖਾਸ ਦਰਬਾਰੀ ਉਹਦੀ ਘੋਸ਼ਨਾ ਕਰਦਾ ਕਿ ਅੱਜ ਤੋਂ ਫਲਾਣਾ ਸਾਡਾ ਰਾਜਾ ਹੈ ਇਸ ਨੂੰ ਅੱਜ ਤਾਜ ਪਹਿਨਾਇਆ ਗਿਆ ਉਨਾ ਚਿਰ ਕੋਈ ਰਾਜਾ ਤੇ ਨਹੀਂ ਬਣ ਸਕਦਾ। ਸੋ ਕਵੀ ਦੀ ਕਵਿਤਾ ਨਾਲ ਤੇ ਰਾਜਾ ਨਹੀਂ ਬਣ ਜਾਣਾ !

"ਬੰਦੀਜਨ ਕੀ ਅਸੀਸ ਭੂਪਤ ਨਾ ਹੋਇ ਕੋਊ,
ਸਿੰਘਾਸਣ ਬੈਠੇ ਜੈਸੇ ਚਕ੍ਰਵੈ ਨ ਭਾਖੀਐ ॥"

ਜਿਸ ਤਰ੍ਹਾਂ ਕਿਸੇ ਕਵੀ ਦੀ ਅਸੀਸ ਨਾਲ ਕੋਈ ਮੰਗਤਾ, ਮਹਾਰਾਜਾ ਨਹੀਂ ਬਣ ਸਕਦਾ, ਜਿਸ ਤਰ੍ਹਾਂ ਕੇਵਲ ਅੰਮ੍ਰਿਤ ਅੰਮ੍ਰਿਤ ਕਹਿਣ ਨਾਲ ਸਾਡੀ ਰਸਨਾ ਨੂੰ ਅੰਮ੍ਰਿਤ ਦਾ ਰਸ ਨਹੀਂ ਆ ਸਕਦਾ, ਜਿਵੇਂ ਲੱਖ ਕਰੋੜ ਲਿਖਦਿਆਂ ਲਿਖਦਿਆਂ ਕਿਸੇ ਨੂੰ ਭਾਰ ਨਹੀਂ ਵਿਆਪਦਾ—

"ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰਮਤਿ" (ਉਹੀ)

ਇਸੇ ਤਰ੍ਹਾਂ ਕਿਤੇ ਗੁਰਮਤਿ ਦਾ ਜ਼ਿਕਰ ਲਿਖਿਆ ਹੋਇਆ, ਉਹ ਕਿਸੇ ਨੇ ਪੜ੍ਹ ਲਿਆ; ਅਸਾਂ ਉਹਨੂੰ ਸੁਣ ਲਿਆ—ਕੇਵਲ ਸੁਣਨ ਨਾਲ ਤੇ ਪੜ੍ਹਨ ਨਾਲ, ਪੜ੍ਹ ਕੇ ਸੁਣਾ ਦੇਣ ਨਾਲ ਗੁਰਮਤਿ ਨਹੀਂ ਆ ਸਕਦੀ।

"ਜੌ ਲੌ ਗੁਰਸਬਦ ਕੀ ਸੁਜੁਕਤ ਨ ਲਾਖੀਐ" (ਉਹੀ)

ਜਿੰਨਾ ਚਿਰ ਗੁਰੂ ਕੇ ਸ਼ਬਦ ਦੇ ਅਭਿਆਸ ਦੀ ਜੁਗਤੀ ਨਹੀਂ ਆਉਂਦੀ, ਜਿੰਨਾ ਚਿਰ ਗੁਰੂ ਕੇ ਸ਼ਬਦ ਦੀ ਕਮਾਈ ਕਰਨ ਦਾ ਸਾਨੂੰ ਢੰਗ ਨਹੀਂ ਆਉਂਦਾ, ਜਿੰਨਾ ਚਿਰ ਅਸੀਂ ਸ਼ਬਦ ਵਿਚ ਲੀਨ ਨਹੀਂ ਹੋ ਜਾਂਦੇ, ਉਨਾ ਚਿਰ ਹਰੀ ਪਰਮਾਤਮਾ ਦੇ ਨਾਮ ਦਾ ਰਸ ਨਹੀਂ ਆਵੇਗਾ। ਵੀਹ ਵਾਰਾਂ ਲਿਖਿਆ ਹੋਇਆ ਹੋਵੇ, ਵੀਹ ਵਾਰਾਂ ਪੜ੍ਹ ਕੇ ਕੋਈ ਸੁਣਾ ਦਏ, ਵੀਹ ਵਾਰਾਂ ਕੋਈ ਸਰੋਤਾ ਸੁਣ ਲਏ, ਨਿਰਾ ਪੜ੍ਹਨ, ਸੁਣਨ, ਸੁਣਾਉਣ ਨਾਲ ਗੁਰਮਤਿ ਨਹੀਂ ਆਵੇਗੀ ਜਿੰਨਾ ਚਿਰ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਦੀ ਜੁਗਤੀ ਨਾ ਹੋਵੇ। ਤੇ ਹੁਣ ਸੁਆਲ ਤੋਂ ਅੱਗੇ ਹੋਰ ਸੁਆਲ ਪੈਦਾ ਹੋਵੇਗਾ ਕਿ ਜੁਗਤੀ ਕਿਸ ਤਰ੍ਹਾਂ ਹਾਸਲ ਹੋਵੇ ? ਤਾਂ ਸਾਹਿਬ ਸੱਚੇ ਪਾਤਸ਼ਾਹ ਦੇ ਅਨਿੰਨ ਭਗਤ ਭਾਈ ਸਾਹਿਬ ਭਾਈ ਗੁਰਦਾਸ ਕਹਿੰਦੇ ਨੇ :

"ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ,
ਜੌ ਲੌ ਨ ਮਿਟਤ ਰੋਗ, ਤੌ ਲੌ ਬਿਲਲਾਤ ਹੈ॥"

(ਕਬਿੱਤ ਨੰ: ੫੮੭)

ਜੈਸੇ ਬ੍ਰਿਥਾਵੰਤ ਮਾਇਨੇ ਬੀਮਾਰ, ਕਿਸੇ ਰੋਗ ਦਾ ਗ੍ਰਸਿਆ ਹੋਇਆ, ਕਿਸੇ ਪੁਰਾਣੇ ਰੋਗ ਦਾ ਰੋਗੀ, ਉਹ ਹਰ ਇਕ ਵੈਦ ਨੂੰ, ਹਰ ਇਕ ਹਕੀਮ ਨੂੰ, ਹਰ ਇਕ ਦਵਾਈ ਜਾਨਣ ਵਾਲੇ ਨੂੰ ਪੁੱਛਦਾ ਫਿਰਦਾ, ਕੇਵਲ ਪੁੱਛਣ ਨਾਲ ਤੇ ਉਹਦਾ ਰੋਗ ਨਹੀਂ ਹਟ

ਜਾਣਾ ! ਜਿੰਨਾ ਚਿਰ ਉਹਦਾ ਰੋਗ ਮਿਟ ਨਾ ਜਾਏ, ਰੋਗ ਹਟ ਨਾ ਜਾਏ, ਉਹ ਤੰਦਰੁਸਤ ਹੋ ਨਾ ਜਾਏ, ਉਨਾ ਚਿਰ ਉਹ ਰੋਂਦਾ ਰਹਿੰਦਾ ਹੈ, ਉਨਾ ਚਿਰ ਹਕੀਮਾਂ ਨੂੰ ਜਾ ਕੇ ਪੁੱਛਦਾ ਰਹਿੰਦਾ ਹੈ, ਆਪਣਾ ਦੁੱਖ ਹਰ ਇਕ ਕੋਲ ਰੋਂਦਾ ਰਹਿੰਦਾ। ਹਟਦਾ ਨਹੀਂ। ਆਪਣਾ ਜਤਨ ਕਰੀ ਜਾਂਦਾ। ਇਹ ਨਹੀਂ ਕਿ ਇਕ ਕੋਲੋਂ ਪੁੱਛਿਆ, ਆਰਾਮ ਨਹੀਂ ਆਇਆ ਤਾਂ ਫਿਰ ਪੁੱਛਣੋਂ ਹਟ ਈ ਗਿਆ। ਨਹੀਂ ! ਪੁੱਛਦਾ ਹੀ ਰਹਿੰਦਾ ਤੇ ਫਿਰ ਪੁੱਛਦਿਆਂ ਪੁੱਛਦਿਆਂ ਕਦੇ ਨਾ ਕਦੇ ਕੋਈ ਮਿਲ ਪੈਂਦਾ ਹੈ, ਕੋਈ ਸੰਨਿਆਸੀ, ਕੋਈ ਮਾਹਿਰ ਨਿਪੁੰਨ ਤੇ ਉਹ ਐਸੀ ਇਕ ਬੂਟੀ ਦੇ ਜਾਂਦਾ, ਜਿਸ ਦੇ ਨਾਲ ਉਹਦਾ ਰੋਗ ਹਟ ਜਾਂਦਾ।

"ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ,
ਤੌ ਲੌ ਨਹੀਂ ਆਵੈ ਚੈਨ, ਜੌ ਲੌ ਨ ਅਘਾਤ ਹੈ ॥"

ਜਿੰਨਾ ਚਿਰ ਭਿਖਿਆ ਮੰਗਣ ਵਾਲਾ ਭਿਖਾਰੀ ਫਕੀਰ ਮੰਗਤਾ ਭਿਖਿਆ ਮੰਗਦਾ ਮੰਗਦਾ, ਦੁਆਰੇ ਦੁਆਰੇ ਡੋਲਦਾ ਭਰਮਦਾ, ਕੋਈ ਝਿੜਕਾਂ ਦੇਂਦਾ, ਕੋਈ ਗਾਲ੍ਹਾਂ ਕੱਢਦਾ, ਕੋਈ ਬੋਲੀਆਂ ਮਾਰਦਾ ਪਰ ਉਹ ਭੀਖ ਮੰਗੀ ਜਾਂਦਾ, ਜਿੰਨਾ ਚਿਰ ਉਹਨੂੰ ਕਿਸੇ ਦਰੋਂ-ਘਰੋਂ ਰੱਜਣ ਜੋਗਾ ਅੰਨ ਨਾ ਮਿਲ ਜਾਏ, ਉਨਾ ਚਿਰ ਉਹਨੂੰ ਚੈਨ ਨਹੀਂ ਆਉਂਦਾ ਤੇ ਉਹ ਮੰਗਦਾ ਈ ਰਹਿੰਦਾ ਹੈ। ਹੋਰ ਪ੍ਰਮਾਣ ਭਾਈ ਜੀ ਦਿੰਦੇ ਹਨ :

"ਜੈਸੇ ਬਿਰਹਨੀ ਸੌਨ ਸਗਨ ਲਗਨ ਸੋਧੈ,"

ਬਿਰਹਨੀ ਮਾਇਨੇ ਵਿਛੜੀ ਹੋਈ, ਆਪਣੇ ਪਤੀ ਨਾਲੋਂ ਵਿਛੜੀ ਹੋਈ ਜਿਸ ਦਾ ਪਤੀ ਕਿਸੇ ਕਾਰਨ ਪ੍ਰਦੇਸ ਚਲੇ ਗਿਆ ਤੇ ਇਹ ਪਤੀ ਦੀ ਭਗਤਣੀ ਹੈ, ਇਹ ਪਤੀ ਨੂੰ ਪ੍ਰਮੇਸਰ ਜਾਣ ਕੇ ਪੂਜਣ ਵਾਲੀ ਹੈ। ਉਹ ਜਿਹੜਾ ਪਤੀ ਦਾ ਵਿਛੋੜਾ ਵਿਆਪ ਰਿਹਾ ਹੈ ਉਹਦੇ ਵਿਚ, ਉਹਦੀ ਤਲਖੀ ਅੰਦਰ ਉਹ ਜੋਤਸ਼ੀਆਂ ਨੂੰ ਪੁੱਛਦੀ ਏ, ਉਹ ਚੰਗਿਆਂ ਚੰਗਿਆਂ ਦਾਨਿਆਂ ਸਿਆਣਿਆਂ ਨੂੰ ਪੁੱਛਦੀ ਏ, ਔਸੀਆਂ ਪਾਉਂਦੀ ਏ, ਕਾਂ ਉਡਾਉਂਦੀ ਏ।

"ਜੌ ਲੌ ਨ ਭਤਾਰ ਭੇਟੈ, ਤੌ ਲੌ ਅਕੁਲਾਤ ਹੈ ॥" *(ਉਹੀ)*

ਜਿੰਨਾ ਚਿਰ ਉਹਨੂੰ ਪਤੀ ਮਿਲ ਨਾ ਪਏ, ਜਿੰਨਾ ਚਿਰ ਉਹਦੇ ਸਿਰ ਦਾ ਸੁਹਾਗ ਘਰ ਆ ਨਾ ਜਾਏ, ਵਿਹੜੇ ਨੂੰ ਭਾਗ ਨਾ ਲੱਗ ਜਾਏ, ਉਨਾ ਚਿਰ ਅਕੁਲਾਤ ਮਾਇਨੇ ਬਿਹਬਲ ਜਿਹੀ ਰਹਿੰਦੀ ਹੈ, ਉਨਾ ਚਿਰ ਉਹ ਬੜੀ ਘਬਰਾਈ ਹੋਈ ਰਹਿੰਦੀ ਹੈ। ਤਿੰਨ ਪ੍ਰਮਾਣ ਦਿੱਤੇ ਨੇ। ਜਿਸ ਤਰ੍ਹਾਂ ਪਤੀ ਪ੍ਰਦੇਸ ਗਿਆ ਹੋਵੇ ਤਾਂ ਪਤੀ-ਬ੍ਰਤਾ ਕਾਂ ਉਡਾਉਂਦੀ ਏ, ਔਸੀਆਂ ਪਾਉਂਦੀ ਹੈ, ਜਿੰਨਾ ਚਿਰ ਘਰ ਨਾ ਜਾ ਜਾਏ ਉਨਾ ਚਿਰ ਉਹ ਬਿਹਬਲ ਰਹਿੰਦੀ ਹੈ। ਜਿੰਨਾ ਚਿਰ ਰੋਗੀ ਦਾ ਰੋਗ ਮਿਟ ਨਾ ਜਾਏ ਉਹ ਪੁੱਛਣੋਂ ਨਹੀਂ ਹਟਦਾ। ਜਿੰਨਾ ਚਿਰ ਭਿਖਾਰੀ ਦਾ ਢਿੱਡ ਭਰਨ ਜਿੰਨਾ ਅੰਨ ਮਿਲ ਨਾ ਜਾਏ ਉਨਾ ਚਿਰ ਉਹ ਦੁਆਰੇ-ਦੁਆਰੇ ਅਲਖ ਜਗਾਉਂਦਾ ਰਹਿੰਦੇ। ਤਿੰਨ ਪ੍ਰਮਾਣ ਦੇ ਕੇ ਚੌਥੀ ਤੁਕ ਵਿਚ ਭਾਈ ਸਾਹਿਬ ਕਹਿੰਦੇ ਨੇ :

"ਤੈਸੇ ਖੋਜੀ ਖੋਜੈ ਅਲ ਕਮਲ ਕਮਲ ਗਤਿ,

ਜੌ ਲੌ ਨ ਪਰਮ ਪਦ ਸੰਪਟ ਸਮਾਤ ਹੈ ॥" (ਉਹੀ)

ਵਾਹਿਗੁਰੂ ਦਾ ਖੋਜੀ ਵਾਹਿਗੁਰੂ ਨੂੰ ਖੋਜਦਾ ਹੈ, ਨਿਤਾਪ੍ਰਤੀ ਖੋਜਦਾ ਹੈ, ਦਿਨੇ ਰਾਤ ਖੋਜਦਾ ਹੈ ਜਿਸ ਤਰ੍ਹਾਂ ਭਉਰਾ ਹਰ ਇਕ ਫੁੱਲ 'ਤੇ ਬਹਿੰਦਾ ਉਡਦਾ, ਬਹਿੰਦਾ ਉਡਦਾ ਪਰ ਕਿਸੇ ਫੁੱਲ 'ਤੇ ਐਸੀ ਬਹਿਣੀ ਬਹਿੰਦਾ ਹੈ ਕਿ ਮਕਰੰਦ ਰਸ ਆ ਜਾਂਦਾ ਹੈ ਤੇ ਉਹ ਮਸਤ ਹੋ ਜਾਂਦਾ ਹੈ। ਤ੍ਰਿਕਾਲਾਂ ਪੈ ਜਾਂਦੀਆਂ ਨੇ; ਸੂਰਜ ਛਿਪ ਜਾਂਦਾ ਕਮਲ ਫੁੱਲ ਮੀਟਿਆ ਜਾਏ, ਭੌਰਾ ਵਿਚੇ ਹੀ ਕੈਦ ਹੋ ਜਾਂਦਾ, ਉਥੇ ਹੀ ਉਹ ਸਾਰੀ ਰਾਤ ਨਿੱਕੀਆਂ ਨਿੱਕੀਆਂ ਪੱਤੀਆਂ ਦੀ ਸੇਜ ਉਤੇ ਉਹ ਸਾਰੀ ਰਾਤ ਗੁਜ਼ਾਰਾ ਕਰਦਾ ਹੈ, ਜਿਸ ਤਰ੍ਹਾਂ ਭੌਰਾ ਕਮਲ ਫੁੱਲ ਦੇ ਡੱਬੇ ਵਿਚ ਸਮਾਇਆ ਹੋਇਆ ਉਹਦੀਆਂ ਪੱਤੀਆਂ ਦੀ ਸੇਜਾ ਬਣਾ ਕੇ ਮਕਰੰਦ ਰਸ ਮਾਣਦਾ, ਹੋਇਆ ਸੁਖ ਨਾਲ ਰਾਤ ਕਟਦਾ ਹੈ, ਇਸੇ ਤਰ੍ਹਾਂ ਖੋਜਣ ਵਾਲਾ ਖੋਜੀ, ਵਾਹਿਗੁਰੂ ਦੇ ਨਾਮ ਦਾ ਪਿਆਸਾ ਦਿਨੇ ਰਾਤ ਖੋਜਦਾ ਖੋਜਦਾ, ਉਨਾ ਚਿਰ ਖੋਜਦਾ ਰਹਿੰਦਾ ਜਿੰਨਾ ਚਿਰ ਪਰਮ ਪਦਵੀ ਦਸਵੇਂ ਦੁਆਰ ਦੇ ਡੱਬੇ ਵਿਚ ਸਮਾ ਨਾ ਜਾਵੇ।

"ਜੈਸੇ ਦੀਪ ਦੀਪਤ ਪਤੰਗ ਲੋਟ ਪੋਟ ਹੋਤ,"

(ਕਬਿੱਤ ਨੰ: ੫੯੦)

ਜਿਸ ਵੇਲੇ ਦੀਵਾ ਬਲਦਾ, ਪ੍ਰਵਾਨਾ ਦੂਰੋਂ ਉਡ ਕੇ ਆਉਂਦਾ, ਚਾਰ-ਚੁਫੇਰੇ ਸਾਰੀ ਰਾਤ ਭੌਂਦਾ ਰਹਿੰਦਾ, ਲੋਟ ਪੋਟ ਹੋਇਆ ਰਹਿੰਦਾ; ਭੁਆਂਟਣੀਆਂ ਲੈਂਦਾ ਰਹਿੰਦਾ। ਸਵੇਰਾ ਹੋਇਆ, ਦੀਵਾ ਬੁਝ ਗਿਆ, ਪ੍ਰਵਾਨਾ ਚਲੇ ਗਿਆ। ਅਗਲੇ ਦਿਨ ਫੇਰ ਆਇਆ ਭੌਂਦਾ ਰਿਹਾ, ਸਵੇਰਾ ਹੋਇਆ, ਦੀਵਾ ਬੁਝਾ ਦਿੱਤਾ, ਪ੍ਰਵਾਨਾ ਚਲੇ ਗਿਆ। ਮਹੀਨਾ ਦੋ ਮਹੀਨੇ, ਢਾਈ ਮਹੀਨੇ, ਤਿੰਨ ਮਹੀਨੇ, ਰੋਜ਼ ਆਉਂਦਾ ਪ੍ਰਵਾਨਾ। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ :

"ਕਬਹੂੰ ਕੈ ਜਾਰਾ ਮੈ ਪਰਤ ਜਰ ਜਾਇ ਹੈ ॥" (ਉਹੀ)

ਕਿਸੇ ਨਾ ਕਿਸੇ ਦਿਨ ਉਹ ਪ੍ਰਵਾਨਾ ਦੀਵੇ ਦੀ ਲਾਟ ਉਤੇ ਬਹਿ ਜਾਂਦਾ ਤੇ ਬੈਠ ਕੇ ਸੜ ਕੇ ਦੀਵੇ ਵਰਗਾ ਲਾਲ ਸੁਰਖ ਹੋ ਜਾਂਦਾ, ਉਹਦੇ ਵਿਚ ਤੇ ਦੀਵੇ ਵਿਚ ਫਰਕ ਕੋਈ ਨਹੀਂ ਰਹਿੰਦਾ। ਐਨ ਹੂ-ਬਹੂ ਦੀਵੇ ਵਰਗਾ ਬਣ ਜਾਂਦਾ, ਲਾਲ ਸੂਰਖ ਹੋ ਜਾਂਦਾ ਪਰ ਜੇ ਇੱਕੋ ਦਿਨ ਆਵੇ ਲਾਟ ਉਤੇ ਬੈਠ ਕੇ ਦੀਵੇ ਵਰਗਾ ਹੋਣ ਦਾ ਚਾਨਸ ਨਾ ਮਿਲੇ ਤੇ ਅਗਲੇ ਦਿਨ ਆਵੇ ਹੀ ਨਾ ਤਾਂ ਦੁਹਾਈ ਰੱਬ ਦੀ, ਉਹਨੂੰ ਚਾਨਸ ਨਹੀਂ ਮਿਲੇਗਾ! ਇਹ ਤੇ ਗੁਰੂ ਕਿਆ ਸਿੱਖਾ, ਗੁਰਦੁਆਰੇ ਰੋਜ ਆ! ਰੋਜ ਆ! ਸਮ੍ਹਾ ਬਲਦੀ ਹੈ, ਪਰਵਾਨਾ ਬਣ ਕੇ ਰੋਜ ਆ! ਕਦੇ ਨਾ ਕਦੇ ਕੋਈ ਭਾਗਾਂ ਵਾਲਾ ਦਿਨ ਚੜ੍ਹੇਗਾ, ਤੂੰ ਸ਼ਬਦ ਕਾ ਰੂਪ ਹੋ ਜਾਵੇਂਗਾ ਤੂੰ ਸ਼ਬਦ ਨਾਲ ਇਕਮਿਕ ਹੋ ਜਾਵੇਂਗਾ।

"ਜੈਸੇ ਦੀਪ ਦੀਪਤ, ਪਤੰਗ ਲੋਟ ਪੋਟ ਹੋਤ,
ਕਬਹੂੰ ਕੈ ਜਰਾ ਮੈ ਪਰਤ ਜਰ ਜਾਇ ਹੈ ॥"
"ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ,"

ਜਿਸ ਤਰ੍ਹਾਂ ਪੰਛੀ ਕਿਸੇ ਖੇਤ ਵਿਚ ਚੋਗਾ ਚੁਗਣ ਜਾਂਦਾ ਹੈ। ਰੋਜ਼ ਚੁਗਦਾ ਚੋਗਾ, ਰੋਜ਼ ਚੁਗਦਾ ਚੋਗਾ, ਰੋਜ਼ ਉਡ ਕੇ ਆਲਣੇ ਵਿਚ ਆ ਜਾਂਦਾ ਪਰ :

"ਕਾਹੂ ਦਿਨ ਫਾਸੀ ਫਾਸੈ ਬਹੁਰਯੋ ਨ ਆਇ ਹੈ ॥" *(ਉਹੀ)*

ਜੇ ਸ਼ਿਕਾਰੀ ਨੂੰ ਪਤਾ ਲੱਗ ਜਾਵੇ, ਉਹ ਉਥੇ ਫਾਹੀ ਲਾ ਦਏ ਤੇ ਉਹ ਪੰਛੀ ਉਸ ਫਾਹੀ ਵਿਚ ਫਸ ਜਾਵੇ ਤੇ ਮੁੜ ਕੇ ਫਿਰ ਉਹ ਆਪਣੇ ਆਲ੍ਹਣੇ ਵਿਚ ਨਹੀਂ ਆਉਂਦਾ ਉਹ ਤੇ ਫਸ ਗਿਆ ਫਾਹੀ ਅੰਦਰ ! ਜੇ ਇੱਕ ਦਿਨ ਚੋਗਾ ਚੁਗੇ, ਫਾਹੀ ਵਿਖੇ ਫਸਣ ਦਾ ਚਾਨਸ ਨਾ ਮਿਲੇ ਤੇ ਆਖੇ, 'ਹਮ ਬਹੁਤ ਹੁਸ਼ਿਆਰ ਹੈਂ, ਉੜ ਕਰ ਆ ਜਾਤੇ ਹੈਂ' ਤੇ ਇਹ ਹੁਸ਼ਿਆਰੀ ਕੋਈ ਨਹੀਂ। ਅਗਲੇ ਦਿਨ ਗਿਆ ਹੀ ਨਹੀਂ। ਇਹ ਤੇ ਰੋਜ਼ ਜਾਏ, ਰੋਜ਼ ਜਾਏ; ਰੋਜ਼ ਜਾਣ ਨਾਲ ਕੋਈ ਨਾ ਕੋਈ ਦਿਨ ਐਸਾ ਆਵੇਗਾ ਤੇ ਉਹ ਉਸ ਫਾਹੀ ਵਿਖੇ ਫਸ ਜਾਏਗਾ, ਮੁੜ ਕੇ ਫਿਰ ਉਹ ਆਲ੍ਹਣੇ ਅੰਦਰ ਨਹੀਂ ਆ ਸਕਦਾ। ਇਕ ਤੀਸਰਾ ਪ੍ਰਮਾਣ ਦਿੰਦੇ ਨੇ :

"ਜੈਸੇ ਅਲ ਕਮਲ ਕਮਲ ਪ੍ਰਤਿ ਧੋਜੈ ਨਿਤ,"

ਜਿਸ ਤਰ੍ਹਾਂ ਭੌਰਾ ਆਉਂਦਾ ਹੈ ਹਰ ਇਕ ਫੁੱਲ 'ਤੇ ਬੈਠਦਾ, ਸੁਗੰਧੀ ਲੈਂਦਾ, ਤੇ ਉੱਡ ਜਾਂਦਾ ਪਰ ਰੋਜ਼ ਆਉਂਦਿਆਂ ਆਉਂਦਿਆਂ ਮਹੀਨੇ ਦੋ ਮਹੀਨੀਂ, ਤਿੰਨੀਂ ਮਹੀਨੀਂ ਐਸਾ ਵੇਲਾ ਵੀ ਆ ਗਿਆ ਕਿ ਉਹ ਸਾਰਾ ਦਿਨ ਬੈਠਾ ਰਿਹਾ। ਕਮਲ ਫੁੱਲ ਮੀਟਿਆ ਗਿਆ ਤੇ ਉਹ ਕਮਲ ਫੁੱਲ ਦੇ ਡੱਬੇ ਦੇ ਵਿਚੇ ਹੀ ਸਾਰੀ ਰਾਤ ਕੈਦ ਰਿਹਾ :

"ਕਬਹੂੰ ਕਮਲ ਦਲ ਸੰਪਟ ਸਮਾਇ ਹੈ ॥" *(ਉਹੀ)*

ਜਿਸ ਤਰ੍ਹਾਂ ਰੋਜ ਆਉਣ ਵਾਲਾ ਭੌਰਾ ਕਦੇ ਨਾ ਕਦੇ ਕਮਲ ਫੁੱਲ ਦੇ ਡੱਬੇ ਅੰਦਰ ਸਮਾ ਜਾਂਦਾ, ਜਿਸ ਤਰ੍ਹਾਂ ਰੋਜ਼ ਚੋਗਾ ਚੁਗਣ ਆਉਣ ਵਾਲਾ ਪੰਛੀ ਕਿਸੇ ਨਾ ਕਿਸੇ ਦਿਨ ਫਾਹੀ 'ਚ ਫਸ ਜਾਂਦਾ, ਜਿਸ ਤਰ੍ਹਾਂ ਰੋਜ ਪ੍ਰਵਾਨਾ ਦੀਵੇ 'ਤੇ ਆਉਣ ਵਾਲਾ ਕਿਸੇ ਨਾ ਕਿਸੇ ਦਿਨ ਉਹ ਦੀਵੇ ਦੀ ਲਾਟ 'ਤੇ ਬੈਠ ਕੇ ਦੀਵੇ ਦਾ ਰੂਪ ਹੀ ਬਣ ਜਾਂਦਾ।

"ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ,"

ਏਸੇ ਤਰ੍ਹਾਂ ਜਿਹੜਾ ਮਨ ਰੋਜ਼ ਆਵਗਾਹਨ ਮਾਇਨੇ ਪੜ੍ਹਨ ਪਠਨ ਪਾਠ ਅਭਿਆਸ ਕਰਦਾ ਰਹੇ, ਰੋਜ਼ ਬਾਣੀ ਪੜ੍ਹਦਾ ਰਹੇ, ਰੋਜ਼ ਨਿਤਨੇਮ ਕਰਦਾ ਰਹੇ।

"ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ ਕਬਹੂ ਮਗਨ ਹ੍ਵੈ ਸਬਦ ਉਰਝਾਇ ਹੈ ॥"

(ਉਹੀ)

ਕਿਸੇ ਨਾ ਕਿਸੇ ਦਿਨ ਉਹ ਬਾਣੀ ਵਿਖੇ ਮਸਤ ਹੋ ਕੇ ਕਿਸੇ ਨਾ ਕਿਸੇ ਦਿਨ ਉਹ ਬਾਣੀ ਦਾ ਰਸ ਲੈ ਕੇ ਕਿਸੇ ਨਾ ਕਿਸੇ ਦਿਨ ਉਹ ਬਾਣੀ ਦੇ ਕਮਲ ਫੁੱਲ ਦੇ ਡੱਬੇ ਅੰਦਰ, ਉਹ ਬਾਣੀ ਦੀ ਪ੍ਰੇਮ ਫਾਹੀ ਵਿਚ ਫਸ ਜਾਏਗਾ, ਮੁੜ ਕੇ ਦੁਨੀਆਂ ਦੇ ਧੰਦਿਆਂ ਦੇ ਜਾਲ ਵਿਚ ਧੰਦਿਆਂ ਦੇ ਆਲ੍ਹਣੇ ਅੰਦਰ ਨਹੀਂ ਫਸੇਗਾ ਪਰ ਇਹ ਚਾਂਸ ਤਦ ਮਿਲੇਗਾ ਜੇ ਰੋਜ਼ ਆਵੇ। ਤੇ ਜਿਹੜਾ ਇਕ ਦਿਨ ਆਇਆ ਸੁਰਤ ਨਹੀਂ ਜੁੜੀ, ਅਗਲੇ ਦਿਨ ਕਹਿੰਦਾ, ਛੱਡ ਯਾਰ, ਕੀ ਲੈਣ ਜਾਣਾ ਉਥੇ ?' ਉਹਨੂੰ ਇਹ ਚਾਨਸ

ਨਹੀਂ ਮਿਲ ਸਕਦਾ, ਉਹਨੂੰ ਇਹ ਅਵਸਥਾ ਨਸੀਬ ਨਹੀਂ ਹੋ ਸਕਦੀ। ਇਹ ਅਵਸਥਾ ਤੇ ਉਹਨੂੰ ਨਸੀਬ ਹੁੰਦੀ ਹੈ, ਜਿਹੜਾ ਨਿਤਾਪ੍ਰਤੀ ਦਾ ਗਾਹਕ ਹੈ, ਨਿਤਾਪ੍ਰਤੀ ਆਉਂਦਾ ਹੈ। ਮੈਂ ਇਕ ਚੌਥਾ ਸ਼ਬਦ ਲੱਗਾਂ ਭਾਈ ਸਾਹਿਬ ਜੀ ਦਾ ਪੜ੍ਹਨ। ਭਾਈ ਜੀ ਕਹਿੰਦੇ ਨੇ :

"ਪੇਖਤ ਪੇਖਤ ਜੈਸੇ ਰਤਨ ਪਾਰਖੁ ਹੋਤ,"

ਪੱਥਰਾਂ ਨੂੰ ਵੇਖਦਾ ਵੇਖਦਾ ਆਦਮੀ ਫਿਰ ਹੀਰਿਆਂ ਦਾ ਪਾਰਖੂ ਬਣ ਜਾਂਦਾ, ਜੇ ਇੱਕੋ ਦਿਨ ਦੋ ਗੀਟੀਆਂ ਵੇਖੇ ਤੇ ਅਗਲੇ ਦਿਨ ਕਹੇ ਕਿ 'ਮੈਂ ਹੁਣ ਰਤਨਾਂ ਦਾ ਪਾਰਖੂ ਬਣ ਗਿਆ' ਤਾਂ ਉਹ ਨਹੀਂ ਬਣ ਸਕੇਗਾ। ਵਰ੍ਹੇ ਬੀਤ ਗਏ ਪੱਥਰਾਂ ਨੂੰ ਵੇਖਦਿਆਂ ਵੇਖਦਿਆਂ; ਵਰ੍ਹਿਆਂ ਦੇ ਬਾਅਦ ਉਹ ਏਡਾ ਪਾਰਖੂ ਬਣਿਆ, ਹੀਰੇ ਲੱਗ ਪਿਆ ਪਛਾਨਣ।

"ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ ॥" (ਕਬਿੱਤ ਨੰ: ੫੮੮)

ਜਿਹੜਾ ਸਰੋਤਾ ਰੋਜ ਕਥਾ ਸੁਣਦਾ, ਰੋਜ਼ ਕਥਾ ਸੁਣਦਾ, ਉਹ ਕਿਸੇ ਦਿਨ ਬੜਾ ਸਿਆਣਾ ਪੰਡਤ ਆਪ ਬਣ ਜਾਂਦਾ ਪਰ ਜਿਹੜਾ ਦੋ ਚਾਰ ਦਸ ਵਰ੍ਹੇ ਰੋਜ਼ ਸੁਣਦਾ ਰਹੇ, ਜੇ ਇਕ ਦਿਨ ਕਥਾ ਸੁਣ ਕੇ ਅਗਲੇ ਦਿਨ ਆਖੇ, 'ਹਮ ਭੀ ਪੰਡਤ ਹੋਤੇ ਹੈਂ' ਤਾਂ ਬਾਤ ਗਲਤ ਹੈ। ਰੋਜ਼ ਸੁਣਨ ਨਾਲ ਕੁਝ ਵਰ੍ਹਿਆਂ ਦੇ ਬਾਅਦ ਉਹ ਪੰਡਤ ਬਣ ਜਾਏਗਾ। ਤੀਜਾ ਪ੍ਰਮਾਣ ਭਾਈ ਜੀ ਤੀਜੀ ਤੁਕ ਵਿਚ ਦੇਂਦੇ ਨੇ :

"ਸੂੰਘਤ ਸੂੰਘਤ ਸੌਧਾ ਜੈਸੇ ਤਉ ਸੁਬਾਸੀ ਹੋਤ,"

ਜਿਸ ਤਰ੍ਹਾਂ ਫੁੱਲਾਂ ਨੂੰ ਸੁਗੰਧੀਆਂ ਸੈਣਾਂ ਨੂੰ, ਅਤਰਾਂ ਨੂੰ ਸੁੰਘਦਾ ਸੁੰਘਦਾ ਸੁਗੰਧੀਆਂ ਦੀ ਪਰਖ ਕਰਦਾ ਕਰਦਾ ਪੰਜਾਂ-ਦਸਾਂ ਵਰ੍ਹਿਆਂ ਦੇ ਬਾਅਦ ਫਿਰ ਉਹ ਸੁੰਘਣ ਵਾਲਾ ਮਸ਼ਹੂਰ ਹੋ ਜਾਂਦਾ। ਫਿਰ ਲੋਕੀਂ ਆਖਦੇ ਨੇ, 'ਇਹਨੂੰ ਹਰ ਇਕ ਵਾਸ਼ਨਾ ਦਾ ਪਤਾ ਹੈ; ਇਹ ਹਰ ਇਕ ਸੁਗੰਧੀ ਨੂੰ ਪਛਾਣਦਾ; ਇਹ ਹਰ ਇਕ ਖਸ਼ਬੂ ਦੀ ਤਾਮੀਦ ਕਰ ਲੈਂਦਾ। ਪਰ ਜੇ ਇੱਕੋ ਦਿਨ ਅੱਕ ਦਾ ਫੁੱਲ ਨਾਸਾਂ ਅੱਗੇ ਰੱਖ ਕੇ ਸੁੰਘ ਲਿਆ ਤੇ ਅਗਲੇ ਦਿਨ ਆਖੇ, 'ਮੈਂ ਸਾਰੀਆਂ ਖੁਸ਼ਬੂਆਂ ਨੂੰ ਜਾਣਨਾਂ' ਇਹ ਗਲਤ ਬਾਤ ਹੈ। ਇਹ ਤੇ ਸੁੰਘਦਾ ਰਹੇ, ਸੁੰਘਦਾ ਰਹੇ ਤਾਂ ਹਰ ਵਾਸ਼ਨਾ ਦਾ ਉਹਨੂੰ ਗਿਆਨ ਹੋ ਜਾਂਦਾ। ਤਾਂ ਭਾਈ ਜੀ ਕਹਿੰਦੇ ਨੇ:

"ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ ॥" (ਉਹੀ)

ਰੋਜ਼ ਗਾਉਂਦਾ ਰਹੇ, ਰੋਜ਼ ਕੀਰਤਨ ਕਰਦਾ ਰਹੇ, ਫਿਰ ਉਹ ਸ੍ਰੀ ਮਾਨ ਭਾਈ ਸਮੁੰਦ ਸਿੰਘ ਸਾਹਿਬ ਜੀ ਨਨਕਾਣੇ ਸਾਹਿਬ ਵਰਗਾ ਰਾਗੀ ਬਣ ਜਾਵੇਗਾ; ਫਿਰ ਉਹ ਹਰਨਾਮ ਸਿੰਘ ਠਟੇ ਟਿੱਬੇ ਵਰਗਾ ਰਾਗੀ ਬਣ ਜਾਏਗਾ, ਫੇਰ ਉਹ ਭਾਈ ਸ਼ੇਰ ਸਿੰਘ ਸਾਹਿਬ ਗੁਜਰਾਂਵਾਲੀਏ ਵਰਗਾ ਰਾਗੀ ਬਣ ਜਾਏਗਾ ਤੇ ਜੇ ਇੱਕੋ ਦਿਨ ਇਕ ਧਾਰਨਾ ਕੱਢ ਕੇ ਚਲੇ ਗਿਆ :

"ਆ ਗਿਆ ਬਾਬਾ ਵੈਦ ਰੋਗੀਆਂ ਦਾ।"

ਤੇ ਅਗਲੇ ਦਿਨ ਆਖੇ, 'ਮੈਂ ਬਾਜ਼ੂ ਬਾਵਰਾ ਬਣ ਗਿਆ', ਅਗਲੇ ਦਿਨ ਆਖੇ,

'ਮੈਂ ਹੁਣ ਤਾਨਸੈਨ ਹੋ ਗਿਆਂ', ਅਗਲੇ ਦਿਨ ਉਹ ਇਹ ਗੱਲ ਆਖੇ, 'ਮੈਂ ਹੁਣ ਪ੍ਰੋਫੈਸਰ ਨਿਰੰਜਨ ਰਾਉ ਬਣ ਗਿਆ' ਅਗਲੇ ਦਿਨ ਉਹ ਆਖੇ, 'ਮੈਂ ਹੁਣ ਵਿਸ਼ਨੂੰ ਦਿਗੰਬਰ ਗਵੱਯਾ ਬਣ ਗਿਆ ਤਾਂ ਉਹ ਗਲਤ ਬਾਤ ਹੈ। ਪਿਆਰਿਓ, "ਆ ਗਿਆ ਬਾਬਾ ਵੈਦ ਰੋਗੀਆਂ ਦਾ" ਧਾਰਨਾ ਸਿੱਖ ਲੈਣ 'ਤੇ ਗਵੱਯਾ ਨਹੀਂ ਬਣ ਜਾਣਾ ! ਇਹ ਤੇ ਮਿਹਨਤਾਂ ਕਰਨੀਆਂ ਪੈਂਦੀਆਂ ਨੇ ! ਕਈ ਸਾਲ ਲੱਗ ਜਾਂਦੇ ਨੇ, ਫਿਰ ਉਹ ਗਵੱਈਆ ਬਣਦਾ ਹੈ !

"ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ"

ਜਿਹੜਾ ਰੋਜ਼ ਲਿਖਦਾ ਹੈ, ਰੋਜ਼ ਲਿਖਦਾ ਹੈ, ਫਿਰ ਲਿਖਦਿਆਂ ਲਿਖਦਿਆਂ ਦੋ-ਚਾਰ-ਪੰਜ ਵਰ੍ਹਿਆਂ ਬਾਅਦ ਉਹ ਲਿਖਾਰੀ ਬਣ ਜਾਂਦਾ, ਉਹ ਭਾਈ ਵੀਰ ਸਿੰਘ ਵਰਗਾ ਲਿਖਾਰੀ ਬਣ ਜਾਂਦਾ ਹੈ; ਉਹ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਰਗਾ ਲਿਖਾਰੀ ਬਣ ਜਾਂਦਾ; ਉਹ ਵਿਧਾਤਾ ਸਿੰਘ ਤੀਰ ਵਰਗਾ ਲਿਖਾਰੀ ਬਣ ਜਾਂਦਾ ਹੈ, ਤੇ ਜੇ ਇਕ ਦਿਨ ਐਵੇਂ ਕਿਤੇ ਚਿੜੀ ਕਾਂ ਦੀ ਕਹਾਣੀ ਲਿਖ ਲਵੇ ਤੇ ਅਗਲੇ ਦਿਨ ਆਖੇ, ਮੈਂ ਸਮਝਦਾ ਈ ਕੀ ਆਂ ਭਾਈ ਵੀਰ ਸਿੰਘ ਨੂੰ ਤਾਂ ਇਹ ਬਕਵਾਸ ਹੋਵੇਗਾ; ਇਹ ਗੱਲ ਗਲਤ ਹੋਵੇਗੀ ਇਹ ਤੇ ਲਿਖਦਿਆਂ ਲਿਖਦਿਆਂ ਉਹਨੇ ਲਿਖਾਰੀ ਬਣਨਾਂ।

"ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ ॥" *(ਉਹੀ)*

ਜਿਹੜਾ ਰੋਜ਼ ਸੁਆਦ ਚੱਖਦਾ, ਰੋਜ਼ ਜਾਇ ਕੇ ਚੱਖਦਾ, ਅੱਜ ਪੂੜੀਆਂ ਨੇ, ਅੱਜ ਭਠੂਰੂ ਨੇ, ਅੱਜ ਪਰੌਂਠਾ ਏ, ਅੱਜ ਸਮੋਸਾ ਏ, ਰੋਜ ਸੁਆਦ ਚਖਦਾ ਅੱਜ ਨਾਲ ਚਣੇ ਨੇ, ਅੱਜ ਕਾਲੇ ਚਣੇ, ਨੇ ਅੱਜ ਪੂਦਨੇ ਦੀ ਚਟਣੀ ਹੈ। ਆਹ ਹੈ, ਔਹ ਹੈ। ਇਹ ਬਾਸਮਤੀ ਦੇ ਚੌਲ ਨੇ, ਇਹ ਗੋਬਿੰਦ ਭੋਗ ਚੌਲ ਨੇ। ਇਹ ਫਲਾਣੇ ਚੌਲ ਨੇ। ਰੋਜ਼ ਖਾਂਦਿਆਂ ਖਾਂਦਿਆਂ ਦਸਾਂ ਕੁ ਵਰ੍ਹਿਆਂ ਦੇ ਬਾਅਦ ਫਿਰ ਉਹ ਚਾਖੂ ਬਣ ਜਾਏਗਾ। ਰਸਾਂ ਨੂੰ ਚਖਦਿਆਂ ਚਖਦਿਆਂ ਉਹ ਰਸਾਂ ਦਾ ਪ੍ਰੋਫੈਸਰ ਬਣ ਜਾਏਗਾ। ਉਹ ਰਸਾਂ ਦੇ ਫੈਸਲੇ ਕਰਨ ਵਾਲਾ ਮਸ਼ਹੂਰ ਹੋ ਜਾਵੇਗਾ। ਲੋਕੀ ਉਹਦੇ ਕੋਲੋਂ ਪੁੱਛਣ ਆਉਣਗੇ। ਜੇ ਇਕ ਦਿਨ ਜਵਾਂ ਤੇ ਮਸਰਾਂ ਦੀ ਖਿਚੜੀ ਖਾ ਕੇ ਅਗਲੇ ਦਿਨ ਆਖੇ, 'ਹਮ ਪਲਾ ਭੀ ਪਰਖ ਲੇਤੇ ਹੈਂ' ਤਾਂ ਗੱਲ ਨਹੀਂ ਨਾ ਬਣਨੀ ! ਇਹ ਤੇ ਰੋਜ਼ ਚੱਖਦਾ ਰਿਹਾ, ਰੋਜ਼ ਚੱਖਦਾ ਰਿਹਾ, ਦਸਾਂ ਕੁ ਵਰ੍ਹਿਆਂ ਦੇ ਬਾਅਦ ਫਿਰ ਉਹ ਚਾਖੂ ਹੋ ਗਿਆ। ਉਹਨੂੰ ਪਤਾ ਲੱਗ ਗਿਆ, ਆਹ ਕਿਹੜੀ ਚੀਜ਼ ਹੈ, ਆਹ ਕਿਹੜੇ ਚੌਲ ਨੇ, ਆਹ ਕਿਹੜੀ ਦਾਲ ਹੈ, ਆਹ ਕਿਹੜੀ ਸਬਜੀ ਹੈ, ਆਹ ਕਿਹੜੀ ਚਟਣੀ ਹੈ ਸਮਝ ਪੈ ਗਈ। ਜ਼ਿੰਦਗੀ ਗਲ ਗਈ ਉਹਦੀ ਤਾਂ ਉਹਨੂੰ ਇਹ ਸਮਝ ਪਈ ! ਸਾਰੇ ਪ੍ਰਮਾਣ ਕੱਠੇ ਕਰੋ :

"ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ,"

ਦੋ ਹਜ਼ਾਰ ਮੀਲ ਦਾ ਸਫਰ ਹੈ। ਬੰਦਾ ਤੁਰ ਪਿਆ। ਕਹਿੰਦਾ, 'ਦਸ ਮੀਲ ਮੈਂ ਰੋਜ਼ ਕਰਦਾ ਹਾਂ।' ਉਹ ਜਿਹੜਾ ਦਸ ਮੀਲ ਰੋਜ਼ ਕਰਦਾ ਹੈ, ਉਹ ਰੋਜ਼ ਤੁਰਦਾ ਤੁਰਦਾ ਕਦੇ ਜ਼ਰੂਰ ਆਪਣੀ ਮੰਜ਼ਲ 'ਤੇ ਚਲੇ ਜਾਏਗਾ। ਪਰ ਜਿਹੜਾ ਇੱਕੋ ਦਿਨ ਤੁਰਿਆ

ਚਾਰ ਮੀਲ, ਅਗਾਂਹ ਜਾਣ ਜੋਗੀ ਹਿੰਮਤ ਨਾ ਰਹੀ, ਥੱਕ ਗਿਆ ਹੁੱਟ ਗਿਆ, ਉਹ ਆਪਣੀ ਮੰਜਲ 'ਤੇ ਨਹੀਂ ਪਹੁੰਚ ਸਕਦਾ। ਸਾਰੇ ਪ੍ਰਮਾਣ ਕੱਠੇ ਕਰੋ ! ਭਾਈ ਗੁਰਦਾਸ ਜੀ ਕਹਿੰਦੇ ਹਨ :

ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ,
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ ॥
ਸੂੰਘਤ ਸੂੰਘਤ ਸੌਧਾ ਜੈਸੇ ਤਉ ਸੁਬਾਸੀ ਹੋਤ,
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ ॥
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,
ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ ॥
ਚਲਤ ਚਲਤ ਜੈਸੇ ਪਹੁਚੈ ਠਿਕਾਨੈ ਜਾਇ,
ਖੋਜਤ ਖੋਜਤ ਗੁਰਸਬਦੁ ਲਿਵਲੀਨ ਹੈ ॥" (ਉਹੀ)

ਜੇ ਰੋਜ਼ ਖੋਜਦਾ ਰਹੇ, ਰੋਜ਼ ਖੋਜਦਾ ਰਹੇ, ਰੋਜ਼ ਅਭਿਆਸ ਕਰਦਾ ਰਹੇ, ਰੋਜ਼ ਨਿਤਨੇਮ ਕਰਦਾ ਰਹੇ, ਰੋਜ਼ ਸ਼ਬਦ-ਸੁਰਤ ਦਾ ਮਿਲਾਪ ਕਰਦਾ ਰਹੇ, ਕੋਈ ਭਾਗਾਂ ਵਾਲਾ ਦਿਨ ਆਵੇਗਾ ਸਿੱਖਾ ! ਤੇਰੀ ਸੁਰਤ ਟਿਕ ਜਾਏਗੀ। ਤੂੰ ਕਾਮਯਾਬ ਹੋ ਜਾਵੇਂਗਾ। ਤੈਨੂੰ ਰਸ ਮਿਲ ਜਾਏਗਾ। ਫਿਰ ਦੁਨੀਆਂ ਦੇ ਰਸ ਤੈਨੂੰ ਚੰਗੇ ਨਹੀਂ ਲੱਗਣਗੇ। ਫਿਰ ਤੂੰ ਅਲਮਸਤ ਦੀਵਾਨਾ ਹੋ ਜਾਏਂਗਾ। ਪਰ ਮਿਹਨਤ ਕਰਨੀ ਪੈਂਦੀ ਏ। ਘਾਲਣਾ ਘਾਲਣੀ ਪੈਂਦੀ ਏ। ਸਾਰਾ ਦਿਨ ਮਜ਼ੂਰੀ ਕਰ ਕਰ ਕੇ ਹੱਡੀਆਂ ਭਾਵੇਂ ਚੂਰ ਹੋ ਗਈਆਂ। ਥੱਕ ਗਿਆ। ਬੜੀ ਕਰੜੀ ਘਾਲਣਾ ਘਾਲੀ। ਜਿਨ੍ਹਾਂ ਦੀ ਮਜ਼ੂਰੀ ਕੀਤੀ ਸੀ ਉਨ੍ਹਾਂ ਨਾਲ ਪ੍ਰੇਮ ਭੀ ਬੜਾ ਕੀਤਾ। ਕਦੇ ਉਨ੍ਹਾਂ ਨੂੰ ਕੌੜਾ ਨਹੀਂ ਬੋਲਿਆ ਤੇ ਸਾਰੇ ਦਿਨ ਦੀ ਮਜ਼ੂਰੀ ਬਾਅਦ ਨਿਰੰਕਾਰ ਦੀ ਦੇਵਨੇਤ ਐਸੀ ਹੋਈ, ਪੈਸੇ ਤਿੰਨ ਮਿਲੇ ਮਜ਼ੂਰੀ ਦੇ ਸਾਰੇ ਦਿਨ ਬਾਅਦ। ਤਿੰਨ ਪੈਸੇ 'ਤੇ ਸਬਰ ਕੀਤਾ। ਆਮ ਲੋਕ ਇਹ ਕਹਿੰਦੇ ਨੇ ਜਿਸ ਦਿਨ ਵਾਹਿਗੁਰੂ ਤੈਨੂੰ ਜਿੰਨਾ ਕੁ ਦਏ, ਉਹਦੇ 'ਤੇ ਸਬਰ ਕਰ ਤੇ ਜਿਸ ਦਿਨ ਉਹ ਨਾ ਦਏ ਉਹਦਾ ਸ਼ੁਕਰ ਕਰ ਤੇ ਗੁਰਮਤ ਇਹ ਗੱਲ ਕਹਿੰਦੀ ਏ ਕਿ ਜਿਸ ਦਿਨ ਉਹ ਨਾ ਦਏ ਉਸ ਦਿਨ ਸਬਰ ਕਰ, ਉਸ ਦਿਨ ਉਹਦੀ ਯਾਦ ਵਿਚ ਮਸਤ ਰਹੁ ! ਮਾਲਕਾ ! ਇਹ ਤੇਰਾ ਰੰਗ ਹੈ। ਮਾਲਕਾ ! ਇਹ ਤੇਰੀ ਲੀਲ੍ਹਾ ਹੈ। ਜੇ ਤੂੰ ਨਹੀਂ ਦਿੱਤਾ ਤਾਂ ਕਿਸੇ ਦਾ ਦੋਸ਼ ਨਹੀਂ। ਇਹ ਤੇਰੀ ਲੀਲ੍ਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੇਲੇ ਭਾਈ ਧਰਮ ਸਿੰਘ ਦੀ ਕਥਾ ਆਉਂਦੀ ਹੈ। ਪਿੰਡ ਵਿਚ ਵਿਆਹ ਹੋਵੇ; ਭਾਈ ਧਰਮ ਸਿੰਘ ਨੂੰ ਕਿਸੇ ਅੰਨ ਨਾ ਪੁੱਛਿਆ। ਭੁੱਖਾ ਈ ਰਿਹਾ। ਵਿਸ਼ਨੂੰ ਨੂੰ ਤਰਸ਼ ਆ ਗਿਆ। ਉਹਨੇ ਦੇਵਤੇ ਭੇਜੇ ਕਿ ਜਾਉ, ਇਹ ਪਿੰਡ ਫੂਕ ਦਿਓ ! ਜਿਸ ਵੇਲੇ ਉਹ ਪਿੰਡ ਫੂਕਣ ਲੱਗੇ ਤੇ ਭਾਈ ਧਰਮ ਸਿੰਘ ਸਾਹਿਬ ਨੇ ਆਖਿਆ, 'ਕਿਉਂ ਫੂਕਣ ਲੱਗੇ ਓ ?' ਕਹਿਣ ਲੱਗੇ, 'ਇਨ੍ਹਾਂ ਤੈਨੂੰ ਰੋਟੀ ਨਹੀਂ ਦਿੱਤੀ। ਆਪ ਖਾ ਕੇ ਨੱਚਦੇ-ਟੱਪਦੇ ਬੜੀਆਂ ਰੰਗ-ਰਲੀਆਂ ਮਨਾਉਂਦੇ ਰਹੇ। ਤੈਨੂੰ ਪਾਣੀ-ਰੋਟੀ ਕੁਝ ਨਾ ਪੁੱਛਿਆ। ਇਹ

ਨਿਰਦਈ ਲੋਕਾਂ ਦਾ ਪਿੰਡ ਹੈ। ਫੂਕ ਦੇਣਾ ਹੈ ! ਇਹ ਸਾਨੂੰ ਹੁਕਮ ਹੋਇਆ ਵਿਸ਼ਨੂੰ ਦਾ। ਤੇ ਭਾਈ ਸਾਹਿਬ ਕਹਿਣ ਲੱਗੇ, 'ਨਹੀਂ, ਗਲਤ ਹੈ ! ਇਨ੍ਹਾਂ ਦਾ ਕੋਈ ਕਸੂਰ ਨਹੀਂ। ਇਨ੍ਹਾਂ ਦੀ ਕੋਈ ਗਲਤੀ ਨਹੀਂ। ਉਹ ਉੱਤੇ ਬੈਠਾ ਹੋਇਆ, ਪ੍ਰੇਰਨਾ ਕਰਨ ਵਾਲਾ ਪ੍ਰੇਰਕ, ਜੇ ਉਹ ਇਨ੍ਹਾਂ ਦੇ ਮਨ ਨੂੰ ਪ੍ਰੇਰਦਾ ਤੇ ਭਲਾ ਇਹ ਮੈਨੂੰ ਰੋਟੀ ਨਾ ਦੇਂਦੇ ? ਉਹਨੇ ਪ੍ਰੇਰਿਆ ਨਹੀਂ ਤੇ ਇਨ੍ਹਾਂ ਮੈਨੂੰ ਰੋਟੀ ਦਿੱਤੀ ਨਹੀਂ। ਜੇ ਕਸੂਰ ਹੋਊ ਤਾਂ ਉਹਦਾ ਹੋਊ ਜਿਸ ਨੇ ਪ੍ਰੇਰਿਆ ਨਹੀਂ ! ਜਾ ਕੇ ਉਹਨੂੰ ਫੜੋ ਕਿ ਤੂੰ ਪ੍ਰੇਰਨਾ ਕਿਉਂ ਨਹੀਂ ਦਿੱਤੀ ? ਸਰਬ ਸ਼ਕਤੀਮਾਨ ਨੂੰ ਪੁੱਛੋ! ਪਿੰਡ ਨਾ ਸਾੜੋ ! ਇਥੇ ਬੜੇ ਬੇ-ਗੁਨਾਹ ਨੇ ! ਕਿਉਂ ਉਨ੍ਹਾਂ ਨੂੰ ਮਾਰਨਾ ਹੈ ? ਗੁਰੂ ਕੇ ਸਿੱਖ ਨੂੰ ਜਿਸ ਦਿਨ ਕੁਝ ਨਾ ਮਿਲੇ ਇਹਨੂੰ, ਇਹ ਉਸ ਦਿਨ ਸਬਰ ਕਰਦਾ ਹੈ, ਤੇ ਜਿਸ ਦਿਨ ਥੋੜ੍ਹੇ ਤੋਂ ਥੋੜ੍ਹਾ ਵੀ ਮਿਲ ਜਾਏ ਉਸ ਦਿਨ ਵੀ ਸ਼ੁਕਰਾਨਾ ਕਰਦਾ ਹੈ। ਇਹ ਗੁਰਸਿੱਖੀ ਦਾ ਸਿਧਾਂਤ ਹੈ।

ਇਕ ਸਿੱਖ ਤਿੰਨ ਪੈਸੇ ਲੈ ਕੇ ਸਿੱਧਾ ਭਾਈ ਲਹਿਣੇ ਦੀ ਦੁਕਾਨ ਉੱਤੇ ਚਲਿਆ ਗਿਆ, 'ਭਾਈ ਲਹਣਿਆ ! ਅੱਜ ਮੇਰੇ ਪ੍ਰੀਤਮ ਨੇ, ਅੱਜ ਮੇਰੇ ਮਾਹੀ ਨੇ, ਅੱਜ ਮੇਰੇ ਦਿਆਲੂ ਮਾਲਕ ਨੇ ਮੈਨੂੰ ਤਿੰਨ ਪੈਸੇ ਦਿੱਤੇ ਨੇ। ਇੱਕ ਮੈਂ ਹਾਂ। ਮੇਰੀ ਇਸਤਰੀ ਹੈ। ਉਹਦੀ ਗੋਦ ਵਿਚ ਢਾਈ ਕੁ ਵਰ੍ਹਿਆਂ ਦਾ ਬਾਲਕ ਹੈ ਤੇ ਸਵੇਰ ਦੇ ਵੀ ਭਾਈ ਲਹਿਣਾ ਜੀ, ਅਸੀਂ ਭੁੱਖੇ ਹੀ ਆਂ। ਮੈਂ ਭੁੱਖੇ ਪੇਟ ਚਲੇ ਗਿਆ ਸਾਂ ਮਜ਼ੂਰੀ ਕਰਨ। ਜਨਾਨੀ ਵੀ ਘਰ ਵਿਚ ਭੁੱਖੀ ਬੈਠੀ ਏ। ਜਿਸ ਬੱਚੇ ਦੀ ਮਾਂ ਭੁੱਖੀ ਹੈ ਉਸ ਬੱਚੇ ਨੂੰ ਰੱਜਵਾਂ ਦੁੱਧ ਕਿੱਥੋਂ ਮਿਲ ਜਾਏਗਾ ? ਉਹ ਬੱਚਾ ਕਿਵੇਂ ਰੱਜਵਾਂ ਦੁੱਧ ਪੀ ਕੇ ਸੁਖ ਦੀ ਨੀਂਦ ਮਾਣੇ ? ਬੱਚਾ ਵੀ ਭੁੱਖਾ ਤੇ ਇਸਤ੍ਰੀ ਮੇਰੀ ਵੀ ਭੁੱਖੀ। ਮੈਂ ਵੀ ਭੁੱਖਾ ਹੀ ਸਵੇਰੇ ਚਲੇ ਗਿਆ ਸਾਂ ਤੇ ਕਰੜੀ ਘਾਲਣਾ ਘਾਲਣ ਦੇ ਬਾਅਦ ਲਹਿਣਿਆਂ, ਪੈਸੇ ਤਿੰਨ ਮਿਲੇ ਨੇ। ਆਹ ਲੈ ਤਿੰਨ ਪੈਸੇ ਤੇ ਜਿੰਨਾ ਸੌਦਾ ਆਉਂਦਾ ਤਿੰਨ ਪੈਸਿਆਂ ਦਾ, ਦੇ ਦੇਹ! ਆਟਾ ਵੀ ਚਾਹੀਦਾ ਹੈ। ਦਾਲ, ਲੂਣ ਮਿਰਚ ਮਸਾਲਾ ਤੇ ਥੋੜ੍ਹਾ-ਬਹੁਤਾ ਤੇਲ ਵੀ ਚਾਹੀਦਾ ਹੈ। ਤੇ ਭਾਈ ਲਹਿਣਾ ਜੀ ਸੁਣ ਸੁਣ ਕੇ ਹੈਰਾਨ ਹੋ ਗਏ। ਪੈਸੇ ਤਿੰਨ ਸਵੇਰ ਦਾ ਭੁੱਖਾ, ਰਾਤ ਨੂੰ ਵੀ ਖਾਣੀ, ਅਗਲੇ ਸਵੇਰੇ ਜੇ ਖਾਣ ਜੋਗਾ ਨਾ ਹੋਇਆ ਫਿਰ ਭੁੱਖਾ ਈ ਕੰਮ 'ਤੇ ਚਲੇ ਜਾਏਗਾ। ਕਿਸ ਤਰ੍ਹਾਂ ਇਸ ਦਾ ਗੁਜ਼ਾਰਾ ਹੋਵੇਗਾ ? ਇਹ ਕਿਸ ਤਰ੍ਹਾਂ ਨਿਰਬਾਹ ਕਰਦਾ ਹੈ ? ਇਹ ਕਿਸ ਤਰ੍ਹਾਂ ਜੀਵਨ ਗੁਜ਼ਾਰ ਰਿਹਾ ਹੈ ? ਇਹਦੀ ਕਿਸ ਤਰ੍ਹਾਂ ਨਿਭ ਰਹੀ ਹੈ ? ਸੌਦਾ ਤੋਲਦਾ ਗਿਆ ਭਾਈ ਲਹਿਣਾ, ਨਾਲੇ ਸੋਚਦਾ ਗਿਆ। ਜਿਸ ਵੇਲੇ ਤਿੰਨ ਪੈਸਿਆਂ ਦਾ ਸੌਦਾ ਪੂਰਾ ਹੋ ਗਿਆ। ਸਸਤੇ ਜ਼ਮਾਨੇ ਦੀ ਮੈਂ ਗੱਲ ਕਰਦਾ ਹਾਂ। ਮੈਂ ਆਪ ਖੁਦ ਕੌਡੀਆਂ ਨਾਲ ਮਿਰਚ-ਮਸਾਲਾ, ਲੂਣ ਲਿਆਂਦਾ ਹੱਟੀ ਤੋਂ। ਪੇਂਡੂ ਹੱਟੀ ਤੋਂ। ਸ਼ਾਮਾਂ ਸ਼ਾਹ ਹੁੰਦਾ ਸੀ ਉਹਦਾ ਨਾਂ। ਉਹਨੂੰ ਕਹਿਣਾ, 'ਆਹ ਸੋਲਾਂ ਕੌਡੀਆਂ। ਲੈ ਸ਼ਾਹ, ਮੈਨੂੰ ਧਨੀਆ ਦੇ ਦੇਹ। ਆਹ ਹੋਰ ਲੈ ਸੋਲਾਂ, ਮੈਨੂੰ ਥੋੜ੍ਹਾ ਜਿਹਾ ਲੂਣ ਦੇ ਦੇਹ। ਕੌਡੀਆਂ ਨਾਲ ਲੂਣ-ਤੇਲ ਮੈਂ ਖੁਦ ਲਿਆਉਂਦਾ ਰਿਹਾ ਪੇਂਡੂ ਹੱਟੀਓਂ। ਮੈਂ ਆਪਣੇ ਕੰਨਾਂ ਨਾਲ ਸੁਣਿਆ ਤੇ ਨੇਤਰਾਂ ਨਾਲ ਵੇਖਿਆ।

ਮੁਲਤਾਨ ਵਿਖੇ ਵੇਖਿਆ-ਇਕ ਪਾਈ ਦੀਆਂ ਘੁੰਗਣੀਆਂ ਵੇਚਦੇ। ਬੜਾ ਹੋਕਾ ਦਿੰਦੇ ਸਨ "ਦਾਲਮ ਮੂਗਾ ਇਕ ਪਾਈ ਦੀ।" ਏਡਾ ਸਸਤਾ ਜਮਾਨਾ! ਸੌਦਾ ਤੋਲ ਤੋਲ ਕੇ ਤੇ ਭਾਈ ਲਹਿਣੇ ਜੀ ਨੇ ਆਪਣੇ ਸਖੀ ਹੱਥਾਂ ਨਾਲ ਤਿੰਨ ਬੁਕ ਆਟੇ ਦੇ ਭਰ ਕੇ ਤੇ ਇਹ ਜਿਹੜਾ ਮਜੂਰੀ ਕਰਨ ਵਾਲਾ ਮਜੂਰ ਹੈ ਇਹਦੇ ਆਟੇ ਵਿਖੇ ਪਾ ਦਿੱਤੇ ਤੇ ਜਿਹੜਾ ਸੌਦਾ ਲੈਣ ਆਇਆ ਸੀ ਗੁਰੂ ਕਾ ਸਿੱਖ, ਜੰਗਲ ਦੇ ਕੱਲੇ ਕਾਨੇ ਵਾਂਗੂੰ ਕੰਬ ਗਿਆ, "ਭਾਈ ਲਹਿਣਿਆਂ, ਆਹ ਤਿੰਨ ਬੁਕ ਆਟੇ ਦੇ ਕਾਹਦੇ ਵਾਸਤੇ ਪਾਏ ਨੇ? ਮੇਰਾ ਸੌਦਾ ਤੋਲ ਕੇ ਇਹ ਵਾਧੂ ਆਟੇ ਦੇ ਬੁਕ ਕਿਉਂ ਪਾਏ ਨੇ? ਇਨ੍ਹਾਂ ਦੇ ਮੈਨੂੰ ਅਰਥ ਨਹੀਂ ਸਮਝ ਆਏ ਤੇ ਭਾਈ ਲਹਿਣੇ ਨੇ ਆਖਿਆ, 'ਤੂੰ ਗਰੀਬ ਹੈਂ, ਤੇਰੀ ਜ਼ਿੰਦਗੀ 'ਤੇ ਮੈਨੂੰ ਤਰਸ ਆ ਗਿਆ। ਸਵੇਰ ਦਾ ਵੀ ਤੂੰ ਭੁੱਖਾ। ਹੁਣ ਤੁਸਾਂ ਰੋਟੀ ਪਕਾ ਕੇ ਖਾਣੀ ਆਂ। ਏਸ ਸੌਦੇ ਨਾਲ ਜਿਹੜਾ ਤਿੰਨ ਪੈਸਿਆਂ ਦਾ ਆਇਆ, ਤੇਰੀ ਤਿੰਨਾਂ ਡੰਗਾਂ ਦੀ ਹਾਲਤ ਪੂਰੀ ਨਹੀਂ ਹੋਣੀ। ਤਿੰਨਾਂ ਡੰਗਾਂ ਨੇ ਪੂਰਿਆਂ ਨਹੀਂ ਉਤਰਨਾ। ਭਲਕੇ ਫੇਰ ਤੈਨੂੰ ਭੁੱਖਿਆਂ ਈ ਜਾਣਾ ਪੈਣਾ। ਤੇਰੀ ਗਰੀਬੀ ਉੱਤੇ ਮੇਰੇ ਮਨ ਨੂੰ ਤਰਸ ਆ ਗਿਆ ਤੇ ਇਹ ਤਿੰਨ ਬੁਕ ਆਟੇ ਦੇ ਮੈਂ ਤੈਨੂੰ ਆਪਣੀ ਵੱਲੋਂ ਦੇ ਦਿੱਤੇ ਨੇ ਤੇ ਗੁਰੂ ਕਾ ਸਿੱਖ ਸਉਣ ਭਾਦਰੋਂ ਦੀਆਂ ਘਟਾਂ ਵਾਂਗੂੰ ਬਰਸ ਪਿਆ। ਨੇਤਰ ਸਜਲ ਹੋ ਗਏ। ਅੱਥਰੂਆਂ ਦੀ ਝੜੀ ਲੱਗ ਗਈ। ਕਿਸੇ ਪਿਆਰ ਦੀ ਦੁਨੀਆਂ ਅੰਦਰ ਪਹੁੰਚ ਕੇ ਆਖਿਆ, 'ਭਾਈ ਲਹਿਣਿਆਂ! ਮੈਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਦਰਸ਼ਨ ਹੋਏ। ਮੇਰੇ ਨੇਤਰ ਸਫਲ ਹੋ ਗਏ। ਨੇਤਰ ਉਹ ਸਫਲ ਹਨ ਜਿਹੜੇ ਸਤਿਗੁਰੂ ਦੇ ਦਰਸ਼ਨ ਕਰਦੇ। ਬਾਣੀ ਦਾ ਪਾਠ ਕਰਿਆ ਕਰੋ!

"ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥"

(ਅੰਗ ੧੩੯੪)

ਪਵਿੱਤਰ ਹੁੰਦੇ ਹਨ ਹੱਥ, ਪੈਰ, ਅੱਖਾਂ, ਕੰਨ, ਨੱਕ, ਹਿਰਦਾ, ਸਿਰ। ਭਾਈ ਗੁਰਦਾਸ ਜੀ ਨੇ ਆਪਣੇ ਕਬਿਤ ਸਵੱਯਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਚਨ ਦਾ ਟੀਕਾ ਕੀਤਾ:

"ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ,
ਸਫਲ ਜਨਮ ਗੁਰ ਚਰਨ ਸਰਨ ਕੈ॥
ਲੋਚਨ ਅਮੋਲ ਗੁਰਦਰਸ ਅਮੋਲ ਦੇਖੇ,
ਸ੍ਰਵਨ ਅਮੋਲ ਗੁਰ ਬਚਨ ਧਰਨ ਕੈ॥

ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ,
ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ॥
ਹਸਤ ਅਮੋਲ ਗੁਰਦੇਵ ਸੇਵ ਸਫਲ,
ਕੈ ਚਰਨ ਅਮੋਲ ਪਰਦਖਨਾ ਕਰਨ ਕੈ॥

(ਕਬਿੱਤ ਨੰ : ੧੭)

ਜਿਸ ਵੇਲੇ ਗੁਰਦੁਆਰੇ ਆਵਾਂਗੇ, ਅੰਗ ਅੰਗ ਸਫਲਾ ਹੋ ਜਾਵੇਗਾ। ਅੰਗ ਅੰਗ ਵਿਚੋਂ ਗੁਰਮਤ ਦੀ ਸੁਗੰਧੀ ਨਿਕਲ ਆਵੇਗੀ। ਇਹ ਰੋਜ਼ ਦੇ ਸਤਸੰਗ ਦਾ ਲਾਭ ਹੈ ਲਹਿਣਿਆਂ ! ਮੈਨੂੰ ਦਰਸ਼ਨ ਹੋ ਗਏ।

ਜਦੋਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਏ ਨੇ ਕਸ਼ਮੀਰ, ਮੈਂ ਇਤਿਹਾਸ ਪੜ੍ਹਿਆ–ਛੇ ਛੇ ਕੋਹ ਤੋਂ ਮਾਈ ਭਾਈ ਤੁਰ ਕੇ ਸਾਹਿਬਾਂ ਦੀ ਕਥਾ ਸੁਣਨ ਵਾਸਤੇ ਆਉਂਦੇ ਸਨ ਤੇ ਇਕ ਬਿਰਧ ਮਾਈ ਰੋਜ਼ ਲੰਘਦੀ ਏ। ਇਕ ਦੀਵਾਨਾ ਮਸਤਾਨਾ ਸਿੱਖ ਰਾਹ ਦੇ ਕੰਢੇ ਉਤੇ ਬੈਠਾਂ ਹੋਇਆ ਹੁੰਦਾ। ਉਹਦੇ ਲਾਗੋਂ ਦੀ ਉਹ ਮਾਤਾ ਲੰਘ ਜਾਂਦੀ। ਅੱਜ ਪੰਦਰ੍ਹਵਾਂ ਦਿਨ ਹੈ ਭਾਈ ! ਕੁਝ ਲੇਟ ਹੋ ਗਈ ਤੇ ਤੇਜ ਤੇਜ ਤੁਰਦੀ ਓਸ ਦਿਵਾਨੇ ਮਸਤਾਨੇ ਦੇ ਲਾਗੋਂ ਲੰਘਣ ਲੱਗੀ ਤਾਂ ਉਸ ਦੀਵਾਨੇ ਮਸਤਾਨੇ ਨੇ ਪੁੱਛਿਆ, 'ਮਾਂ ਤੂੰ ਰੋਜ਼ ਜਾਂਦੀ ਹੈਂ। ਅੱਜ ਬੜੀ ਤੇਰੀ ਰਫਤਾਰ ਤੇਜ਼ ਹੈ ! ਮਾਂ ਤੂੰ ਕਿੱਥੇ ਜਾਨੀ ਏਂ ? ਤੇ ਮਾਤਾ ਨੇ ਆਖਿਆ, 'ਤੈਨੂੰ ਨਹੀਂ ਪਤਾ, ਦੀਨ ਦੁਨੀਆਂ ਦਾ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੱਚਾ ਪਾਤਸ਼ਾਹ, ਮੀਰੀ-ਪੀਰੀ ਦਾ ਮਾਲਕ ਆਇਆ ਹੋਇਆ ਜਿਗ੍ਹਾ ਕਲਗੀ ਤੋੜਿਆਂ ਵਾਲਾ ? ਮੈਂ ਉਹਦੀ ਕਥਾ ਸੁਣਨ ਤੇ ਦਰਸ਼ਨ ਕਰਨ ਜਾਂਦੀ ਹਾਂ। ਰੋਜ਼ ਜਾਂਦੀ ਹਾਂ। ਰਾਹ ਵਿਚ ਕਿਸੇ ਦੀ ਇੰਤਜ਼ਾਰ ਉੱਤੇ ਬੈਠਿਆ ਹੋਇਆ ਮਸਤਾਨਿਆ, ਮੈਂ ਚੌਦਾਂ ਵਾਰ ਦਰਸ਼ਨ ਕਰ ਲਏ ਨੇ। ਅੱਜ ਪੰਦਰ੍ਹਵਾਂ ਦਿਨ ਹੈ। ਮੈਨੂੰ ਰੋਕ ਨਾ ! ਮੈਂ ਛੇਤੀ ਸਤਿਗੁਰਾਂ ਦਾ ਦਰਸ਼ਨ ਕਰਨਾ ਤੇ ਦੀਵਾਨਾ ਮਸਤਾਨਾ ਉਠ ਕੇ ਖਲੋ ਗਿਆ, 'ਮਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਇਨ੍ਹਾਂ ਚਮੜੇ ਦੀਆਂ ਅੱਖਾਂ ਨਾਲ ਤੂੰ ਚੌਦਾਂ ਵਾਰਾਂ ਕਰ ਲਏ ?' 'ਹਾਂ ਬੇਟਾ ਮੈਂ ਚੌਦਾਂ ਵਾਰ ਦਰਸ਼ਨ ਕਰ ਲਏ। ਅੱਜ ਪੰਦਰ੍ਹਵਾਂ ਦਿਨ ਹੈ। ਜਾ ਰਹੀ ਹਾਂ।' ਤੇ ਦੀਵਾਨਾ ਮਸਤਾਨਾ ਅਗਾਂਹ ਹੋ ਗਿਆ ਮਾਂ ਦੇ ਅੱਗੇ ਹੱਥ ਜੋੜ ਲਏ, ਗਲ ਵਿਖੇ ਪੱਲਾ ਪਾ ਲਿਆ, 'ਮਾਂ ਜਿਨ੍ਹਾਂ ਨੇਤਰਾਂ ਨਾਲ ਚੌਦਾਂ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੇਤਰਾਂ ਦੀ ਦ੍ਰਿਸ਼ਟੀ ਮਾਂ ਇਕ ਵਾਰ ਮੇਰੇ ਉਤੇ ਪਾ ਦੇ ! ਚੌਦਾਂ ਵਾਰ ਸਤਿਗੁਰੂ ਜੀ ਦੇ ਦਰਸ਼ਨ! ਇਹ ਨੇਤਰ ਮਹਾਂ ਪਵਿੱਤਰ ਹੋ ਗਏ ਨੇ ! ਮਾਂ, ਮੈਂ ਗੁਨਾਹਗਾਰ ਹਾਂ; ਮੇਰਾ ਬੇੜਾ ਵੀ ਪਾਰ ਹੋ ਜਾਏ ! ਇਨ੍ਹਾਂ ਨੇਤਰਾਂ ਦੀ ਅੰਮ੍ਰਿਤ ਦ੍ਰਿਸ਼ਟੀ ਮੇਰੇ ਉਤੇ ਪਾ ਦੇ! ਮੇਰੇ ਪਾਪ ਧੋਤੇ ਜਾਣ ! 'ਤੇ ਮਾਈ ਕਹਿਣ ਲੱਗੀ, 'ਜੇ ਏਡਾ ਪਰੇਮੀ ਹੈਂ ਏਥੋਂ ਡੇਢ ਮੀਲ ਸਾਰਾ ਪੈਂਡਾ। ਦਰਸਨ ਕਰ ਆ।' ਤੇ ਮਸਤਾਨਾ ਡਬਡਬਾ ਕੇ ਰੋ ਪਿਆ, 'ਮਾਂ ਮੈਂ ਸੁਣਿਆਂ ਕਿ ਮਹਾਂ ਪੁਰਸ਼ਾਂ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ, ਹਕੀਮ

ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਬਾਦਸ਼ਾਹ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ ਤੇ ਏਹ ਨੇ ਦੀਨ-ਦੁਨੀਆਂ ਦੇ ਬਾਦਸ਼ਾਹ, ਜ਼ਿਮੀਂ ਅਸਮਾਨ ਦੇ ਮਾਲਕ। ਇਨ੍ਹਾਂ ਦੇ ਕੋਲ ਮੈਂ ਖਾਲੀ ਹੱਥ ਕਿੱਦਾਂ ਚਲਿਆ ਜਾਵਾਂ ਮਾਂ ? ਮੇਰੇ ਪੱਲੇ ਕੁਝ ਨਹੀਂ। ਮੱਥਾ ਟੇਕਣ ਵਾਸਤੇ ਮੇਰੇ ਕੋਲ ਕੁਝ ਨਹੀਂ। ਮੈਂ ਖਾਲੀ ਹੱਥ ਜਾਣੋਂ ਸ਼ਰਮ ਕਰਦਾ ਹਾਂ,। ਮਾਈ ਆਪਣੇ ਰਾਹ ਹੋ ਗਈ। ਮਗਰੋਂ ਇਕ ਸਿੱਖ ਆ ਗਿਆ। ਮਸਤਾਨੇ ਨੇ ਉਹਦੇ ਨਾਲ ਵੀ ਗੱਲਾਂ ਕੀਤੀਆਂ, ਕੀ ਲੈ ਕੇ ਚੱਲਿਆਂ ?' ਕਹਿਣ ਲੱਗਾ, 'ਬਰਤਨ ਹੈ ਨਵਾਂ ਤਾਜ਼ਾ। ਮੈਂ ਨਿੱਕੀਆਂ ਮੱਖੀਆਂ ਪਾਲਦਾ ਹਾਂ; ਉਹ ਨਿੱਕੀਆਂ ਮੱਖੀਆਂ ਚਿੱਟੇ ਰੰਗ ਦਾ ਸ਼ਹਿਤ ਪੈਦਾ ਕਰਦੀਆਂ ਨੇ। ਉਹ ਬੜਾ ਮਨਮੋਹਣਾ ਹੁੰਦਾ। ਜੀ ਨਹੀਂ ਕਰਦਾ ਉਹਨੂੰ ਖਾਣੋਂ ਹਟੀਏ। ਇਹ ਕੁੱਜਾ ਭਰ ਕੇ ਨਿੱਕੀਆਂ ਮੱਖੀਆਂ ਦੇ ਸ਼ਹਿਤ ਦਾ ਜਿਹੜਾ ਬੜਾ ਕੀਮਤੀ ਹੈ ਰਾਜੇ ਮਹਾਰਾਜੇ ਜਿਸ ਨੂੰ ਖਰੀਦਦੇ ਨੇ, ਇਹ ਕੁੱਜਾ ਭਰ ਕੇ ਮੈਂ ਚੱਲਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੈਂ ਭੇਟਾ ਕਰਨ। ਹਜ਼ੂਰ ਨੂੰ ਭੋਗ ਲੱਗੇਗਾ ਤਾਂ ਮੇਰੇ ਬੇੜੇ ਪਾਰ ਹੋ ਜਾਣਗੇ !' ਤੇ ਦੀਵਾਨੇ ਮਸਤਾਨੇ ਆਖਿਆ, 'ਤੇਰੀਆਂ ਸਿਫਤਾਂ, ਤੇਰੀ ਉਪਮਾ ਸੁਣ ਸੁਣ ਕੇ ਮੇਰਾ ਵੀ ਮਨ ਰੀਝ ਗਿਆ। ਐਵੇਂ ਛਟਾਂਕੀ ਕੁ ਸ਼ਹਿਤ ਮੇਰੀ ਤਲੀ ਉਤੇ ਪਾ ਦੇਹ ! ਮੈਂ ਵੀ ਚੱਖ ਲਵਾਂ ! ਮੇਰੀ ਰੀਝ ਪੂਰੀ ਹੋ ਜਾਵੇ ! ਮੇਰਾ ਮਨ ਪਰਸੰਨ ਹੋ ਜਾਏ ! ਤੇ ਸ਼ਹਿਦ ਵਾਲਾ ਸਿੱਖ ਕੜਕ ਕੇ ਉਹਦੇ ਗਲ ਪੈ ਗਿਆ, 'ਓਏ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੋਗ ਲੱਗਣ ਤੋਂ ਪਹਿਲਾਂ ਤੈਨੂੰ ਦੇ ਦੇਈਏ ? ਇਹ ਜਾਏਗਾ, ਅਰਦਾਸ ਹੋਵੇਗੀ, ਭੋਗ ਲੱਗੇਗਾ, ਫਿਰ ਸਤਿਗੁਰ ਦਾ ਸੀਤ ਪ੍ਰਸ਼ਾਦ ਮਿਲੇਗਾ ! ਤੈਨੂੰ ਗੁਰੂ ਨਾਲੋਂ ਪਹਿਲਾਂ ਦੇ ਦੇਈਏ ?' ਤੇ ਦੀਵਾਨੇ ਮਸਤਾਨੇ ਆਖਿਆ, 'ਫਿਰ ਛਟਾਂਕੀ ਨ ਦੇਹ, ਐਵੇਂ ਉਂਗਲੀ ਲਾ ਕੇ ਸਹਿਤ ਨਾਲ ਮੇਰੀ ਤਲੀ ਉਤੇ ਮਲ ਦੇਹ ! ਮੈਂ ਕਿਹੜਾ ਰੱਜਣਾ ? ਮੇਰੀ ਮਨ ਦੀ ਰੀਝ ਪੂਰੀ ਕਰ ਦੇਹ ! ਮੈਨੂੰ ਨਿਰਾਸ਼ਾ ਨਾ ਰੱਖ ? ਸ਼ਹਿਦ ਵਾਲੇ ਸਿੱਖ ਨੇ ਫਿਰ ਜੁਆਬ ਦਿੱਤਾ, 'ਜਿੰਨਾ ਚਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭੋਗ ਨਹੀਂ ਲਾਉਂਦੇ ਉਨਾਂ ਚਿਰ ਇਹ ਕਿਸੇ ਨੂੰ ਦਿੱਤਾ ਨਹੀਂ ਜਾ ਸਕਦਾ।' ਤੇ ਦੀਵਾਨਾ ਮਸਤਾਨਾ ਜਲਾਲ ਵਿਖੇ ਆ ਗਿਆ। ਕਹਿਣ ਲੱਗਾ, 'ਜੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭੋਗ ਲੱਗ ਜਾਏ ਸਤਿਗੁਰੂ ਕੀ ਦਏਗਾ ? ਸਿੱਖ ਨੇ ਕਿਹਾ, 'ਕੀ ਪਤਾ ਕੀ ਦੇ ਦਏ ? ਰਿਧੀ ਸਿਧੀ ਨਿਧੀ ਕੀ ਪਤਾ ਕੀ ਦੇ ਦੇਣ।' ਤੇ ਦੀਵਾਨਾ ਮਸਤਾਨਾ ਜਲਾਲ 'ਚ ਆ ਕੇ ਕਹਿਣ ਲੱਗਾ, 'ਜੋ ਸਤਿਗੁਰੂ ਜੀ ਦੇ ਸਕਦੇ ਹਨ, ਸ੍ਰੀ ਗੁਰੂ ਨਾਨਕ ਦੀ ਕ੍ਰਿਪਾ ਨਾਲ ਉਹੋ ਈ ਤੇਰੀ ਝੋਲੀ ਵਿਚ ਪਾ ਦਿਆਂਗੇ, ਕੋਈ ਘਾਟਾ ਨਹੀਂ ਰਹੇਗਾ ਪਰ ਰੀਝ ਪੂਰੀ ਕਰ ਦੇਹ ! ਜਿਹੜੀ ਗੱਦੀ ਨੂੰ ਤੂੰ ਸ਼ਹਿਤ ਭੇਟਾ ਕਰਨ ਚੱਲਿਆਂ, ਮੈਂ ਵੀ ਉਸੇ ਗੱਦੀ ਦਾ ਕੂਕਰ ਹਾਂ। ਮੈਂ ਵੀ ਉਸੇ ਦੁਆਰੇ ਦਾ ਪੁਜਾਰੀ ਹਾਂ। ਮੈਂ ਵੀ ਉਸੇ ਦੁਆਰੇ ਦਾ ਭਿਖਾਰੀ ਹਾਂ। ਮੈਨੂੰ ਨਿਰਾਸ਼ ਨਾ ਕਰ !' ਸਿੱਖ ਨੇ ਗੱਲ ਨਾ ਮੰਨੀ ਤੇ ਚਲੇ ਗਿਆ। ਕਹਿੰਦੇ ਨੇ ਜਾ ਕੇ ਬਰਤਨ 'ਤੇ ਰੱਖਿਆ ਕੱਪੜਾ ਉੱਤੋਂ ਖੋਲ੍ਹਿਆ, ਢੱਕਣ ਲਾਹਿਆ ਤੇ ਅੰਦਰ ਕੁਰਬਲ ਕੁਰਬਲ ਕਰਨ ਕੀੜੇ; ਭਾਂਡੇ 'ਚੋਂ ਬਦਬੂ ਆਵੇ। ਸ੍ਰੀ

ਗੁਰੂ ਹਰਿਗੋਬਿੰਦ ਸਾਹਿਬ ਕਹਿਣ ਲੱਗੇ, 'ਕੀ ਲਿਆਏ ਹੋ।' ਸਿੱਖ ਕੇ ਕਿਹਾ, ਮਹਾਰਾਜ, ਲਿਆਂਦਾ ਤੇ ਸ਼ਹਿਤ ਸੀ ਪਰ ਪਤਾ ਨਹੀਂ ਕੀ ਭਾਣਾ ਵਰਤ ਗਿਆ ਰਾਹ 'ਚ ?' ਸੱਚੇ ਪਾਤਸ਼ਾਹ ਨੇ ਕਿਹਾ, 'ਕੀਹਦੇ ਵਾਸਤੇ ਲਿਆਇਆਂ ਸ਼ਹਿਤ ?' ਸਿੱਖ ਨੇ ਕਿਹਾ, 'ਹਜ਼ੂਰ ਵਾਸਤੇ ਲਿਆਇਆਂ ਨਿੱਕੀਆਂ ਮੱਖੀਆਂ ਦਾ ਚਿੱਟੇ ਰੰਗ ਦਾ ਬੜਾ ਮਨਮੋਹਣਾ ਸ਼ਹਿਤ।' ਮਹਾਰਾਜ ਆਪ ਜੀ ਲਈ ਲਿਆਇਆਂ।' ਤੇ ਗਰੀਬ ਨਿਵਾਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ, 'ਐਥੋਂ ਡੇਢ ਮੀਲ ਦੇ ਫਾਸਲੇ ਉਤੇ ਮੈਂ ਹੱਥ ਜੋੜ ਕੇ ਤੇਰੇ ਕੋਲੋਂ ਇੱਕ ਛਟਾਂਕੀ ਮੰਗਿਆ, ਮੈਂ ਹੱਥ ਜੋੜ ਕੇ ਤੈਨੂੰ ਤਰਲਾ ਲਿਆ ਕਿ ਇੱਕ ਉਂਗਲ ਨਾਲ ਹੀ ਮੇਰੀ ਤਲੀ ਉਤੇ ਲਾ ਦੇ; ਮੈਂ ਹੱਥ ਜੋੜ ਕੇ ਤੇਰੇ ਨਾਲ ਵਾਅਦਾ ਵੀ ਕੀਤਾ ਜੋ ਮੰਗੇਂਗਾ ਸੋ ਮਿਲ ਜਾਏਗਾ ਪਰ ਤੇਰਾ ਮਨ ਨਾ ਪਸੀਜਿਆ। ਜਦੋਂ ਮੈਂ ਮੰਗਦਾ ਸਾਂ ਉਦੋਂ ਤੂੰ ਨਹੀਂ ਦਿੱਤਾ, ਹੁਣ ਇਹ ਮੇਰੇ ਕੰਮ ਦਾ ਨਹੀਂ ਰਿਹਾ।' ਸਿੱਖ ਨੇ ਆਖਿਆ, 'ਉਹ ਤੁਸੀਂ ਨਹੀਂ ਸਾਓ ! ਉਹ ਤੇ ਦੀਵਾਨਾ ਮਸਤਾਨਾ ਆਦਮੀ ਹੈ! ਉਹਨੂੰ ਭਾਈ ਕੱਟੂ ਕਹਿੰਦੇ ਨੇ। ਜਾਤ ਦਾ ਮੁਸਲਮਾਨ ਹੈ। ਇਸੇ ਤਰ੍ਹਾਂ ਅਵਾਰਾ ਫਿਰਦਾ ਰਹਿੰਦਾ ਹੈ।' ਤੇ ਗਰੀਬ ਨਿਵਾਜ ਹੋਰ ਸ਼ਰਧਾ ਵਿਚ ਆ ਗਏ, 'ਸਿੱਖਾ ! ਤੇਰੇ ਭਾਨੇ ਦੀਵਾਨਾ ਹੈ, ਤੇਰੇ ਭਾਣੇ ਮਸਤਾਨਾ ਹੈ ? ਤੇਰੇ ਭਾਣੇ ਮੁਸਲਮਾਨ ਹੈ, ਤੇਰੇ ਭਾਣੇ ਉਹ ਛੋਟਾ ਹੈ ਪਰ ਮੇਰੇ ਅਤੇ ਉਹਦੇ ਵਿਚ ਕੋਈ ਫ਼ਰਕ ਨਹੀਂ। ਅਜੇ ਵੀ ਜੇ ਭੋਗ ਲੁਆਉਣਾ ਈ ਸਾਨੂੰ ਤਾਂ ਜਾ ਕਿਤੇ ਭਾਈ ਕਟੂ ਨੂੰ ਲੱਭ ! ਜੇ ਉਹ ਸ਼ਹਿਤ ਖਾ ਲਏ ਤਾਂ ਸਮਝੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੋਗ ਲੱਗ ਗਿਆ। ਜਿਨ੍ਹਾਂ ਦੇ ਅੰਦਰ ਉਹ ਹਰਿ ਰਸ ਹੈ, ਜਿਨ੍ਹਾਂ ਦੇ ਅੰਦਰ ਉਹ ਪ੍ਰਭੂ ਦੀ ਕ੍ਰਿਪਾ ਦਮਕ ਮਾਰਦੀ ਹੈ, ਉਨ੍ਹਾਂ ਵਿਚ ਤੇ ਪਿਆਰੇ ਗੁਰੂ 'ਚ ਕੋਈ ਫਰਕ ਨਹੀਂ ਰਹਿੰਦਾ। ਮੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ :

> ***"ਹਰਿ ਦਾਸਨ ਸਿਉ ਪ੍ਰੀਤਿ ਹੈ, ਹਰਿ ਦਾਸਨ ਕੋ ਮਿਤੁ ॥***
> ***ਹਰਿ ਦਾਸਨ ਕੈ ਵਸਿ ਹੈ, ਜਿਉ ਜੰਤੀ ਕੈ ਵਸਿ ਜੰਤੁ ॥***
> ***ਹਰਿ ਕੇ ਦਾਸ ਹਰਿ ਧਿਆਇਦੇ, ਕਰਿ ਪ੍ਰੀਤਮ ਸਿਉ ਨੇਹੁ ॥*** (ਅੰਗ ੬੫੨)

ਪਿਆਰ ਨਾਲ ਜਿਹੜੇ ਸਿਮਰਦੇ ਨੇ, ਸ਼ਰਧਾ ਨਾਲ ਜਿਹੜੇ ਸਿਮਰਦੇ ਨੇ, ਟਿਕੇ ਰਹਿੰਦੇ ਨੇ, ਅੱਜ ਨਹੀਂ ਭਲਕੇ, ਭਲਕੇ ਨਹੀਂ ਪਰਸੋਂ, ਕਦੇ ਨਾ ਕਦੇ, ਰਹਿਮਤ ਹੋ ਜਾਣੀ ਹੈ। ਜੋ ਕਹਿਣ, 'ਮੈਂ ਇਹ ਦਰ ਨਹੀਂ ਛੱਡਣਾ', ਉਨ੍ਹਾਂ ਨੂੰ ਸਭ ਦਾਤਾਂ ਮਿਲ ਜਾਂਦੀਆਂ ਨੇ।

ਸਿੱਖ ਨੇ ਕਿਹਾ, 'ਭਾਈ ਲਹਿਣਾ ਜੀ ! ਆਪਣਾ ਆਟਾ ਕੱਢ ਲਓ। ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮੈਨੂੰ ਦਰਸ਼ਨ ਹੋਏ ਸੀ, ਉਨ੍ਹਾਂ ਮੇਰੇ ਕੰਨਾਂ ਵਿਚ ਸਰੋਤ ਪਾਈ ਸੀ ਓ ਭਾਈ ਸ਼ੀਹਾਂ, ਜੇ ਸਿੱਖੀ ਕਮਾਉਣੀ ਹੈ ਤਾਂ :

> ***"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥***
> ***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"*** (ਅੰਗ ੧੪੧)

ਮੈਂ ਮੁਰਦਾਰ ਨਹੀਂ ਖਾਣਾ ! ਮੇਰੀ ਸਿੱਖੀ ਦੀ ਘਾਲਣਾ ਉੱਤੇ ਪਾਣੀ ਨਾ ਫੇਰ! ਮੇਰੀ ਸਿੱਖੀ ਦੀ ਘਾਲਣਾ ਨੂੰ ਦਾਗ ਨਾ ਲਾ ! ਆਪਣਾ ਆਟਾ ਕੱਢ ਲਾ ! ਜਿਹੜਾ

ਤਿੰਨ ਪੈਸਿਆਂ ਦਾ ਆਉਂਦਾ ਉਹੋ ਈ ਰਹਿਣ ਦੇ ! ਲਹਿਣਾ ਹੈਰਾਨ ਹੋ ਗਿਆ, 'ਘਰ ਗਰੀਬੀ ਤੇ ਸਬਰ-ਸਿਦਕ ਐਡਾ ?' ਆਟਾ ਕੱਢ ਲਿਆ। ਭਾਈ ਸ਼ੀਹਾਂ ਲੈ ਕੇ ਘਰ ਨੂੰ ਤੁਰ ਪਿਆ। ਲਹਿਣਾ ਦੁਕਾਨ ਸਮੇਟਣ ਲੱਗ ਪਿਆ। ਪਈ 'ਚਲ ਕੇ ਵੇਖੀਏ ਘਰ ਦਾ ਜੀਵਨ ਕੈਸਾ ਹੈ ?' ਆ ਕੇ ਦਰਵਾਜ਼ੇ ਦੇ ਉਹਲੇ ਖਲੋ ਗਏ ਭਾਈ ਲਹਿਣਾ ਜੀ ਤੇ ਆਪਣੇ ਘਰ ਆਉਂਦਿਆਂ ਸਾਰ ਭਾਈ ਸ਼ੀਹੇਂ ਨੇ ਖੁਸ਼ ਹੋ, ਪ੍ਰਸੰਨ ਹੋ ਕੇ ਅੰਦਰੋਂ ਬਾਹਰੋਂ ਆਪਣੀ ਮੌਜ ਮਸਤ ਹੋਏ ਨੇ ਆਪਣੀ ਇਸਤਰੀ ਨੂੰ ਆਖਿਆ, 'ਕਰਮਾਂ ਵਾਲੀਏ, ਅੱਜ ਸ੍ਰੀ ਗੁਰੂ ਨਾਨਕ ਨਿਰੰਕਾਰੀ ਮਹਾਰਾਜ ਨੇ ਤਿੰਨ ਪੈਸੇ ਬਖਸ਼ੇ ਨੇ ਤੇ ਤਿੰਨ ਪੈਸਿਆਂ ਦਾ ਐਨਾ ਈ ਸੀਧਾ ਆਇਆ ਈ। ਪ੍ਰਸ਼ਾਦ ਪਕਾ; ਮਨ ਦਾ ਕੁੱਤਾ ਭੌਂਕ ਰਿਹਾ ਹੈ। ਅੰਦਰ ਭੁੱਖ ਨੇ ਸਤਾਇਆ ਹੋਇਆ। ਲੈ ਕਰਮਾਂ ਵਾਲੀਏ ! ਪ੍ਰਸ਼ਾਦ ਤਿਆਰ ਕਰ! ਤੇ ਕਰਮਾਂ ਵਾਲੀ ਨੇ ਇਹ ਨਹੀਂ ਆਖਿਆ ਕਿ ਮੈਂ ਤੇਰਿਆਂ ਤਿੰਨਾਂ ਪੈਸਿਆਂ ਨੂੰ ਅੱਗ ਲਾਵਾਂ ? ਕਿਹੜੇ ਚੁੱਲ੍ਹੇ 'ਚ ਸੁੱਟਾਂ ? ਇਉਂ ਨਹੀਂ ਬੋਲੀ ਸਗੋਂ ਗਦ ਗਦ ਹੋ ਗਈ। ਕਹਿਣ ਲੱਗੀ, 'ਮਾਲਕਾ ! ਤੂੰ ਧੰਨ ਹੈਂ। ਤੇਰਾ ਪ੍ਰੀਤਮ ਧੰਨ ਹੈ ਜਿਨ ਤੈਨੂੰ ਖਾਲੀ ਨਹੀਂ ਮੋੜਿਆ। ਕੁਝ ਦੇ ਈ ਦਿੱਤਾ ਹੈ !' 'ਸੱਤ ਕਰਤਾਰ ਸਤ ਕਰਤਾਰ' ਕਰਦੀ ਨੇ ਭੋਜਨ ਪਕਾਇਆ। ਤਿੰਨ ਰੋਟੀਆਂ ਬਣੀਆਂ ਸਾਰੀਆਂ। ਦੋ ਰੋਟੀਆਂ ਥਾਲੀ 'ਚ ਰੱਖ ਕੇ ਆਪਣੇ ਪਤੀ ਅੱਗੇ ਰੱਖ ਦਿੱਤੀਆਂ, 'ਹੇ ਮੇਰੇ ਮਾਲਕ ਪਤੀ ਦੇਵ ! ਸਾਰਾ ਦਿਨ ਪਰਾਈ ਮਜੂਰੀ ਕਰਦਿਆਂ ਤੁਹਾਡੀਆਂ ਹੱਡੀਆਂ ਚੂਰ ਹੋ ਜਾਂਦੀਆਂ ਨੇ; ਤੁਹਾਡਾ ਖੂਨ-ਪਸੀਨਾ ਇੱਕ ਹੋ ਜਾਂਦਾ ਹੈ; ਆਹ ਦੋ ਰੋਟੀਆਂ ਤੁਸੀਂ ਖਾ ਲਵੋ ! ਮੈਂ ਵਿਹਲੀ ਦੋ ਭਾਂਡੇ ਮਾਂਜ ਸਾਰਾ ਦਿਨ ਮੰਜੀ 'ਤੇ ਬੈਠੀ ਰਹਿੰਦੀ ਹਾਂ। ਮੈਂ ਇੱਕ ਨਾਲ ਈ ਗੁਜਾਰਾ ਕਰ ਲਾਂਗੀ।' ਤੇ ਭਾਈ ਸ਼ੀਹੇ ਨੇ ਆਖਿਆ, 'ਨਹੀਂ ਕਰਮਾਂ ਵਾਲੀਏ ! ਭਾਗ ਸੁਲੱਖਣੀਏਂ ! ਤੇਰੀ ਗੋਦ ਵਿਚ ਕਾਕਾ ਹੈ। ਜੇ ਤੂੰ ਢਿੱਡੋਂ ਭੁੱਖੀ ਰਹੀਓਂ ਤੇ ਤੈਨੂੰ ਪੂਰਾ ਦੁੱਧ ਨਾ ਆਇਆ ਤਾਂ ਕਾਕਾ ਵੀ ਭੁੱਖਾ ਰਹੇਗਾ। ਅੱਗੇ ਸਾਰੇ ਦਿਨ ਦਾ ਭੁੱਖਾ ! ਰਾਤ ਵ਼ੀ ਭੁੱਖਿਆਂ ਕੱਟਣੀ ਪਏਗੀ। ਤੂੰ ਦੋ ਖਾਹ, ਤੈਨੂੰ ਦੁੱਧ ਆ ਜਾਏ ! ਤੂੰ ਤੇ ਕਾਕਾ ਸੁਖ ਨਾਲ ਸੌਂ ਜਾਓ ! ਮੈਂ ਮਰਦ ਹਾਂ। ਮੁਸੀਬਤਾਂ ਦਾ ਮੁਕਾਬਲਾ ਕਰਨਾ ਮੇਰਾ ਧਰਮ ਹੈ। ਮੈਂ ਇੱਕ ਰੋਟੀ ਖਾਵਾਂਗਾ।' ਇਹ ਗ੍ਰਹਿਸਤੀਆਂ ਦਾ ਜੋੜਾ ਹੈ; ਇਹ ਸਵਰਗੀ ਘਰ ਹੈ ਜਿਥੇ ਇਸਤਰੀ ਪਤੀ ਇਕ ਜੋਤ ਨੇ, ਜਿਥੇ ਇਸਤਰੀ ਪਤੀ ਇਕ ਦੂਜੇ ਦੇ ਉਤੋਂ ਜਾਨ ਵਾਰਦੇ ਨੇ। ਮੇਰੇ ਵਿੱਦਿਆ ਦਾਤਾ ਮੌਜ ਵਿਚ ਆਏ ਪੰਜਾਬੀ ਦਾ ਇਕ ਬਚਨ ਕਹਿੰਦੇ ਹੁੰਦੇ ਸਨ:

"ਜਿਥੇ ਪਤੀ ਪਤਨੀ ਦਾ ਜੋੜ ਨਹੀਂ ਉਥੇ ਹੋਰ ਨਰਕ ਦੀ ਲੋੜ ਨਹੀਂ।"

ਉਹ ਘਰ ਨਰਕ ਹੈ ਜਿਥੇ ਇਸਤ੍ਰੀ ਮਰਦ ਸੁਬ੍ਹਾ ਸ਼ਾਮ ਲੜਦੇ ਹੀ ਰਹਿੰਦੇ ਨੇ, ਦੰਗਾ ਫਸਾਦ ਹੀ ਰਹਿੰਦਾ, ਭਾਂਡੇ ਖੜਕਦੇ ਹੀ ਰਹਿੰਦੇ ਨੇ ਤੇ ਪਾਣੀ ਵਾਲਾ ਬਰਤਨ ਖਾਲੀ ਹੀ ਰਹਿੰਦਾ। ਹਰ ਵੇਲੇ ਉਹ ਘਰ ਨਰਕ ਹੈ; ਉਥੇ ਹੋਰ ਨਰਕ ਦੀ ਕੀ ਲੋੜ ਹੈ ? ਇਹ ਸਵਰਗੀ ਜੀਉੜੇ ਨੇ। ਇਹ ਗ੍ਰਹਿਸਤੀਆਂ ਦਾ ਘਰ ਹੈ। ਉਹ ਉਹਨੂੰ ਕਹਿੰਦੀ ਹੈ, ਤੂੰ ਦੋ ਖਾਹ ਤੇ ਉਹ ਉਹਨੂੰ ਕਹਿੰਦਾ, ਤੂੰ ਦੋ ਖਾਹ। ਇੰਨੇ ਚਿਰ ਨੂੰ ਇਕ ਮੰਗਤਾ

ਆ ਗਿਆ। ਕਹਿਣ ਲੱਗਾ, 'ਸ੍ਰੀ ਗੁਰੂ ਨਾਨਕ ਦੇ ਸਿਖੋ ! ਮੈਂ ਤਿੰਨ ਦਿਨ ਦਾ ਭੁੱਖਾ ਹਾਂ। ਅੱਜ ਤੀਸਰੇ ਦਿਨ ਤੁਹਾਡੀ ਨਗਰੀ ਵਿਚ ਫਿਰਿਆਂ। ਘਰ ਘਰ ਅਲਖ ਜਗਾਈ। ਕਿਸੇ ਦਰਦ ਵਾਲੇ ਨੇ ਨਾ ਗਰਾਹੀ ਚੌਲ ਦਿੱਤੇ ਨੇ ਤੇ ਨਾ ਗਰਾਹੀ ਰੋਟੀ ਦਿੱਤੀ। ਤੁਹਾਡੇ ਘਰ ਬਾਰੇ ਮੈਂ ਸੁਣਿਆਂ ਕਿ ਇਹ ਸ੍ਰੀ ਗੁਰੂ ਨਾਨਕ ਦੇ ਸਿੱਖਾਂ ਦਾ ਘਰ ਹੈ। ਮੈਨੂੰ ਭੁੱਖ ਲੱਗੀ ਹੈ; ਕੁਝ ਖਾਣ ਨੂੰ ਦਿਉ। ਸ੍ਰੀ ਗੁਰੂ ਨਾਨਕ ਦੇ ਸਿੱਖੋ ! ਮੇਰਾ ਮਨ ਭੌਂਕ ਰਿਹਾ ਹੈ। ਮੇਰੀ ਤ੍ਰਿਸ਼ਨਾ ਅਗਨੀ ਬਹੁਤ ਪਰਬਲ ਹੋ ਗਈ ਹੈ। ਮੇਰੇ ਕੋਲੋਂ ਤੁਰਿਆ ਨਹੀਂ ਜਾਂਦਾ ਤੇ ਭਾਈ ਸ਼ੀਹਾਂ ਖੁਸ਼ ਹੋ ਕੇ ਕਹਿਣ ਲੱਗਾ, 'ਕਰਮਾਂ ਵਾਲੀਏ ! ਬਾਪੂ ਨਾਨਕ ਨੇ ਫੈਸਲਾ ਕਰ ਦਿੱਤਾ ਈ। ਤਿੰਨੇ ਈ ਰੋਟੀਆਂ ਤਿੰਨੇ ਹੀ ਜੀਆਂ ਇੱਕ ਇੱਕ ਆਪਣੇ ਲਈ ਰੱਖ ਲਾ ਇੱਕ ਇਹਨੂੰ ਦੇ ਦੇਹ ਤੇ ਭਾਈ ਲਹਿਣਾ ਜਿਹੜਾ ਬੂਹੇ ਅੱਗੇ ਖੜ੍ਹਾ ਸੀ ਅਸ਼ ਅਸ਼ ਕਰ ਉੱਠਿਆ ਕਿ ਘਰ ਗਰੀਬੀ ਤੇ ਸਿਦਕ ਅਤੇ ਪਿਆਰ ਏਨਾਂ ! ਫਕੀਰ ਨੂੰ ਰੋਟੀ ਦਿੱਤੀ। ਖਾ ਕੇ ਉਹਨੇ ਫਿਰ ਆਵਾਜ਼ ਉੱਚੀ ਕੀਤੀ, 'ਸ੍ਰੀ ਗੁਰੂ ਨਾਨਕ ਦੇ ਸਿੱਖੋ ! ਮੇਰੇ ਮਨ ਦਾ ਕੁੱਤਾ ਅਜੇ ਵੀ ਭੌਂਕਦਾ। ਮੇਰਾ ਮਨ ਨਹੀਂ ਰੱਜਿਆ। ਮੇਰੀ ਅਜੇ ਤ੍ਰਿਪਤੀ ਨਹੀਂ ਹੋਈ, ਕੁਝ ਹੋਰ ਬਖਸ਼ੋ।' ਤਾ ਭਾਈ ਸ਼ੀਹੇਂ ਨੇ ਆਖਿਆ, 'ਕਰਮਾ, ਵਾਲੀਏ। ਗ੍ਰਿਹਿਸਤੀਆਂ ਦਾ ਘਰ ਹੈ; ਭੁੱਖਾ ਚਲੇ ਗਿਆ ਤਾਂ ਕੋਈ ਬਦ ਦੁਆ ਦੇ ਜਾਏਗਾ। ਇੱਕ ਰੋਟੀ ਹੋਰ ਦੇ ਦੇਹ। ਮੈਂ ਤੇ ਤੂੰ ਅੱਧੀ ਅੱਧੀ ਰੋਟੀ ਖਾ ਕੇ ਗੁਜਾਰਾ ਕਰ ਲਵਾਂਗੇ :

"ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥" (ਅੰਗ ੩੭੭)

ਜਿਹੜਾ ਹਰੀ ਦਾ ਨਾਮ ਰਸ ਪੀਂਦਾ ਹੈ, ਉਹ ਮਸਤ ਹੈ।

"ਆਨ ਰਸਾ ਸਭਿ ਹੋਛੇ ਰੇ ॥" (ਉਹੀ)

ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਜਿਹੜੇ ਰਸ ਨੇ ਉਹ ਹੋਛੇ ਨੇ, ਨਿਕੰਮੇ ਨੇ। ਅੰਤ ਇਨ੍ਹਾਂ ਨੇ ਦੁੱਖ ਦੇਣਾ। ਅੰਤ ਇਨ੍ਹਾਂ ਰੋਗ ਲਾਉਣੇ ਨੇ। ਰੱਬ ਨਾਲੋਂ ਵਿਛੋੜ ਦੇਣਾ। ਚੁਰਾਸੀ ਲੱਖ ਦੇ ਗੇੜੇ ਵਿਚ ਪਾ ਦੇਣਾ। ਇਕੋ ਵਾਹਿਗੁਰੂ ਦੇ ਨਾਮ ਦਾ ਰਸ ਹੈ ਜੀਹਦੇ ਅੰਦਰ ਵੱਸਿਆਂ ਦੁਨੀਆਂ ਦੇ ਰਸ ਫਿੱਕੇ ਹੋ ਜਾਂਦੇ ਨੇ; ਵਾਹਿਗੁਰੂ ਪਿਆਰਾ ਲਗਦਾ ਹੈ, ਲੋਕ-ਪਰਲੋਕ ਸਤਿਕਾਰ ਹੁੰਦਾ ਹੈ। ਮੇਰੇ ਸਾਹਿਬ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਕਾ ਦਿੰਦੇ ਨੇ :

"ਨਾਨਕ ਚਾਖਿ ਭਏ ਬਿਸਮਾਦੁ ॥" (ਉਹੀ)

ਜਿਨ੍ਹਾਂ ਨੇ ਹਰੀ ਦਾ ਨਾਮ ਰਸ ਚੱਖਿਆ ਹੈ ਉਹ ਹੈਰਾਨ ਹੋ ਗਏ :

"ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥" (ਉਹੀ)

ਨਾ ਐਸ ਲੋਕ ਵਿਚ ਉਹ ਰਸ ਛੱਡ ਕੇ ਜਾਂਦਾ ਨਾ ਅਗਲੇ ਲੋਕ ਵਿਚ ਹੀ ਉਹ

ਰਸ ਪਿੱਠ ਦੇਂਦਾ ਹੈ; ਜਿਹਦੇ ਅੰਦਰ ਨਾਮ ਰਸ ਵੱਸ ਗਿਆ ਉਹਦੇ ਨਾਲ ਨਿਭਦਾ ਹੈ:

"ਨਾਨਕ ਗੀਧਾ ਹਰਿ ਰਸ ਮਾਹਿ ॥" *(ਉਹੀ)*

ਸ੍ਰੀ ਗੁਰੂ ਨਾਨਕ ਨਿਰੰਕਾਰੀ ਸੱਚੇ ਪਾਤਸ਼ਾਹ ਕਹਿ ਰਹੇ ਨੇ "ਗੀਧਾ"। ਆਟੇ 'ਚ ਪਾਣੀ ਪਾ ਕੇ ਮਾਂ ਉਸ ਨੂੰ ਗੁੰਨ੍ਹਦੀ ਏ। ਮੁੱਕੀਆਂ ਦੇ ਦੇ ਕੇ ਗੁੰਨਦੀ ਏ! ਫੇਰ ਆਟਾ ਪਾਣੀ ਇਕ ਹੋ ਜਾਂਦੇ ਨੇ। ਕੋਈ ਨਹੀਂ ਪਛਾਣਦਾ ਕਿ ਆਟਾ ਕਿਹੜਾ ਤੇ ਪਾਣੀ ਕਿਹੜਾ! ਐਨ ਇੱਕ ਰੂਪ ਰੋਟੀ ਬਣ ਜਾਂਦੀ ਹੈ; ਖ਼ੂਨ ਪੈਦਾ ਕਰਦੀ ਏ; ਸਿਹੰਤ ਬਣ ਜਾਂਦੀ ਹੈ। ਜਿਵੇਂ ਆਟਾ ਤੇ ਪਾਣੀ ਇੱਕ ਹੋ ਜਾਂਦੇ ਹਨ ਮੈਂ ਵਾਹਿਗੁਰੂ ਨਾਲ ਮਿਲ ਕੇ ਇੱਕ ਹੋ ਗਿਆਂ, ਉਹਦੇ 'ਚ ਰਚ-ਮਿਚ ਗਿਆਂ। ਮੇਰੇ ਅਤੇ ਉਹਦੇ ਵਿਖੇ ਕੋਈ ਫਰਕ ਨਹੀਂ ਰਿਹਾ:

"ਈਤ ਊਤ ਕਤ ਛੋਡਿ ਨ ਜਾਇ॥
ਨਾਨਕ ਗੀਧਾ ਹਰਿ ਰਸ ਮਾਹਿ॥"

ਮੈਂ ਉਹਦੇ ਵਿਚ ਰਚ-ਮਿਚ ਗਿਆਂ; ਇਕ-ਮਿਕ ਹੋ ਗਿਆਂ। ਹੁਣ ਉਹ ਮੈਨੂੰ ਨਹੀਂ ਭੁਲਾਉਂਦਾ, ਮੈਂ ਉਹਨੂੰ ਨਹੀਂ ਭੁਲਾਉਂਦਾ; ਮੇਰੀ ਤੇ ਉਹਦੀ ਬੜੀ ਨੇੜੇ ਦੀ ਸਾਕਾ-ਗਿਰੀ ਹੋ ਗਈ ਏ। ਵਾਹਿਗੁਰੂ ਕ੍ਰਿਪਾ ਕਰੇ ਉਹ ਨਾਮ ਦਾ ਕਿਣਕਾ ਸਾਡੇ ਹਿੱਸੇ ਆ ਜਾਵੇ! ਰਹਿਮਤ ਕਰ ਦਏ ਸ੍ਰੀ ਗੁਰੂ ਅਰਜਨ ਸੱਚਾ ਪਾਤਸ਼ਾਹ! ਪਪੀਹੇ ਮਨ ਨੂੰ ਨਾਮ ਦੀ ਸਵਾਂਤੀ ਬੂੰਦ ਦੇ ਕੇ ਸਭ ਮਾਈ-ਭਾਈ ਨੂੰ ਇਸ ਕਲਯੁਗ ਦੇ ਤੱਤਿਆਂ ਝੋਲਿਆਂ ਤੋਂ ਬਚਾ ਲਏ, ਇਸ ਕਲਯੁਗ ਦੀ ਅੱਗ ਤੋਂ ਰਖਿਆ ਕਰ ਲਏ! ਇੱਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਜਿਹੜੀ ਇਨ੍ਹਾਂ ਝੋਲਿਆਂ ਤੋਂ ਬਚਾ ਸਕਦੀ ਹੈ। ਨਿਰੰਕਾਰ ਦਯਾ ਕਰੇ, ਤੁਸੀਂ ਨਿੱਤ ਸਤਸੰਗੀ ਬਣੋ, ਨਿਤ ਗੁਰਦੁਆਰੇ ਆਓ, ਨਿਤ ਆਪਣੇ ਪਿਆਰੇ ਦੀ ਗੋਦ ਮਾਣੋ! ਪੰਜਾਬੀ ਦਾ ਇਕ ਮੁਹਾਵਰਾ ਹੈ ਕਿ ਰੋਜ਼ ਪਿੱਛ ਪੀਂਦਿਆਂ ਪੀਂਦਿਆਂ ਕਦੇ ਤਾਂ ਚੌਲਾਂ ਦਾ ਦਾਣਾ ਆ ਹੀ ਜਾਂਦਾ ਹੈ! ਗੁਰੂ ਕਿਆ ਸਿੱਖਾ! ਰੋਜ਼ ਗੁਰਦੁਆਰੇ ਆ! ਰੋਜ਼ ਕੀਰਤਨ ਸੁਣ! ਰੋਜ਼ ਮੁਖਵਾਕ ਸੁਣ! ਰੋਜ਼ ਕਥਾ ਸੁਣ! ਕੋਈ ਭਾਗਾਂ ਵਾਲਾ ਟਾਇਮ ਆਏਗਾ ਤੈਨੂੰ ਚੌਲਾਂ ਦਾ ਦਾਣਾ ਲੱਭ ਹੀ ਜਾਏਗਾ! ਕਿਸੇ ਦਿਨ ਕੋਈ ਕਿਣਕਾ ਤੇਰੇ ਅੰਦਰ ਵੱਸ ਹੀ ਜਾਏਗਾ! ਕਿਸੇ ਨਾ ਕਿਸੇ ਦਿਨ ਤੇਰਾ ਬੇੜਾ ਉਹ ਸ਼ਹੁ ਸਾਗਰ ਤੋਂ ਪਾਰ ਕਰ ਹੀ ਦਏਗਾ! ਇਨ੍ਹਾਂ ਅੱਖਰਾਂ ਨਾਲ ਮੈਂ ਤੁਹਾਡੇ ਕੋਲੋਂ ਖਿਮਾ ਚਾਹੁੰਦਾ ਹਾਂ। ਭੁੱਲਾਂ ਗਲਤੀਆਂ ਦਾਸ ਦੀਆਂ ਜਾਣ ਕੇ ਮਾਫ਼ ਕਰਨੀਆਂ; ਬਚਨ ਗੁਰੂ ਕਾ ਜਾਣ ਕੇ ਹਿਰਦੇ ਅੰਦਰ ਵਸਾਉਣਾ ਤਾਂ ਕਿ ਮੇਰਾ ਤੁਹਾਡਾ ਸਮਾਂ ਲੇਖੇ ਅੰਦਰ ਪੈ ਜਾਏ!

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

❖ ❖ ❖

ਗੋਇਲਿ ਆਇਆ ਗੋਇਲੀ

—ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

(ਅੰਗ ੩੮੩)

—ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥

(ਅੰਗ ੧੩੭੫)

—ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ॥੧॥
ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ॥
ਕਿਆ ਥੋੜੜੀ ਬਾਤ ਗੁਮਾਨੁ ॥੧॥ ਰਹਾਉ॥
ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥੨॥
ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥੩॥
ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥੪॥੨੨॥੯੨॥

(ਅੰਗ ੫੦)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਸਤਿਗੁਰੁ ਸੇਵਿ ਪਿਆਰਿ ਪਿਆਰੇ ਸਤਿਗੁਰੁ ਸੇਵਿ ਪਿਆਰਿ!
ਸਤਿਗੁਰੁ ਸੇਵਿ ਪਿਆਰਿ ਪਿਆਰੇ ਸਤਿਗੁਰੁ ਸੇਵਿ ਪਿਆਰਿ!

ਗੁਰੂ ਕੀ ਪਰਮ ਸਤਿਕਾਰ ਯੋਗ ਗੁਰੂ ਕਾ ਰੂਪ ਸਰੂਪ ਸਾਧਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ ਗੁਰਮੁਖ ਮਾਈ ਭਾਈ ਜੀ ! ਜਿਨ੍ਹਾਂ ਜਿਨ੍ਹਾਂ ਨੂੰ ਮੇਰੇ ਸਤਿਗੁਰੂ ਨੇ ਸਮੇਂ ਸਿਰ ਗੁਰਦੁਆਰੇ ਆਉਣ ਦੀ ਸਮਰਥਾ ਬਖਸ਼ੀ ਹੈ, ਜਿਹੜੇ ਜਿਹੜੇ ਗੁਰਮੁਖ ਮਹਾਂਪੁਰਖ ਮਾਈ ਭਾਈ ਸਮੇਂ ਦੀ ਕਦਰ ਕੀਮਤ ਨੂੰ ਜਾਣਦੇ ਹੋਏ ਸਤਿਗੁਰਾਂ ਦੇ ਦਰਬਾਰ ਪਹੁੰਚ ਗਏ ਹੋ, ਉਹ ਸਾਰੇ ਰਲ-ਮਿਲ ਕੇ ਕੋਸ਼ਿਸ਼ ਕਰੀਏ ਪਈ ਕਿਸੇ ਸੂਰਤ ਇਸ ਥੋੜ੍ਹੇ ਜਿਹੇ ਟਾਇਮ ਅੰਦਰ ਸਾਡਾ ਮਨ ਸੰਗਤ ਨਾਲ ਰੁਝ ਜਾਏ, ਕਿਤੇ ਸ਼ਬਦ ਨਾਲ ਪਤੀਜ ਜਾਏ ! ਵਾਹਿਗੁਰੂ ਕਰੇ ਕਿਸੇ ਗੁਰਮੁਖ ਦੀ ਕੋਈ ਘੜੀ, ਕੋਈ ਚਸਾ, ਕੋਈ ਪਲ ਲੇਖੇ

'ਚ ਪੈ ਜਾਏ! ਮੈਂ ਆਪ ਜੀ ਦੇ ਸਾਹਮਣੇ ਸਤਿਗੁਰਾਂ ਦਾ ਬਚਨ ਪੜ੍ਹਿਆ। ਏਸ ਸ਼ਬਦ ਵਿਚ ਸਤਿਗੁਰਾਂ ਨੇ ਜਗਤ ਨੂੰ ਥੋੜ੍ਹੇ ਚਿਰ ਦਾ ਮਹਿਮਾਨ ਦੱਸ ਕੇ, ਵਾਹਿਗੁਰੂ ਨੂੰ ਸਦੀਵ ਕਾਲ ਹਾਜਰ ਨਾਜਰ ਰਹਿਣ ਵਾਲਾ ਦੱਸ ਕੇ ਏਸ ਪਰਪੰਚ ਦੇ ਪਸਾਰੇ 'ਚੋਂ ਉਦਾਸ ਰਹਿ ਕੇ, ਨਿਰਲੇਪ ਰਹਿ ਕੇ ਵਾਹਿਗੁਰੂ ਨੂੰ ਸਿਮਰਨ ਦਾ ਉਪਦੇਸ਼ ਕੀਤਾ ਹੈ। ਏਸ ਜਗਤ ਵਿਚ ਥੋੜ੍ਹਾ ਚਿਰ ਰਹਿਣਾ ਹੈ। ਏਸ ਗੱਲ ਲਈ, ਏਸ ਨੁਕਤੇ ਲਈ ਕਿ ਥੋੜ੍ਹਾ ਚਿਰ ਰਹਿਣਾ, ਸਤਿਗੁਰਾਂ ਨੇ ਪ੍ਰਮਾਣ ਦਿੱਤੇ ਹਨ ਔਰ ਐਸੇ ਪ੍ਰਮਾਣ ਦਿੱਤੇ ਨੇ ਜਿਨ੍ਹਾਂ ਨੂੰ ਕੋਈ ਕੱਟ ਨਹੀਂ ਸਕਦਾ, ਜਿਨ੍ਹਾਂ ਉਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਐਸੇ ਨਿੱਗਰ ਪ੍ਰਮਾਣ ਦਿੱਤੇ ਨੇ। ਪਹਿਲਾ ਪ੍ਰਮਾਣ ਸਾਹਿਬਾਂ ਨੇ ਲਿਆ ਹੈ "ਗੋਇਲਿ ਆਇਆ ਗੋਇਲੀ" ਅਸੀਂ ਪੰਜਾਬੀ ਜ਼ਬਾਨ ਵਿਚ ਗੋਇਲੀ ਉਹਨੂੰ ਕਹਿਨੇ ਆਂ ਜਿਹੜਾ ਬਰਸਾਤ ਦੇ ਮਹੀਨੇ ਲੋਕਾਂ ਦੀਆਂ ਗਾਈਂ ਮੱਝੀਂ ਬਲਦ ਸੰਢੇ ਲੈ ਕੇ ਤੇ ਦਰਿਆ ਦੇ ਕਿਨਾਰੇ ਚਲਿਆ ਜਾਏ ਜਿਥੇ ਕਿ ਘਾਹ ਬੂਟ ਬੇਅੰਤ ਹੁੰਦਾ ਹੈ; ਜਾਨਵਰ ਖਾ ਕੇ ਉਹ ਔਖੇ ਦਿਨ, ਤੰਗੀ ਦੇ ਦਿਨ, ਸੁਖ ਨਾਲ ਗੁਜਾਰ ਲੈਂਦੇ ਹਨ। ਉਸ ਡੰਗਰ ਲਿਜਾਣ ਵਾਲੇ ਨੂੰ ਅਸੀਂ ਗੋਇਲੀ ਕਹਿੰਦੇ ਹਾਂ ਤੇ ਜਿਸ ਥਾਂ ਜਾ ਕੇ ਉਹਨੇ ਰਹਿਣਾ ਹੁੰਦਾ ਉਹਦਾ ਨਾਂ ਗੋਇਲ ਹੈ। ਵੈਸੇ ਬਹੁਤੇ ਸਾਰੇ ਡੰਗਰਾਂ ਦੇ ਵੱਗ ਨੂੰ ਵੀ ਗੋਇਲ ਹੀ ਆਖਦੇ ਹਨ। ਉਹ ਜਿਸ ਵੇਲੇ ਲੋਕਾਂ ਦਾ ਡੰਗਰ-ਵੱਛਾ ਲੈ ਕੇ ਗੋਇਲੀ ਉਸ ਥਾਂ ਜਾਂਦਾ ਜਿਥੇ ਘਾਹ ਬੇਅੰਤ ਹੁੰਦਾ ਹੈ ਹੋਰ ਵੀ ਕਈ ਉਹਦੇ ਵਰਗੇ ਸੱਜਣ ਉਥੇ ਆਏ ਹੋਏ ਹੁੰਦੇ ਨੇ। ਉਨ੍ਹਾਂ ਨੇ ਉਥੇ ਸਿਰਫ ਕੋਈ ਮਹੀਨਾ ਡੇਢ ਮਹੀਨਾ ਹੀ ਰਹਿਣਾ ਹੁੰਦਾ। ਜਦੋਂ ਬਰਸਾਤ ਹੋ ਜਾਏ, ਜਦੋਂ ਮੀਂਹ ਪੈ ਜਾਏ ਉਦੋਂ ਉਹ ਉਥੋਂ ਵਾਪਸ ਆ ਜਾਂਦੇ ਨੇ, ਲੋਕਾਂ ਦਾ ਡੰਗਰ ਵੱਛਾ ਲੋਕਾਂ ਨੂੰ ਸੌਂਪ ਦੇਂਦੇ ਨੇ। ਆਪਣੀ ਮਜੂਰੀ ਲੈ ਕੇ ਘਰਾਂ ਨੂੰ ਚਲੇ ਜਾਂਦੇ ਨੇ। ਏਸ ਕਰਕੇ ਉਹ ਉਸ ਥਾਂ ਗਏ ਹੋਏ ਜਿਥੇ ਉਨ੍ਹਾਂ ਨੇ ਡੇਢ ਕੁ ਮਹੀਨਾ ਹੀ ਰਹਿਣਾ ਹੈ, ਕੋਈ ਪਸਾਰਾ ਨਹੀਂ ਪਸਾਰਦੇ; ਕੋਈ ਸਰਾਵਾਂ, ਮਹੱਲ, ਮਕਾਨ, ਹਵੇਲੀਆਂ ਨਹੀਂ ਬਣਾਉਂਦੇ ਕਿਉਂਕਿ ਅੰਦਰ ਉਨ੍ਹਾਂ ਦੇ ਇਹ ਗੱਲ ਸਮਾਈ ਹੋਈ ਹੁੰਦੀ ਏ ਕਿ ਅਸਾਂ ਐਵੇਂ ਥੋੜ੍ਹੇ ਜਿਹੇ ਦਿਨ ਰਹਿਣਾ; ਇਹ ਸਾਡਾ ਅਸਲੀ ਠਿਕਾਣਾ ਨਹੀਂ! ਇਹ ਸਾਡਾ ਅਸਲੀ ਘਰ ਨਹੀਂ। ਘਰ ਸਾਡਾ ਕੋਈ ਹੋਰ ਹੈ। ਸਰਪਰ ਅਸਾਂ ਉਥੇ ਜਾਣਾ ਹੈ। ਏਥੇ ਬਾਗ ਲਾਉਣੇ ਅਡੰਬਰ, ਅਡੰਬਰਨੇ ਹਵੇਲੀਆਂ ਬਣਾਉਣੀਆਂ, ਕਿਲ੍ਹੇ ਕੋਟ ਮੰਦਰ ਬਣਾਉਣੇ, ਮਕਾਨ ਆਦਿ ਬਣਾਉਣੇ ਇਹ ਫਜ਼ੂਲ ਨੇ। ਐਸਾ ਉਨ੍ਹਾਂ ਦਾ ਮਨ ਮੰਨ ਗਿਆ ਹੋਇਆ ਹੈ। ਸਾਹਿਬ ਕਹਿੰਦੇ ਨੇ ਐਨ ਉਸੇ ਤਰ੍ਹਾਂ ਮਨੁੱਖ ਵੀ ਏਸ ਮਾਤ ਲੋਕ ਵਿਚ ਥੋੜ੍ਹੇ ਦਿਨਾਂ ਵਾਸਤੇ ਆਇਆ ਹੈ:

"ਗੋਇਲਿ ਆਇਆ ਗੋਇਲੀ" ਜਿਸ ਤਰ੍ਹਾਂ ਲੋਕਾਂ ਦੇ ਡੰਗਰ ਚਾਰਨ ਵਾਲਾ ਵਾਗੀ ਥੋੜ੍ਹੇ ਜਿਹੇ ਚਿਰ ਵਾਸਤੇ ਦਰਿਆ ਦੇ ਕਿਨਾਰੇ ਜਾਂਦਾ ਹੈ ਏਸੇ ਤਰ੍ਹਾਂ ਮਨੁੱਖ ਵੀ ਏਸ ਸੰਸਾਰ ਵਿਚ ਥੋੜ੍ਹੇ ਜਿਹੇ ਚਿਰ ਵਾਸਤੇ ਆਇਆ ਹੈ। ਇਹ ਸਦੀਵੀ ਰਹਿਣ ਵਾਲਾ ਨਹੀਂ। ਇਹ ਹਮੇਸ਼ਾ ਏਥੇ ਰਹਿਣ ਵਾਲਾ ਨਹੀਂ। ਜੇ ਉਹ ਡੰਗਰ ਚਾਰਨ ਵਾਲਾ ਇਕ

ਇਹ ਸਮਝ ਗਿਆ ਪਈ ਮੈਂ ਇਥੇ ਦੋ-ਚਾਰ ਸਾਲ ਨਹੀਂ ਰਹਿਣਾ, ਦੋ-ਚਾਰ ਮਹੀਨੇ ਵੀ ਨਹੀਂ ਰਹਿਣਾ ਬਲਕਿ ਮਹੀਨਾ ਡੇਢ ਮਹੀਨਾ ਹੀ ਰਹਿਣਾ, ਕਿਉਂ ਇਥੇ ਮੈਂ ਪਸਾਰੇ ਪਸਾਰਦਾ ਫਿਰਾਂ ? ਹਜ਼ੂਰ ਧੁਨ ਵਿਚ ਸਾਨੂੰ ਉਪਦੇਸ਼ ਕਰ ਰਹੇ ਨੇ ਤੇ ਸਾਨੂੰ ਵੀ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਪਈ ਅਸਾਂ ਇਥੇ ਥੋੜ੍ਹੇ ਦਿਨ ਰਹਿਣਾ, ਗਿਣਤੀ-ਮਿਣਤੀ ਦੇ ਦਿਨ ਰਹਿਣਾ, ਇਥੇ ਲੰਮੇ-ਚੌੜੇ ਪਸਾਰੇ ਪਸਾਰਨ ਦੀ, ਲੰਮੇ-ਚੌੜੇ ਅਡੰਬਰ ਅਡੰਬਰਨੇ ਦੀ ਕੋਈ ਲੋੜ ਨਹੀਂ। ਗੁਜਾਰਾ ਕਰਨਾ, ਚੰਗੀ ਤਰ੍ਹਾਂ ਗੁਜਾਰਾ ਕਰਨਾ, ਇਹ ਲਾਜਮੀ ਹੈ, ਇਹ ਜ਼ਰੂਰੀ ਹੈ। ਲੇਕਿਨ ਲੋੜ ਤੋਂ ਵੱਧ ਪੈਰ ਪਸਾਰ ਲੈਣੇ, ਲੋੜ ਤੋਂ ਵੱਧ ਲੰਮੀਆਂ ਤਾਣਾਵਾਂ ਛੱਡ ਦੇਣੀਆਂ, ਇਹ ਰੁਝੇਵਾਂ ਹੈ, ਇਹ ਮਨ ਦੀ ਫਸੌਤੀ ਹੈ, ਇਹ ਮਨ ਦੀ ਲਾਲਚ ਵਾਲੀ ਬਿਰਤੀ ਹੈ, ਇਹ ਮਨ ਮੋਹ ਮਾਇਆ ਦੇ ਜਾਲ ਵਿਚ ਫਸੇ ਹੋਣ ਦੀ ਨਿਸ਼ਾਨੀ ਹੈ। ਸਾਹਿਬ ਕਹਿੰਦੇ ਨੇ :

"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥" (ਅੰਗ ੫੦)

ਹੇ ਮਨੁੱਖੀ ਮਨ ! ਏਸ ਸੰਸਾਰ ਵਿਚ ਰਹਿਣ ਦੀ ਤੇਰੀ ਮੁਹਲਤ, ਤੇਰੀ ਮਿਆਦ, ਜਦੋਂ ਪੂਰੀ ਹੋ ਗਈ ਉਸ ਗੋਇਲੀ ਵਾਂਗੂ ਤੂੰ ਵੀ ਏਥੋਂ ਚਲੇ ਜਾਣਾ। ਤੂੰ ਵੀ ਏਸ ਜਹਾਨ ਨੂੰ ਛੱਡਣਾ ਹੈ। ਜਿਹੜਾ ਤੇਰਾ ਅਸਲੀ ਘਰ ਬਾਰ ਹੈ, ਜਿਹੜਾ ਤੇਰਾ ਅਸਲੀ ਦੇਸ ਹੈ, ਉਹਦੀ ਸੰਭਾਲ, ਕਰਿਆ ਕਰ, ਉਹਦਾ ਚੇਤਾ ਕਰਿਆ ਕਰ।

"ਤੂੰ ਸੰਮਲੁ ਘਰ ਬਾਰੁ ॥

ਜਿਹੜਾ ਤੇਰਾ ਕੋਈ ਅਸਲੀ ਘਰ ਹੈ, ਜਿਥੇ ਤੂੰ ਹਰ ਹਾਲਤ ਵਿਚ ਜਾਣਾ ਹੀ ਜਾਣਾ ਹੈ, ਉਸ ਘਰ ਦੀ ਸੰਭਾਲ ਕਰਿਆ ਕਰ। ਉਹ ਘਰ ਹੈ ਵਾਹਿਗੁਰੂ ਦਾ ਸਵੈ ਸਰੂਪ ਸਾਡੀ ਮੰਜਲ, ਸਾਡਾ ਠਿਕਾਣਾ। ਸਤਿਗੁਰਾਂ ਨੇ ਦੱਸਿਆ ਹੈ ਕਿ ਜੋਤ ਨਾਲ ਮਿਲ ਕੇ ਜੋਤ ਹੋ ਜਾਣਾ। ਸੰਨ 67 ਵਿਚ ਮੈਂ ਜਦੋਂ ਆਇਆ ਤੇ ਦੋ-ਤਿੰਨ ਲੜਕੀਆਂ ਬਰਮਿੰਘਮ ਮੈਨੂੰ ਮਿਲੀਆਂ ਗੁਰਦੁਆਰੇ। ਏਧਰ ਦੀਆਂ ਅੰਗਰੇਜ ਕੁੜੀਆਂ, ਜਿਹੜੀ ਚੰਗੀਆਂ ਜੁਆਨ ਹੈਲਦੀ। ਉਨ੍ਹਾਂ ਨਾਲ ਗੱਲਾਂ ਕਰਨ ਤੋਂ ਪਤਾ ਲੱਗਾ ਪਈ ਇਹ ਐਮ. ਏ. ਜਰੂਰ ਪੜ੍ਹੀਆਂ ਹੋਈਆਂ ਨੇ ਔਰ ਇਸਾਈਪੁਣੇ ਦਾ ਪ੍ਰਚਾਰ ਕਰਦੀਆਂ ਨੇ। ਇਕ ਲੜਕੀ ਨੇ ਮੇਰੇ 'ਤੇ ਸੁਆਲ ਕੀਤਾ। ਕਹਿਣ ਲੱਗੀ, 'ਸਾਨੂੰ ਇਹ ਸਮਝਾਇਆ ਗਿਆ ਬਾਈਬਲ ਦੀ ਰਾਹੀਂ ਕਿ ਅਸੀਂ ਸਵਰਗੀ ਜੀਵ ਸਾਂ। ਸਾਡੇ ਕੋਲੋਂ ਕੋਈ ਗਲਤੀ ਹੋਈ, ਸਾਨੂੰ ਸਵਰਗਾਂ ਵਿਚੋਂ ਧੱਕਾ ਦੇ ਕੇ ਏਸ ਮਾਤਲੋਕ 'ਤੇ ਸੁੱਟ ਦਿੱਤਾ ਗਿਆ। ਗੁਨਾਹ ਕੀਤੇ, ਪਾਪ ਕੀਤੇ, ਸੰਸਾਰ ਵਿਚ ਫਸ ਗਏ ਤੇ ਸਾਡੇ ਗੁਨਾਹ ਦੇ ਬਦਲੇ ਜਸੂ ਮਸੀਹ ਖੁਦਾ ਦਾ ਇਕਲੌਤਾ ਬੇਟਾ ਆਇਆ। ਸਾਡੇ ਗੁਨਾਹ ਨੂੰ ਮਾਫ ਕਰਾਉਣ ਵਾਸਤੇ ਉਹ ਆਪ ਫਾਂਸੀ 'ਤੇ ਚੜ੍ਹ ਗਿਆ। ਸਾਡੇ ਗੁਨਾਹ ਦਾ ਕਸਾਰਾ ਉਹਨੇ ਆਪਣੇ ਸਿਰ 'ਤੇ ਲਿਆ। ਹੁਣ ਅਸਾਂ ਜਿੱਦਣ ਮਰਨਾ ਅਸਾਂ ਸਿੱਧੇ ਸਵਰਗਾਂ 'ਚ ਜਾਣਾ ! ਸਾਨੂੰ ਇਹ ਸਮਝਾਇਆ ਗਿਆ। ਤੁਹਾਨੂੰ ਤੁਹਾਡੇ ਗੁਰੂ ਨਾਨਕ ਕੀ ਸਮਝਾਇਆ ? ਬੜੇ

ਚੰਗੇ ਤਰੀਕੇ ਨਾਲ, ਬੜੀ ਸੰਜੀਦਗੀ ਨਾਲ, ਬੜੇ ਨਿਰਛਲਪੁਣੇ ਜਿਹੇ ਨਾਲ ਉਸ ਲੜਕੀ ਨੇ ਇਹ ਸਵਾਲ ਕੀਤਾ, ਕੋਈ ਜ਼ਿਦ ਦੇ ਖਿਆਲ ਨਾਲ ਜਾਂ ਹਾਰਨ ਜਿੱਤਣ ਦੇ ਖਿਆਲ ਨਾਲ ਜਾਂ ਚਿੜਚਿੜੀ ਜਿਹੀ ਹੋ ਕੇ ਸੁਆਲ ਨਹੀਂ ਕੀਤਾ। ਜਗਿਆਸੂ ਦੀ ਹੈਸੀਅਤ ਵਿਚ ਉਹਨੇ ਸੁਆਲ ਕੀਤਾ। ਮੈਂ ਉਹਨੂੰ ਜੁਆਬ ਦਿੱਤਾ ਪਈ, 'ਸਾਡਾ ਸਵਰਗਾਂ ਵਿਚ ਜਾਣ ਦਾ ਨਿਸ਼ਾਨਾ ਈ ਨਹੀਂ। ਸਾਨੂੰ ਸਾਡੇ ਸ੍ਰੀ ਗੁਰੂ ਨਾਨਕ ਨਿਰੰਕਾਰੀ ਨੇ ਇਹ ਸਮਝਾਇਆ ਕਿ ਸਵਰਗ ਕੋਈ ਚੀਜ ਈ ਨਹੀਂ। ਤੁਹਾਡੇ ਵਿਚੋਂ ਜਿਹੜੇ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਨੇ ਉਨ੍ਹਾਂ ਕਈ ਵਾਰਾਂ ਇਹ ਬਚਨ ਪੜ੍ਹੇ ਹੋਣਗੇ ਕਿ

"ਪਾਪੁ ਪੁੰਨੁ ਤਹ ਭਈ ਕਹਾਵਤ ॥"

ਕੈਸੀ ਸਟੇਜ ਹੈ ਮਨੁੱਖੀ ਮਨ ਦੀ ਜਦੋਂ ਇਹ ਉਥੇ ਪਹੁੰਚਦਾ ਹੈ ਇਹਨੂੰ ਪਤਾ ਲੱਗ ਜਾਂਦਾ ਹੈ ਪਈ ਪਾਪ ਤੇ ਪੁੰਨ ਐਵੇਂ ਇਕ ਕਹਾਵਤ ਹੀ ਹੈ, ਐਵੇਂ ਇਕ ਗੱਲ ਹੀ ਹੈ! ***"ਕੋਊ ਨਰਕ ਕੋਊ ਸੁਰਗ ਬੰਛਾਵਤ ॥"*** ਆਖਦੇ ਨੇ ਪਾਪ ਕਰਨ ਵਾਲਾ ਨਰਕਾਂ ਵਿਚ ਜਾਏਗਾ ਪੁੰਨ ਕਰਨ ਵਾਲਾ ਸਵਰਗਾਂ ਵਿਚ ਜਾਏਗਾ। ਇਹ ਨਹੀਂ ਦੱਸਿਆ ਬੇਦ ਸ਼ਾਸਤ੍ਰ ਨੇ ਪਈ ਪੁੰਨ ਕਰਨ ਵਾਲਾ ਜੋਤ ਨਾਲ ਜੋਤ ਰਲ ਜਾਂਦਾ ਹੈ। ਉਹ ਕਹਿੰਦੇ ਨੇ ਕਿ ਪਾਪ ਕਰਨ ਵਾਲਾ ਨਰਕੇ ਜਾਂਦਾ ਹੈ ਪੁੰਨ ਕਰਨ ਵਾਲਾ ਸਵਰਗੇ ਜਾਂਦਾ ਹੈ। ਜਿਸ ਤਰ੍ਹਾਂ ਜਿਹੜਾ ਸੀ ਕਲਾਸ ਦਾ ਕੈਦੀ ਹੈ ਉਹਨੂੰ ਜੇਲ੍ਹਖਾਨੇ ਵਿਚ ਮੁਸ਼ੱਕਤ ਕਰਨੀ ਪੈਂਦੀ ਹੈ, ਭੁੰਜੇ ਸੌਣਾ ਪੈਂਦਾ ਹੈ, ਆਮ ਰੋਟੀ ਜਿਹੜੀ ਸਾਰਿਆਂ ਲਈ ਬਣਦੀ ਏ ਉਹ ਉਹਨੂੰ ਖਾਣੀ ਪੈਂਦੀ ਏ। ਜਿਹੜਾ ਬੀ ਕਲਾਸ ਦਾ ਕੈਦੀ ਏ ਉਹਨੂੰ ਮੁਸ਼ੱਕਤ ਨਹੀਂ ਕਰਨੀ ਪੈਂਦੀ। ਸੌਂਦਾ ਉਹ ਵੀ ਭੁੰਜੇ ਈ ਏ। ਕਈਆਂ ਦੀ ਰੋਟੀ ਘਰੋਂ ਆ ਜਾਂਦੀ ਏ ਤੇ ਕਈ ਉਹੋ ਈ ਖਾਂਦੇ ਨੇ ਜਿਹੜੇ ਸੀ ਕਲਾਸ ਵਾਲੇ ਕੈਦੀ ਖਾਣ। ਇਕ ਏ ਕਲਾਸ ਦਾ ਕੈਦੀ ਹੁੰਦਾ। ਉਹਨੂੰ ਮੰਜਾ-ਬਿਸਤਰਾ ਵੀ ਮਿਲਦਾ, ਪ੍ਰਸ਼ਾਦ ਉਹਨੂੰ ਘਰੋਂ ਆਉਂਦਾ, ਕੋਈ ਉਹਨੂੰ ਮੁਸ਼ੱਕਤ ਨਹੀਂ ਹੁੰਦੀ, ਸਿਰਫ ਉਹ ਜੇਲ੍ਹਖਾਨੇ ਦੀ ਚਾਰ ਦੀਵਾਰੀ ਵਿਚ ਬੰਦ ਹੁੰਦਾ। ਇਹ ਸਪੈਸ਼ਲ ਕਲਾਸ ਦਾ ਕੈਦੀ ਹੁੰਦਾ ਜੇਲ੍ਹਖਾਨਾ ਉਹੋ ਈ ਏ, ਕੈਦੀ ਚਾਰ ਨੇ, ਏ ਕਲਾਸ ਦਾ, ਬੀ ਕਲਾਸ ਦਾ, ਸੀ ਕਲਾਸ ਦਾ ਤੇ ਸਪੈਸ਼ਲ ਕਲਾਸ ਦਾ। ਜਿਸ ਵੇਲੇ ਸੀ ਕਲਾਸ ਵਾਲੇ ਦੀ ਉਹ ਮਿਆਦ ਪੂਰੀ ਹੋ ਜਾਂਦੀ ਹੈ ਜਿਹੜੀ ਮਜਿਸਟਰੇਟ ਨੇ ਦੱਸੀ ਹੋਈ ਹੋਵੇ ਤਾਂ ਉਸ ਦਿਨ ਜੇਲ੍ਹਖਾਨੇ ਦਾ ਸੁਪਰਡੈਂਟ ਆਉਂਦਾ ਹੈ, ਦਰੋਗਾ ਆਉਂਦਾ ਹੈ, ਕਲਰਕ ਆ ਜਾਂਦਾ ਹੈ। ਉਹਦੇ ਪੁਰਾਣੇ ਕੱਪੜੇ ਲਿਆ ਕੇ ਉਹਦੇ ਹਵਾਲੇ ਕਰ ਦੇਂਦੇ ਨੇ। ਡਿਉੜੀ ਦਾ ਇਕ ਛੋਟਾ ਜਿਹਾ ਦਰਵਾਜਾ ਹੁੰਦਾ ਹੈ। ਜੇਲ੍ਹਖਾਨੇ ਦੇ ਵੱਡੇ ਸਾਰੇ ਦਰਵਾਜੇ 'ਚ ਇਕ ਨਿੱਕੀ ਜਿਹੀ ਬਾਰੀ ਹੁੰਦੀ ਏ ਉਸ ਬਾਰੀ ਵਿਚੋਂ ਉਹਨੂੰ ਬਾਹਰ ਕੱਢ ਦਿੰਦੇ ਨੇ, ਟਿਕਟ ਲੈ ਦਿੰਦੇ ਨੇ। ਪੁਰਾਣੇ ਕੱਪੜੇ ਦੇ ਦਿੰਦੇ ਨੇ, 'ਜਾਹ ਬਈ ਤੇਰੀ ਮਿਆਦ ਖਤਮ ਹੋ ਗਈ। ਹੁਣ ਤੂੰ ਏਸ ਜੇਲ੍ਹਖਾਨੇ 'ਚ ਨਹੀਂ ਰਹਿ ਸਕਦਾ ਤੇ ਜਿੱਦਣ ਸਪੈਸ਼ਲ ਕਲਾਸ ਵਾਲੇ ਦੀ ਸਪੈਸ਼ਲ ਕਲਾਸ ਪੂਰੀ ਹੋ ਜਾਂਦੀ ਹੈ ਜਿਸ ਨੂੰ

ਖਾਣ ਨੂੰ ਪੂੜੀਆਂ ਮਿਲਦੀਆਂ ਸੀ, ਖੀਰਾਂ ਮਿਲਦੀਆਂ ਸੀ, ਕੜਾਹ ਮਿਲਦਾ ਸੀ, ਟੱਬਰ-ਕਬੀਲਾ ਉਹਦੇ ਕੋਲ ਹੀ ਸੀ, ਸਿਰਫ ਐਵੇਂ ਬੰਦ ਸੀ, ਉਹ ਚਾਰ-ਦੀਵਾਰੀ ਵਿਚ ਸਪੈਸ਼ਲ ਕਲਾਸ ਦੇ ਕੈਦੀ ਨੂੰ ਸਗੋਂ ਜੇਲ੍ਹਖਾਨੇ 'ਚ ਕੁਝ ਪੈਸੇ ਵੀ ਮਿਲਦੇ ਨੇ, ਜਿੱਦਣ ਆਉਂਦਾ ਹੈ ਕਮਾ ਕੇ ਆਉਂਦਾ ਹੈ ਪਰ ਜਿਸ ਦਿਨ ਸੈਂਟਰਲ ਗੌਰਮਿੰਟ ਕਹੇ ਕਿ ਇਹ ਹੁਣ ਨਹੀਂ ਰਹਿ ਸਕਦਾ ਏਥੇ ਜਿਥੋਂ ਦੀ ਸੀ ਕਲਾਸ ਵਾਲਾ ਕੈਦੀ ਕੱਢਿਆ ਸੀ ਉਸੇ ਬਾਰੀ ਵਿਚੋਂ ਉਹਨੂੰ ਵੀ ਕੱਢ ਦੇਂਦੇ ਨੇ, ਉਹਦਾ ਕੱਪੜਾ-ਲੱਤਾ ਉਹਦੇ ਹਵਾਲੇ ਕਰਕੇ ਜੋ ਕੁਝ ਉਹਦਾ ਮਾਲ ਜਮ੍ਹਾ ਹੁੰਦਾ; ਮਾਲਖਾਨਿਓਂ ਉਹਨੂੰ ਦੇ ਕੇ ਕਹਿ ਦੇਂਦੇ ਨੇ, 'ਜਾਹ ਬਈ ਐਥੋਂ, ਹੁਣ ਐਥੇ ਹੁਣ ਤੂੰ ਨਹੀਂ ਰਹਿ ਸਕਦਾ।' ਐਨ ਏਸੇ ਤਰ੍ਹਾਂ ਪਾਪ ਕਰਨ ਵਾਲਾ ਦੋਜਕ ਵਿਚ ਚਲਾ ਗਿਆ। ਪੁੰਨ ਕਰਨ ਵਾਲਾ ਸਵਰਗ ਵਿਚ ਚਲਾ ਗਿਆ। ਜਿਸ ਦਿਨ ਪਾਪੀ ਦੇ ਪਾਪ ਖਤਮ ਹੋ ਜਾਣੇ ਨੇ ਉਹਨੂੰ ਵੀ ਮਾਂ ਦੇ ਗਰਭ ਵਿਚ ਨੌਂ ਮਹੀਨੇ ਆਉਣਾ ਪੈਣਾ, ਜਨਮ ਉਹਨੂੰ ਵੀ ਲੈਣਾ ਪੈਣਾ ਤੇ ਜਦੋਂ ਪੁੰਨੀ ਦੇ ਪੁੰਨ ਖਤਮ ਹੋ ਜਾਣੇ ਨੇ ਉਦੋਂ ਸਵਰਗ ਵਿਚੋਂ ਉਹਨੂੰ ਵੀ ਕੱਢ ਦੇਣਾ ਧੱਕਾ ਦੇ ਕੇ। ਮਾਂ ਦੇ ਗਰਭ ਵਿਚ ਨੌਂ ਮਹੀਨੇ ਉਹਨੂੰ ਵੀ ਰਹਿਣਾ ਪੈਣਾ। ਸੰਸਾਰ ਦੇ ਦੁਖ ਸੁਖ ਫੇਰ ਉਹਨੇ ਵੀ ਜਰਨੇ ਈ ਆਂ। ਏਸ ਕਰਕੇ :

"ਪਾਪੁ ਪੁੰਨੁ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥" (ਅੰਗ ੨੯੧-੯੨)

ਜਿਹੜੇ ਜਿਹੜੇ ਗੁਰਮਤ ਨੂੰ ਪੜ੍ਹਦੇ ਓ ਧੰਨ ਭਾਗੀ ਹਨ। ਉਹ ਉਨ੍ਹਾਂ ਕਈ ਵਾਰਾਂ ਪੜ੍ਹਿਆ ਹੋਵੇਗਾ, ਕਈ ਵਾਰਾਂ ਇਹ ਬਚਨ ਆਪਣੀ ਰਸਨਾ ਨਾਲ ਉਚਾਰਨ ਕੀਤੇ ਹੋਣਗੇ ਪਈ :

"ਪਾਪ ਪੁੰਨ ਦੁਇ ਏਕ ਸਮਾਨ ॥
ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥" (ਅੰਗ ੩੨੫)

ਪਾਪ ਤੇ ਪੁੰਨ ਦੋਵੇਂ ਇਕੋ ਜਿਹੇ ਨੇ। ਨਾ ਪਾਪ ਹੀ ਜਨਮ ਮਰਨ ਮਿਟਾਉਂਦਾ ਤੇ ਨਾ ਪੁੰਨ ਹੀ ਜਨਮ ਮਰਨ ਮਿਟਾਉਂਦਾ। ਪੁੰਨੀ ਔਰ ਪਾਪੀ ਦੋਹਾਂ ਨੂੰ ਜੰਮਣਾ ਮਰਨਾ ਪੈਂਦਾ। ਤੇਰੇ ਅੰਦਰ ਇਕ ਚੀਜ਼ ਹੈ, ਤੇਰੇ ਅੰਦਰ ਇਕ ਪਾਰਸ ਹੈ, ਤੇਰੇ ਅੰਦਰ ਇਕ ਜੋਤ ਹੈ, ਉਹਦੇ ਨਾਲ ਪਿਆਰ ਪਾ ! ਉਹਦੇ ਨਾਲ ਇਕਮਿਕ ਹੋਇਆਂ ਤੇਰਾ ਜੰਮਣ ਮਰਨ ਮਿਟੇਗਾ, ਸੁਰਗ ਨਰਕ ਦਾ ਦੁਖ ਤੇਰਾ ਮਿਟੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ :

"ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥"
(ਅੰਗ ੯੬੯)

ਨਾ ਸਾਨੂੰ ਸਵਰਗ ਦੀ ਇੱਛਾ ਹੈ, ਨਾ ਸਾਨੂੰ ਨਰਕ ਦਾ ਡਰ ਹੈ :

"ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥" (ਅੰਗ ੩੩੭)

ਜੋ ਕੁਝ ਨਿਰੰਕਾਰ ਦਾ ਹੁਕਮ ਹੈ ਉਹ ਵਰਤ ਕੇ ਰਹਿਣਾ ! ਨਾ ਸਵਰਗਾਂ ਦੀ ਇੱਛਾ ਕਰ, ਨਾ ਨਰਕਾਂ ਕੋਲੋਂ ਡਰ ! ਉਹਦੇ ਹੁਕਮ ਵਿਚ ਰਾਜੀ ਰਹੋ। ਮੈਂ ਕਿਹਾ ਸਾਨੂੰ ਤੇ ਇਹ ਸਮਝਾਇਆ ਗਿਆ ਕਿ ਸਾਨੂੰ ਨਰਕ ਸੁਰਗ ਦੀ ਨਹੀਂ ਲੋੜ, ਨਾ ਹੀ ਉਹਦਾ ਡਰ। ਅਸਾਂ ਤੇ ਜਿਵੇਂ ਨਦੀਆਂ ਪਹਾੜਾਂ ਦੀ ਚੋਟੀ ਤੋਂ ਤੁਰਦੀਆਂ ਨੇ, ਰਸਤੇ ਬਣਾਉਂਦੀਆਂ ਨੇ, ਪੱਧਰੀ ਜਮੀਨ ਉਤੇ ਆ ਕੇ ਕਈ ਕਲੋਲ ਨਦੀਆਂ ਕਰਦੀਆਂ ਨੇ, ਕਈ ਬੰਨ੍ਹ ਲੱਗ ਜਾਣ, ਕਈ ਰੁਕਾਵਟਾਂ ਪੈ ਜਾਣ, ਉਹ ਰੁਕਦੀਆਂ ਨਹੀਂ। ਉਨਾ ਚਿਰ ਕੋਈ ਨਦੀ ਕੋਈ ਦਰਿਆ ਰਸਤੇ ਵਿਚ ਪੜਾਅ ਨਹੀਂ ਕਰਦਾ ਜਿੰਨਾ ਚਿਰ ਉਹ ਸਮੁੰਦਰ ਵਿਚ ਪੈ ਕੇ ਉਹ ਸਮੁੰਦਰ ਨਾ ਹੋ ਜਾਵੇ। ਮੈਂ ਕਿਹਾ, ਸਾਨੂੰ ਤੇ ਬਾਬੇ ਨਾਨਕ ਨੇ ਇਹ ਸਮਝਾਇਆ ਪਈ ਅਸਾਂ ਸਮੁੰਦਰ ਵਿਚ ਪੈ ਕੇ ਸਮੁੰਦਰ ਬਣਨਾ !

"ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ ॥" *(ਅੰਗ ੬੬੭)*

ਜਿਨ੍ਹਾਂ ਨੇ ਵਾਹਿਗੁਰੂ ਨੂੰ ਸਿਮਰਿਆ ਉਹ ਵਾਹਿਗੁਰੂ ਦਾ ਰੂਪ ਹੋ ਗਏ। ਉਹ ਕਲੋਲ ਕਰਨ ਵਾਲਾ ਕੌਤਕੀ ਵਾਹਿਗੁਰੂ ਉਹਨਾਂ ਨੂੰ ਮਿਲ ਪਿਆ ਜਿਨ੍ਹਾਂ ਨੇ ਸਿਮਰਨ ਕੀਤਾ।

"ਤੂ ਤੂ ਕਰਤਾ ਤੂ ਹੂਆ" ਅਸਾਂ ਤੇ ਤੂੰ ਬਣਨਾ ! ਅਸਾਂ ਤੇ ਨਿਰੰਕਾਰ ਵਿਚ ਪੈ ਕੇ ਨਿਰੰਕਾਰ ਬਣਨਾ ! ਜਿੰਨਾ ਚਿਰ ਅਸੀਂ ਨਿਰੰਕਾਰ ਵਿਚ ਪੈ ਕੇ ਨਿਰੰਕਾਰ ਨਹੀਂ ਬਣਦੇ ਉਨਾ ਚਿਰ ਸਾਡਾ ਰਸਤੇ ਵਿਚ ਕੋਈ ਠਿਕਾਣਾ ਨਹੀਂ, ਸਾਡੀ ਕੋਈ ਮੰਜ਼ਲ ਨਹੀਂ ! ਮੈਂ ਇਕ ਮੁਸਲਮਾਨ ਸੂਫੀ ਆਦਮੀ ਦਾ ਕੌਲ ਪੜ੍ਹਿਆ। ਉਹ ਕਹਿੰਦਾ ਹੈ:

"ਜਿਹ ਬਾਗੇ ਫਰਦੌਸ ਹੈ ਮੰਜ਼ਲ ਥਕੇ ਹਾਰੋਂ ਕੀ।"

ਇਹ ਜਿਹੜਾ ਕੋਈ ਸਵਰਗ ਦਾ ਬਗੀਚਾ ਦਸਦੇ ਨੇ, ਇਹ ਮੰਜ਼ਲ ਹੈ ਥਕੇ ਹੋਏ ਲੋਕਾਂ ਦੀ, ਜਿਹੜੇ ਟੁੱਟ ਗਏ, ਥੱਕ ਗਏ, ਅਗਾਂਹ ਤੁਰਿਆ ਨਹੀਂ ਜਾਂਦਾ। ਇਹ ਉਨ੍ਹਾਂ ਦੀ ਮੰਜ਼ਲ ਹੈ :

"ਜਿਹ ਬਾਗੇ ਫਰਦੌਸ ਹੈ, ਮੰਜ਼ਲ ਥਕੇ ਹਾਰੋਂ ਕੀ।
ਠਹਰ ਜਾਏ ਠਹਰਨੇ ਵਾਲੇ ਹਮਤੋ ਸਫਰ ਕਰਤੇ ਹੈਂ।"

ਜਿਨ੍ਹਾਂ ਨੇ ਇਥੇ ਰੁਕਣਾ ਰੁਕ ਜਾਓ ਜਿਨ੍ਹਾਂ ਨੂੰ ਇਹ ਚੰਗਾ ਲਗਦਾ। ਅਸਾਂ ਤੇ ਇਥੇ ਨਹੀਂ ਰੁਕਣਾ ! ਸਾਡੀ ਮੰਜ਼ਲ ਤੇ ਇਹ ਹੈ ਕਿ ***"ਜਿਨ ਹਰਿ ਜਪਿਆ ਸੇ ਹਰਿ ਹੋਏ"*** ਤੇ ਉਹ ਲੜਕੀਆਂ ਹੈਰਾਨ ਜਿਹੀਆਂ ਹੋ ਗਈਆਂ, ਮੂੰਹ ਵਿਚੋ ਉਂਗਲੀਆਂ ਜਿਹੀਆਂ ਪੈ ਗਈਆਂ। ਕਹਿਣ ਲੱਗੀਆਂ, 'ਹੈਂ !' ਜਿਨ੍ਹ ਸੁਆਲ ਕੀਤਾ ਸੀ ਉਹ ਕੁੜੀ ਕਹਿਣ ਲੱਗੀ :

"ਗਰੈਂਡ ਆਈਡੀਆ !" ਸਾਡੇ ਕੋਲ ਏਡਾ ਉਚਾ ਆਈਡੀਆ ਹੀ ਨਹੀਂ ਹੈ। ਅਸੀਂ ਤੇ ਸੁਵਰਗਾਂ ਤਕ ਹੀ ਮਹਦੂਦ ਹਾਂ। ਮੇਰਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮੈਨੂੰ ਤੁਹਾਨੂੰ ਸਾਝਾ-ਮੀਝਾ ਉਪਦੇਸ਼ ਕਰਦੇ ਹਨ ਇਸਤ੍ਰੀ ਪੁਰਸ਼ਾਂ ਨੂੰ, ਹਰ ਮਰਦੋ ਜਨ ਨੂੰ, ਹਰ ਫਰਦੋ ਬਿਸ਼ਰਨੋ ਇਬਨੇ ਆਦਮ ਦੀ ਔਲਾਦ ਨੂੰ ਜਿਥੋਂ ਜਿਥੋਂ ਤਕ ਇਨਸਾਨ ਇਜਦ

ਮੌਜੂਦ ਹੈ, ਤਮਾਮ ਨੂੰ ਹਾਜ਼ਰ ਉਪਦੇਸ਼ ਕਰਦੇ ਨੇ, ਜਿਥੇ ਅਸੀਂ ਹੁਣ ਰਹਿ ਰਹੇ ਹਾਂ ਇਹ ਮੁਕਾਮ ਨਹੀਂ :

"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥" *(ਅੰਗ ੬੪)*

ਏਸ ਦੁਨੀਆਂ ਨੂੰ ਤੇ ਆਪਣਾ ਮੁਕਾਮ ਤਾਂ ਸਮਝੀਏ ਜੇ ਇਸ ਲੋਕ ਨੇ ਸਦਾ ਰਹਿਣਾ ਹੋਵੇ। ਸਦਾ ਰਹਿਣ ਵਾਲਾ ਨਾ ਮਾਤ ਲੋਕ ਨਾ ਸੁਰਗ ਲੋਕ, ਸ਼ਿਵ ਲੋਕ ਨਾ ਬ੍ਰਹਮ ਲੋਕ, ਨਾ ਵਿਸ਼ਨੂੰ ਲੋਕ। ਸਦਾ ਰਹਿਣ ਵਾਲਾ ਕੋਈ ਲੋਕ ਨਹੀਂ। ਚੰਦ ਬਿਨਸ ਜਾਣਾ ਹੈ। ਸੂਰਜ ਬਿਨਸ ਜਾਣਾ ਹੈ। ਧਰਤੀ ਅਸਮਾਨ ਬਿਨਸ ਜਾਣਾ ਹੈ। ਦੁਨੀਆਂ ਦੇ ਤਖਤੇ ਉਤੇ ਕੋਈ ਕਾਇਮ ਦਾਇਮ ਚੀਜ ਹੈ ਤਾਂ ਉਹ ਸਤਿਨਾਮ ਵਾਹਿਗੁਰੂ ਹੈ। ਇਸ ਕਰਕੇ :

"ਗੋਇਲਿ ਆਇਆ ਗੋਇਲੀ...॥" *(ਅੰਗ ੫੦)*

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਤੇਰ੍ਹਵੀਂ ਵਾਰ ਪੜ੍ਹਿਓ ! ਏਸ ਸ਼ਬਦ ਦਾ ਟੀਕਾ ਕਰਦੇ ਨੇ ਭਾਈ ਸਾਹਿਬ ਭਾਈ ਗੁਰਦਾਸ ਜੀ :

"ਗੋਇਲੜਾ ਦਿਨ ਚਾਰਿ ਗੁਰਮੁਖਿ ਜਾਣੀਐ। *(ਪਉੜੀ ੪)*

ਜਿਹੜਾ ਗੁਰਮੁਖ ਹੈ ਗੁਰੂ ਵਾਲਾ, ਜਿਸ ਨੇ ਗੁਰੂ ਦਾ ਉਪਦੇਸ਼ ਮੰਨ ਲਿਆ ਹੋਇਆ ਹੈ, ਜਿਹੜਾ ਗੁਰੂ ਦੀ ਚਰਨੀ ਲੱਗ ਕੇ ਆਪਾ ਗੁਆ ਬੈਠਾ ਹੋਇਆ ਹੈ, ਉਹ ਇਸ ਸੰਸਾਰ ਨੂੰ ਚਾਰ ਦਿਨ ਦਾ ਵਾਸਾ ਹੀ ਸਮਝਦਾ ਹੈ :

"ਗੋਇਲੜਾ ਦਿਨ ਚਾਰਿ ਗੁਰਮੁਖਿ ਜਾਣੀਐ।
ਮੰਝੀ ਲੈ ਮਿਹਵਾਰਿ ਚੋਜ ਵਿਡਾਣੀਐ।" *(ਪਉੜੀ ੪)*

ਭਾਈ ਜੀ ਇਕ ਪ੍ਰਮਾਣ ਦੇਂਦੇ ਨੇ ਜਿਸ ਤਰ੍ਹਾਂ ਮਹੀਂਵਾਲ ਡੰਗਰ ਚਾਰਨ ਵਾਲੇ ਮੱਝਾਂ ਨੂੰ ਲੈ ਕੇ ਦਰਿਆ ਦੇ ਕਿਨਾਰੇ ਚਲੇ ਜਾਂਦੇ ਨੇ ਜਿਥੇ ਉਨ੍ਹਾਂ ਡੇਢ ਕੁ ਮਹੀਨਾ ਰਹਿਣਾ :

"ਮੰਝੀ ਲੈ ਮਿਹਵਾਰਿ ਚੋਜ ਵਿਡਾਣੀਐ।" *(ਉਹੀ)*

ਇਹ ਵੀ ਇਕ ਬੜਾ ਅਸਚਰਜ ਕੌਤਕ ਹੈ, ਇਹ ਵੀ ਇਕ ਬੜੀ ਅਸਚਰਜ ਲੀਲ੍ਹਾ ਹੈ। ਮਾਲ ਕਿਸੇ ਦਾ, ਸਾਂਭਿਆ ਕਿਸੇ ਨੇ ਹੈ ! ਚੱਲਿਆ ਕਿਥੇ ? ਜਿਥੇ ਡੇਢ ਮਹੀਨਾ ਰਹਿਣਾ ਪਰ ਉਨੇ ਚਿਰ ਵਾਸਤੇ ਉਹ ਆਪਣੇ ਆਪ ਨੂੰ ਮਾਲਕ ਸਮਝਦਾ ਉਨ੍ਹਾਂ ਗਾਈਂ ਮੱਝੀਂ ਦਾ।

"ਵਰਸੈ ਨਿਝਰ ਧਾਰਿ ਅੰਮ੍ਰਿਤ ਵਾਣੀਐ।" *(ਉਹੀ)*

ਅਸਮਾਨ ਤੋਂ ਬਾਰਸ਼ ਹੁੰਦੀ ਏ, ਨਿਝਰ ਬਾਰਸ਼ ਹੁੰਦੀ ਏ। ਲਗਾਤਾਰ ਬਾਰਸ਼ ਹੁੰਦੀ ਏ। ਮੀਂਹ ਵਰਦਾ ਹੈ। ਬਿਜਲੀਆਂ ਚਮਕਦੀਆਂ ਨੇ। ਬੱਦਲ ਗੱਜਦੇ ਨੇ।

"ਵੰਝੁਲੀਐ ਝੀਗਾਰਿ ਮਜਲਸਿ ਮਾਣੀਐ।" *(ਉਹੀ)*

ਉਹ ਜਿਹੜੇ ਡੰਗਰ ਚਾਰਨ ਗਏ ਹੁੰਦੇ ਨੇ, ਲੋਕਾਂ ਦੇ ਡੰਗਰ ਚਾਰਨ, ਮਹੀਂਵਾਲ ਉਹ ਵੰਝਲੀਆਂ ਵਜਾਉਂਦੇ ਨੇ। ਮਜਲਸ ਲਗਦੀ ਹੈ ਉਨ੍ਹਾਂ ਦੀ। ਉਸ ਮਜਲਸ ਦਾ

ਉਹ ਰੰਗ ਮਾਣਦੇ, ਉਸ ਮਜਲਸ ਵਿਚ ਉਹ ਖੁਸ਼ੀ ਰਹਿੰਦੇ ਨੇ :

"ਵੰਝੁਲੀਐ ਝੀਗਾਰਿ ਮਜਲਸਿ ਮਾਣੀਐ ।
ਗਾਵਨਿ ਮਾਝ ਮਲਾਰਿ ਸੁਘੜੁ ਸੁਜਾਣੀਐ ।" *(ਉਹੀ)*

ਉਨ੍ਹਾਂ 'ਚੋਂ ਜਿਹੜੇ ਸੁਘੜ ਸੁਜਾਣ ਸਿਆਣੇ ਦਾਨੇ ਹੁੰਦੇ ਨੇ ਗਾਈਂ ਮੱਝੀਂ ਚਾਰਨ ਵਾਲੇ, ਜਿਨ੍ਹਾਂ ਨੂੰ ਕੁਝ ਰਾਗਦਾਰੀ ਦੀ ਸਮਝ ਹੁੰਦੀ ਏ, ਉਹ ਆਪਣੀਆਂ ਵੰਝਲੀਆਂ ਵਿਚੋਂ ਮਾਝ ਰਾਗ ਗਾਉਂਦੇ ਨੇ, ਮਲਾਰ ਰਾਗ ਗਾਉਂਦੇ ਨੇ ਜਿਹੜੇ ਰਾਗ ਨੂੰ ਗਾਵੀਏ ਤਾਂ ਮੀਂਹ ਵਰ੍ਹ ਪੈਂਦਾ ਹੈ :

"ਗਾਵਨਿ ਮਾਝ ਮਲਾਰਿ ਸੁਘੜੁ ਸੁਜਾਣੀਐ ॥
ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ ॥" *(ਉਹੀ)*

ਜਿਵੇਂ ਉਹ ਮਜਲਸ ਮਾਣਦੇ ਨੇ, ਨੱਚਦੇ ਵੀ ਨੇ ਵੰਝਲੀਆਂ ਵੱਜਦੀਆਂ ਨੇ। ਮਾਝ ਮਲਾਰ ਆਲਾਪ ਹੁੰਦੇ ਨੇ। ਉਹ ਝੂਮਦੇ ਨੇ। ਪਰ ਉਸ ਜਗ੍ਹਾ ਨੂੰ ਟਿਕਾਣਾ ਨਹੀਂ ਉਹ ਆਪਣਾ ਸਮਝਦੇ। ਉਸ ਜਗ੍ਹਾ ਦਾ ਸਦਾ ਦਾ ਵਾਸਾ ਨਹੀਂ ਉਹ ਆਪਣਾ ਮੰਨਦੇ। ਉਨ੍ਹਾਂ ਨੂੰ ਪਤਾ ਹੈ ਕਿ ਅਸਾਂ ਇਥੋਂ ਚਲੇ ਜਾਣਾ। ਇਸੇ ਤਰ੍ਹਾਂ ਆਪਣੀ ਹਉਮੈ ਨੂੰ ਮਾਰ ਕੇ :

"ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ।" *(ਉਹੀ)*

ਗੁਰੂ ਕਿਆ ਸਿੱਖਾ! ਹਉਮੈ ਮਾਰ ਕੇ ਅਹੰਕਾਰ ਨੂੰ ਦੂਰ ਕਰ ਕੇ ਇਸ ਦੌੜਦੇ-ਭੱਜਦੇ ਮਨ ਨੂੰ ਆਪਣੇ ਵਸ ਵਿਚ ਕਰ!

"ਗੁਰਮੁਖਿ ਸਬਦੁ ਵੀਚਾਰਿ ਸਚਿ ਸਿਵਾਣੀਐ ।" *(ਉਹੀ)*

ਗੁਰੂ ਵਾਲਾ ਬਣ! ਸਬਦ ਨੂੰ ਪਛਾਣ! ਸਬਦ ਦਾ ਅਭਿਆਸ ਕਰ! ਸੱਚੇ ਵਾਹਿਗੁਰੂ ਦੀ ਪਛਾਣ ਕਰ! ਸੱਚੇ ਵਾਹਿਗੁਰੂ ਨੂੰ ਮਿਲਣ ਦਾ ਚਾਰਾ ਕਰ! ਉਪਰਾਲਾ ਕਰ! ਹਿੰਮਤ ਕਰ! ਏਥੇ ਚਾਰ ਦਿਨ ਦਾ ਵਾਸਾ ਸਮਝ!

"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥੧॥
ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥" *(ਅੰਗ ੫੦)*

ਹੇ ਮੇਰੇ ਮਨ! ਏਥੇ ਲੰਮੀਆਂ ਲੱਤਾਂ ਨਾ ਪਸਾਰ ਸਗੋਂ ਹਰੀ ਦੇ ਗੁਣ ਗਾ, ਆਪਣੇ ਪਿਆਰੇ ਸਤਿਗੁਰੂ ਦੀ ਪਿਆਰ ਨਾਲ ਸੇਵਾ ਕਰ!

"ਕਿਆ ਥੋੜੜੀ ਬਾਤ ਗੁਮਾਨੁ ॥" *(ਉਹੀ)*

ਐਵੇਂ ਥੋੜ੍ਹੀ ਜਹੀ ਗੱਲ ਉੱਤੇ, ਨਿੱਕੀ ਜਿਹੀ ਗੱਲ ਉੱਤੇ ਹੰਕਾਰ ਕਿਉਂ ਕਰਦਾਂ? ਚਾਰ ਦਿਨ ਦੇ ਵਾਸੇ ਉਤੇ ਮੁੱਛਾਂ ਨੂੰ ਤਾਅ ਕਿਉਂ ਦਈ ਫਿਰਦਾਂ? ਚਾਰ ਦਿਨ ਦੇ ਵਾਸੇ ਉੱਤੇ ਮਾਲਕ ਨੂੰ ਕਿਉਂ ਭੁਲਾਈ ਬੈਠਾਂ? ਆਪਣੇ ਅਸਲੀ ਘਰ ਦਾ ਚਾਰਾ ਕਰ! ਧਿਆਨ ਧਰ ਇਹਦੇ ਵਾਸਤੇ! ਇਹ ਹੋਰ ਪ੍ਰਮਾਣ ਇਵੇਂ ਨੇ :

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥" *(ਉਹੀ)*

ਜਿਸ ਤਰ੍ਹਾਂ ਕੋਈ ਪ੍ਰਾਹੁਣਾ ਕਿਸੇ ਘਰ ਜਾ ਕੇ ਰਾਤ ਕੱਟਦਾ ਇਕ ਜਾਂ ਦੋ ਜਾਂ ਬਹੁਤੇ ਪ੍ਰਾਹੁਣੇ ਰਾਤ ਕੱਟਦੇ ਨੇ। ਭਾਵੇਂ ਉਹ ਘਰ ਕ੍ਰੋੜ ਰੁਪਏ ਦਾ ਤੇ ਭਾਵੇਂ ਉਹ ਘਰ ਅਰਬ ਰੁਪਏ ਦਾ; ਭਾਵੇਂ ਉਸ ਘਰ ਵਿਚ ਹੀਰੇ, ਮੋਤੀ, ਲਾਲ, ਜਵਾਹਰਾਤ ਲੱਗੇ ਹੋਏ ਨੇ ਪਰ ਉਸ ਪ੍ਰਾਹੁਣੇ ਨੂੰ ਇਹ ਇਲਮ ਹੈ, ਉਹਨੂੰ ਇਹ ਤਸੱਲੀ ਹੈ, ਉਹਨੂੰ ਇਹ ਯਕੀਨ ਹੈ ਕਿ ਮੈਂ ਇਸ ਘਰ ਦੀ ਇਕ ਸੂਈ ਦਾ ਵੀ ਮਾਲਕ ਨਹੀਂ! ਮੈਂ ਤੇ ਪ੍ਰਾਹੁਣਾ ਹਾਂ! ਮੈਂ ਤੇ ਇਥੋਂ ਚਲੇ ਜਾਣਾ ਹੈ! ਇਕ ਰਾਤ ਨਾ ਰਹਾਂਗਾ ਤਾਂ ਬੜੀ ਗੱਲ ਹੋਊ ਦੋ ਰਹਿ ਪਊਂ! ਸਾਹਿਬ ਨਾਨਕ ਨਿਰੰਕਾਰੀ ਮਹਾਰਾਜ ਨੇ ਇਕ ਜਗ੍ਹਾ ਹੋਰ ਵੀ ਇਹ ਇਸ਼ਾਰਾ ਕੀਤਾ ਹੈ ਆਸਾ ਰਾਗ ਵਿਚ :

"ਗੁਰ ਪਰਸਾਦਿ ਜਾਣੈ ਮਿਹਮਾਨੁ ॥
ਤਾ ਕਿਛੁ ਦਰਗਹ ਪਾਵੈ ਮਾਨੁ ॥" (ਅੰਗ ੩੫੦)

ਜਿਹੜੇ ਆਦਮੀ ਨੂੰ ਏਸ ਦੁਨੀਆਂ ਵਿਚੋਂ ਚਲੇ ਜਾਣ ਦੀ ਪ੍ਰਾਹੁਣੇ ਵਾਲੀ ਜੁਗਤੀ, ਪ੍ਰਾਹੁਣੇ ਵਾਲੀ ਕਰਤੂਤ-ਕਰਤਵ ਚੇਤੇ ਹੈ—ਜਿਵੇਂ ਪ੍ਰਾਹੁਣਾ ਕਿਸੇ ਦੇ ਘਰ ਗਿਆ ਹੋਇਆ ਰਾਤ ਕੱਟ ਕੇ ਚਲੇ ਜਾਂਦਾ ਹੈ—ਜਿਸ ਨੂੰ ਇਹ ਸਮਝ ਪੈ ਗਈ ਕਿ ਮੈਂ ਮਾਤਲੋਕ ਵਿਚ ਜ਼ਿੰਦਗੀ ਦੀ ਰਾਤ ਕੱਟਣ ਆਇਆ ਹੋਇਆਂ, ਜਿੱਦਣ ਮੇਰੀ ਜ਼ਿੰਦਗੀ ਦੀ ਰਾਤ ਤੇ ਦਿਨ ਪੂਰੇ ਹੋ ਗਏ ਮੈਂ ਚਲੇ ਜਾਣਾਂ-ਉਹਨੂੰ ਦਰਗਾਹ ਵਿਚ ਕੁਝ ਮਾਣ ਮਿਲੇਗਾ। ਜਿਹੜਾ ਇਹ ਸਮਝ ਬੈਠਾ ਕਿ ਇਹ ਘਰ ਮੇਰਾ ਈ ਹੈ, ਮੈਂ ਸਦਾ ਇਥੇ ਰਹਿਣਾ, ਉਹ ਪਾਪ ਕਰਦਾ, ਕੁਕਰਮ ਕਰਦਾ, ਲੋਕਾਂ ਨੂੰ ਦੁਖਾਉਂਦਾ ਹੈ, ਕਈ ਕਿਸਮ ਦੇ ਅਡੰਬਰ ਅਡੰਬਦਾ, ਕਈ ਕਿਸਮ ਦੀਆਂ ਹੇਰਾ-ਫੇਰੀਆਂ ਕਰਦਾ। ਸਾਹਿਬ ਸੱਚੇ ਪਾਤਸ਼ਾਹ ਨੇ ਮਿੰਟ ਮਿੰਟ ਉਤੇ, ਪੈਰ ਪੈਰ ਉਤੇ ਸਾਨੂੰ ਨਸੀਹਤ ਕੀਤੀ ਏ:

"ਦੇਹ ਨ ਗੇਹ ਨ ਨੇਹ ਨ ਨੀਤਾ..." (ਅੰਗ ੧੩੮੮)

ਦੇਹ ਨ=ਇਹ ਦੇਹ ਇਕ ਕਾਂਇਆਂ ਜਿਹਦੇ ਨਾਲ ਅਸੀਂ ਪਿਆਰ ਪਾ ਬੈਠੇ ਹਾਂ ਚੰਗੇ ਸਾਬਣ ਨਾਲ ਏਹਨੂੰ ਨੁਹਾਲ! ਓਏ ਚੰਗੀ ਕਰੀਮ ਏਹਨੂੰ ਲਾ! ਓਏ ਚੰਗਾ ਸੈਂਟ ਏਹਨੂੰ ਵਰਤ! ਓਏ ਐਨ ਬੜੇ ਬੜੇ ਕੀਮਤੀ ਕੱਪੜਿਆਂ 'ਚ ਲਪੇਟ ਕੇ ਰਖਨੇ ਆਂ ਏਸ ਨੂੰ, ਏਸ ਕਾਂਇਆਂ ਦੇ ਸੁਖ ਵਾਸਤੇ ਬੜੇ ਬੜੇ ਆਲੀਸ਼ਾਨ ਮਕਾਨ ਬਣਾਉਨੇ ਆਂ ਇਹਨੇ ਸਦਾ ਨਹੀਂ ਰਹਿਣਾ!

ਗੇਹ ਨ=ਇਸ ਕਾਂਇਆਂ ਦੇ ਸੁਖ ਵਾਸਤੇ ਜੇਹੜੇ ਬੜੇ ਬੜੇ ਉਸ ਦਾ ਚੰਗੇ ਸੋਹਣੇ ਘਰ ਬਣਾ ਰਿਹਾਂ ਤੂੰ ਉਨ੍ਹਾਂ ਵੀ ਸਦਾ ਨਹੀਂ ਰਹਿਣਾ!

ਨੇਹ ਨ ਨੀਤਾ=ਇਸ ਕਾਂਇਆਂ ਨਾਲ ਤੇ ਏਹਦੇ ਸੁਖ ਵਾਸਤੇ ਬਣਾਏ ਹੋਏ ਘਰਾਂ ਨਾਲ ਜੇਹੜਾ ਤੂੰ ਨੇਹ ਮਾਇਨੇ ਪਿਆਰ ਜੋੜੀ ਬੈਠਾ ਹੈਂ, ਜਿਹੜੀ ਮੁਹੱਬਤ ਪਾਈ ਬੈਠਾਂ ਹੈਂ, ਇਨ੍ਹਾਂ ਘਰਾਂ ਨਾਲ, ਇਹਨੇ ਵੀ ਸਦਾ ਨਹੀਂ ਰਹਿਣਾ!

"ਮਾਇਆ ਮਤ ਕਹਾ ਲਉ ਗਾਰਹੁ ॥" (ਉਹੀ)

ਮਾਇਆ ਮਤ=ਹੇ ਮਾਇਆ ਵਿਚ ਮਸਤ ਹੋਏ ਹੋਏ ਮਨ! ਹੇ ਮਾਇਆ ਵਿਚ

ਖਚਤ ਹੋਏ ਹੋਏ ਮਨ ! ਹੇ ਮਾਇਆ ਦੇ ਜਾਲ ਵਿਚ ਚਾਰ ਚੁਫੇਰਿਉਂ ਫਸੇ ਹੋਏ ਮਨ! **ਕਹਾ ਲਉ ਗਾਰਹੁ**=ਕਿਥੋਂ ਕੁ ਤਕ ਤੂੰ ਆਪਣੇ ਆਪ ਨੂੰ ਤੂੰ ਗਰਕ ਕਰਦਾ ਜਾਏਂਗਾ, ਕਿਥੋਂ ਕੁ ਤੱਕ ਤੂੰ ਆਪਣੇ ਆਪ ਨੂੰ ਡੋਬਦਾ ਜਾਏਂਗਾ, ਕਿਥੋਂ ਕੁ ਤਕ ਤੂੰ ਆਪਣਾ ਆਪ ਸਤਿਆਨਾਸ ਕਰਦਾ ਜਾਏਂਗਾ ? ਹੋਸ਼ ਕਰ !

"ਛਤ੍ਰ ਨ ਪਤ੍ਰ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥" (ਉਹੀ)

ਛਤ੍ਰ ਨ=ਜਿਹੜਾ ਤੇਰੇ ਸਿਰ 'ਤੇ ਛਤ੍ਰ ਝੂਲ ਰਿਹਾ ਹੈ ਜਿਹਦੇ 'ਤੇ ਤੂੰ ਬੜਾ ਆਕੜਦਾ ਹੈਂ ਇਹ ਛਤ੍ਰ ਸਦਾ ਨਹੀਂ ਰਹਿਣਾ ।

ਪਤ੍ਰ ਨ=ਜੇਹੜੇ ਤੂੰ ਪੱਤਰ, ਜਿਹੜੇ ਤੂੰ ਮੁਰਾਸਲੇ ਇਕ ਦੂਜੇ ਦੇਸ਼ ਨੂੰ ਲਿਖਨਾਂ, ਇਹ ਮੁਰਾਸਲੇ ਵੀ ਸਦਾ ਨਹੀਂ ਰਹਿਣੇ ।

ਚਉਰ ਨ ਚਾਵਰ=ਜਿਹੜਾ ਸਿਰ 'ਤੇ ਚਉਰ ਹੋ ਰਿਹਾ ਪਈ ਤੂੰ ਹਿੰਦੋਸਤਾਨ ਦਾ ਮਾਲਕ ਬਣ ਗਿਆ ਹੈਂ ਇਹ ਚਉਰ ਸਦਾ ਨਹੀਂ ਰਹਿਣਾ ।

ਨ ਚਾਵਰ=ਤੇ ਜਿਹਦੇ ਹੱਥ ਵਿਚ ਚਉਰ ਫੜਿਆ ਤੇਰੇ ਸਿਰ 'ਤੇ ਘੁਮਾ ਰਿਹਾ ਉਸ ਚਉਰ ਘੁਮਾਉਣ ਵਾਲੇ ਨੇ ਵੀ ਸਦਾ ਨਹੀਂ ਰਹਿਣਾ ।

"...ਬਹਤੀ ਜਾਤ ਰਿਦੈ ਨ ਬਿਚਾਰਹੁ ॥" (ਉਹੀ)

ਜਿਵੇਂ ਪਾਣੀ ਤੁਰਿਆ ਜਾ ਰਿਹਾ ਹੈ, ਪਾਣੀ ਨੂੰ ਕੋਈ ਮਾਈ ਦਾ ਲਾਲ ਰੋਕ ਨਹੀਂ ਸਕਿਆ । ਪਾਣੀ ਦੀ ਤਰ੍ਹਾਂ ਤੇਰੀ ਉਮਰ ਬੀਤਦੀ ਜਾ ਰਹੀ ਹੈ, ਤੁਰੀ ਜਾ ਰਹੀ ਹੈ, ਸੁਆਸ ਸੁਆਸ ਕਰਕੇ ਤੁਰੀ ਜਾ ਰਹੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠੀਆ! ਤੂੰ ਕਦੇ ਨਾ ਕਦੇ ਇਹ ਅੱਖਰ ਜ਼ਰੂਰ ਪੜ੍ਹੇ ਹੋਣਗੇ :

"ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥" (ਅੰਗ ੭੪੩)

ਜਿਵੇਂ ਨਦੀ ਦਾ ਪਾਣੀ ਬਹਿ ਰਿਹਾ, ਤੁਰਿਆ ਜਾ ਰਿਹਾ ਤੇਰੀ ਉਮਰ ਵੀ ਇਸੇ ਤਰ੍ਹਾਂ ਤੁਰੀ ਜਾ ਰਹੀ ਹੈ । ਤੂੰ ਕਦੇ ਨਜ਼ਰ ਨਹੀਂ ਪਾਈ ਪਈ ਮੇਰਾ ਇਕ ਇਕ ਸੁਆਸ ਵੀ ਮੇਰੀ ਉਮਰ ਵਿਚ ਘਾਣਾ ਹੈ । ਕਦੇ ਤੂੰ ਗਿਣਿਆ ਨਹੀਂ, ਕਦੇ ਤੂੰ ਸੋਚਿਆ ਨਹੀਂ :

"ਰਥ ਨ ਅਸ੍ਵ ਨ ਗਜ ਸਿੰਘਾਸਨ
ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥" (ਅੰਗ ੧੩੮੮)

ਰਥ ਨ=ਜਿਨ੍ਹਾਂ ਰੱਥਾਂ ਉੱਤੇ ਤੂੰ ਆਕੜ ਕੇ ਬੈਠਦਾਂ, ਰੱਥ ਦੌੜਦੇ ਨੇ, ਇਹ ਸਦਾ ਨਹੀਂ ਰਹਿਣੇ ।

ਅਸ੍ਵ=ਇਨ੍ਹਾਂ ਰੱਥਾਂ ਨੂੰ ਖਿੱਚਣ ਵਾਲੇ ਬੜੇ ਬੜੇ ਸੁੰਦਰ ਤਾਕਤ ਵਾਲੇ ਘੋੜੇ ਤੂੰ ਜੋਏ ਹੋਏ ਨੇ, ਇਹ ਸਦਾ ਨਹੀਂ ਰਹਿਣੇ ।

ਨ ਗਜ ਸਿੰਘਾਸਨ=ਜਿਹੜੇ ਹਾਥੀ ਤੂੰ ਪਾਲੇ ਨੇ, ਜਿਨ੍ਹਾਂ 'ਤੇ ਅੰਬਾਰੀਆਂ ਬਣਾ ਕੇ ਤੇਰਾ ਜਲੂਸ ਨਿਕਲਦਾ-ਇਨ੍ਹਾਂ ਹਾਥੀਆਂ ਸਦਾ ਨਹੀਂ ਰਹਿਣਾ ਤੇ ਜਿਹੜੇ ਤਖਤੇ ਉੱਤੇ ਤੂੰ ਬੜੇ ਮਾਣ ਨਾਲ ਬੜੇ ਠਾਠ ਨਾਲ ਬੜਾ ਆਕੜ ਕੇ ਬੈਠਾਂ, ਪਿਆਰਿਆ! ਤਖ਼ਤ ਵੀ ਤੇਰਾ ਸਦਾ ਨਹੀਂ ਰਹਿਣਾ ।

ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥ (ਉਹੀ)

ਐਸਾ ਵੇਲਾ ਆਉਣਾ ਕਿ ਇਹ ਸਾਰਾ ਠਾਠ-ਬਾਠ ਤੂੰ ਤਿਆਗ ਕੇ ਇਥੋਂ ਨੰਗੇ ਨੇ ਤੁਰ ਜਾਣਾ ! ਇਥੋਂ ਤੂੰ ਖਾਲੀ ਹੱਥ ਦੌੜ ਜਾਣਾ ! ਤੇਰੇ ਨਾਲ ਦੋ ਲਕੀਰਾਂ ਜਾਣੀਆਂ ਨੇ ਚਿੱਟੀਆਂ ਤੇ ਕਾਲੀਆਂ । ਇੱਕ ਚਿੱਟੀ ਤੇ ਇੱਕ ਕਾਲੀ ਯਾਨੀ ਪਾਪ ਤੇ ਪੁੰਨ-ਨੇਕੀ ਤੇ ਬਦੀ-ਦੋ ਈ ਤੇਰੇ ਨਾਲ ਜਾਣੀਆਂ ਨੇ ਚੀਜਾਂ । ਬਾਕੀ ਸਭ ਸਾਮਾਨ ਤੇਰਾ ਏਥੇ ਈ ਰਹਿ ਜਾਣਾ :

"ਕਰਤ ਬਿਕਾਰ ਦੋਊ ਕਰ ਝਾਰਹੁ ॥
ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ"... (ਉਹੀ)

ਮਿੱਤ੍ਰ ਸਦਾ ਨਹੀਂ ਰਹਿਣੇ, ਪੱਤਰ ਸਦਾ ਨਹੀਂ ਰਹਿਣੇ (ਕਲਤ੍ਰ) ਇਸਤਰੀ ਸਦਾ ਨਹੀਂ ਰਹਿਣੀ, ਸੱਜਣ ਸਦਾ ਨਹੀਂ ਰਹਿਣੇ, ਸਕੇ ਜਿਹੜੇ ਰਿਸ਼ਤੇਦਾਰ ਨੇ ਉਹ ਸਦਾ ਨਹੀਂ ਰਹਿਣੇ :

"ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ
ਉਲਟਤ ਜਾਤ ਬਿਰਖ ਕੀ ਛਾਂਰਹੁ ॥ (ਉਹੀ)

ਜਦੋਂ ਅੰਤ ਦਾ ਵੇਲਾ ਆਇਆ ਇਨ੍ਹਾਂ ਸਾਰਿਆਂ ਰਿਸ਼ਤੇਦਾਰਾਂ ਤੇਰੇ ਵੱਲੋਂ ਇਉਂ ਮੂੰਹ ਮੋੜ ਲੈਣਾ ਜਿਵੇਂ ਸੂਰਜ ਦੇ ਹਿਸਾਬ ਨਾਲ ਦਰਖਤ ਦੀ ਛਾਂ ਬਦਲ ਜਾਂਦੀ ਹੈ- ਜਿਸ ਤਰ੍ਹਾਂ ਛਾਂ ਮੂੰਹ ਮੋੜ ਲੈਂਦੀ ਏ । ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਚਨ ਉਚਾਰਨ ਕਰਦੇ ਨੇ ***"ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥"*** (ਅੰਗ ੨੬੮) ਜਿਹੜਾ ਆਦਮੀ ਰੁੱਖ ਛਾਂ ਨਾਲ ਰੰਗੁ ਮਾਇਨੇ ਪਿਆਰ ਪਾ ਬਹਿੰਦਾ ਹੈ । ਗੂੜ੍ਹੀ ਵੇਖ ਕੇ ਦਰਖਤ ਦੀ ਛਾਂ ਮੰਜੀ ਡਾਹ ਕੇ ਲੋਕਾਂ ਨਾਲ ਲੜਦਾ, 'ਇਥੇ ਮੇਰੀ ਮੰਜੀ ਹੈ; ਕੋਈ ਚੁੱਕਣ ਵਾਲਾ ਜੰਮਿਆਂ ਨਹੀਂ ?' ਉਹ ਛਾਂ ਬਦਲ ਜਾਂਦੀ ਹੈ, ਸੂਰਜ ਓਧਰ ਸੀ ਛਾਂ ਇਧਰ ਸੀ, ਸੂਰਜ ਏਧਰ ਆ ਗਿਆ ਛਾਂ ਉਧਰ ਚਲੀ ਗਈ :

"ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥"
ਓਹ ਬਿਨਸੈ ਉਹੁ ਮਨਿ ਪਛੁਤਾਵੈ ॥" (ਅੰਗ ੨੬੮)

ਬਿਰਖ ਦੀ ਛਾਇਆ ਨੇ ਸਦਾ ਨਹੀਂ ਰਹਿਣਾ, ਨਸ਼ਟ ਹੋ ਜਾਣਾ । ਜਿਹੜਾ ਨਸ਼ਟ ਹੋਣ ਵਾਲੀ ਛਾਂ ਨਾਲ ਪਿਆਰ ਕਰਦਾ ਉਹਨੂੰ ਪਛਤਾਉਣਾ ਈ ਪੈਣਾਂ ! ਉਹਨੂੰ ਰੋਣਾ ਈ ਪੈਣਾ ! ਉਹਦੇ ਪੱਲੇ ਹਾਏ ਤੇ ਹਉਕੇ ਈ ਰਹਿ ਜਾਣੇ ਨੇ ! ਉਹ ਸਦੀਵੀ ਕਿਉਂ ਸਮਝ ਬੈਠਾ ਬਿਰਖ ਦੀ ਛਾਂ ਨੂੰ ?

"ਉਲਟਤ ਜਾਤ ਬਿਰਖ ਕੀ ਛਾਂਰਹੁ ॥" (ਅੰਗ ੧੩੮੮)

ਜਿਵੇਂ ਦਰਖਤ ਦੀ ਛਾਂ ਉਲਟ ਜਾਂਦੀ ਏ, ਸਭ ਰਿਸ਼ਤੇਦਾਰ, ਕੁਟੰਬ, ਭੈਣ-ਭਰਾ ਵੀ ਇਵੇਂ ਈ ਨੇ। ਮੈਂ ਇਕ ਬਜ਼ੁਰਗ ਦਾ ਬਚਨ ਪੜ੍ਹਿਆ ਪਈ ਜਦੋਂ ਔਖਾ ਵੇਲਾ ਆ ਕੇ ਬਣਦਾ ਹੈ ਉਦੋਂ ਸਭ ਕੁਝ ਬਦਲ ਜਾਂਦਾ, ਉਦੋਂ ਸਭ ਕੁਝ ਤਬਦੀਲ ਹੋ ਜਾਂਦਾ

ਹੈ :

"ਬੁਰੇ ਵਕਤੋਂ ਮੇਂ ਕਬ ਕੋਈ ਕਿਸੀ ਕਾ ਯਾਰ ਬਨਤਾ ਹੈ ?"

ਜਦੋਂ ਭੈੜਾ ਵੇਲਾ ਆ ਜਾਏ ਮੰਦਾ ਵੇਲਾ ਆ ਜਾਏ, ਕਾਲੀਆਂ ਘੜੀਆਂ ਆ ਜਾਣ, ਕੌਣ ਕਿਸੇ ਦਾ ਯਾਰ ਬਣਦਾ ਹੈ ?

"ਮਰਤੇ ਦਮ ਦੇਖਾ ਹੈ ਆਂਖ ਕੋ ਕਿ ਆਂਖ ਬਦਲ ਜਾਤੀ ਹੈ ।"

ਜਦੋਂ ਮੌਤ ਦਾ ਵੇਲਾ ਆਉਂਦਾ ਉਦੋਂ ਤੇ ਅੱਖ ਬਦਲ ਜਾਂਦੀ ਏ ! ਅੱਖਾਂ ਆਪਣੀਆਂ ਪੁੱਠੀਆਂ ਹੋ ਜਾਂਦੀਆਂ ਨੇ । ਡੇਲੇ ਉਦੋਂ ਆਪਣੇ ਹੀ ਉਲਟ ਜਾਂਦੇ ਨੇ । ਜਦੋਂ ਅੱਖਾਂ ਈ ਬਦਲ ਜਾਂਦੀਆਂ ਨੇ ਜਿਹੜੀਆਂ ਸਾਡੇ ਨਾਲ ਆਈਆਂ ਸੀ ਤੇ ਜਿਹੜੇ ਏਥੇ ਆ ਕੇ ਅਸਾਂ ਯਾਰ-ਦੋਸਤ ਬਣਾਏ ਉਸ ਸਾਡਾ ਕਿੰਨਾ ਕੁ ਸਾਥ ਦੇਣਗੇ ? ਜਿਨ੍ਹਾਂ ਨੂੰ ਕੁਝ ਲੱਭ ਗਿਆ ਉਹ ਇਹ ਗੱਲ ਕਹਿੰਦੇ ਨੇ :

"ਮੌਨ ਸੁ ਗਮ ਖ਼ਾਰ ਬਦਲ ਜਾਤੇ ਹੈਂ।
ਹਮਦਰਦ ਔਰ ਯਾਰ ਬਦਲ ਜਾਤੇ ਹੈਂ।
ਇਨਸਾਨ ਪੈ ਜਬ ਆਤੀ ਹੈ ਮੁਸੀਬਤ,
ਤੋ ਘਰ ਕੇ ਦਰੋ ਦੀਵਾਰ ਬਦਲ ਜਾਤੇ ਹੈਂ ।"

ਜਦੋਂ ਕਾਲਾ ਵੇਲਾ ਆਉਂਦਾ, ਮੁਸੀਬਤ ਦਾ ਸਮਾਂ ਆਉਂਦਾ ਪਿਆਰਿਓ ! ਉਦੋਂ ਤੇ ਘਰ ਦੀਆਂ ਕੰਧਾਂ ਬਦਲ ਜਾਂਦੀਆਂ ਨੇ ! ਯਾਰ ਬਦਲ ਜਾਂਦੇ ਨੇ ! ਪਰਛਾਵੇਂ ਵਰਗੇ ਦੋਸਤ ਬਦਲ ਜਾਂਦੇ ਨੇ ਤੇ ਇਹ ਦੁਨੀਆਂ ਤੇਰਾ ਸਾਥ ਕਿਸ ਤਰ੍ਹਾਂ ਦਏਗੀ, ਇਥੇ ਪੈਦਾ ਕੀਤੀਆਂ ਹੋਈਆਂ ਤੇਰੀਆਂ ਚੀਜ਼ਾਂ ਕਿਸ ਤਰ੍ਹਾਂ ਸਾਥ ਦੇਣਗੀਆਂ ?

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥"

(ਅੰਗ ੫੦)

ਜਿਹੜੇ ਫੁੱਲਾਂ ਦੇ ਬਗੀਚੇ ਨੇ ਜਦੋਂ ਉਥੇ ਫੁੱਲ ਖਿੜਦੇ ਨੇ ਉਨ੍ਹਾਂ ਫੁੱਲਾਂ ਨੇ ਕੋਈ ਦੋ-ਚਾਰ ਵਰ੍ਹੇ ਨਹੀਂ ਖਿੜੇ ਰਹਿਣਾ ਹੁੰਦਾ। ਉਨ੍ਹਾਂ ਨੇ ਕੋਈ ਦਸ-ਵੀਹ ਵਰ੍ਹੇ ਨਹੀਂ ਖਿੜੇ ਰਹਿਣਾ ਹੁੰਦਾ । ਐਵੇਂ ਕੁਝ ਘੜੀਆਂ ਹੀ ਹੈ ਉਨ੍ਹਾਂ ਦਾ ਖੇੜਾ ਬੜਾ ਥੋੜ੍ਹੇ ਚਿਰ ਦਾ ਪਰਾਹੁਣਾ! ਜਿਵੇਂ ਬਾਗ ਦੇ ਫੁੱਲ ਥੋੜ੍ਹਾ ਜਿਹਾ ਚਿਰ ਖਿੜਦੇ ਨੇ, ਸੁਗੰਧੀ ਦੇਂਦੇ ਨੇ, ਆਪਣਾ ਜੋਬਨ ਵਿਖਾਲਦੇ ਨੇ, ਆਪਣੀ ਪ੍ਰਭੁਤਾ ਵਿਖਾਲਦੇ ਨੇ ਆਖਰ ਉਹ ਉੱਡ ਜਾਂਦੇ ਨੇ, ਪੱਤੀ ਪੱਤੀ ਹੋ ਕੇ ਟੁੱਟ ਜਾਂਦੇ ਨੇ, ਬਰਬਾਦ ਹੋ ਜਾਂਦੇ ਨੇ ਜਿਸ ਤਰ੍ਹਾਂ ਉਨ੍ਹਾਂ ਦਾ ਖੇੜਾ ਥੋੜ੍ਹੇ ਚਿਰ ਦਾ ਹੈ ਇਸੇ ਤਰ੍ਹਾਂ ਤੇਰਾ ਸੰਸਾਰ ਦਾ ਵਾਸਾ ਵੀ ਥੋੜ੍ਹੇ ਚਿਰ ਦਾ ਏ । ਤੂੰ ਏਸ ਮਾਤਲੋਕ ਵਿਚ ਬੜਾ ਥੋੜ੍ਹਾ ਚਿਰ ਰਹਿਣਾ :

"ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥
ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥"

(ਅੰਗ ੫੦)

ਇਹ ਜਿਹੜੀਆਂ ਨਾ ਸਮਾਨ ਚੀਜ਼ਾਂ ਨੇ ਇਨ੍ਹਾਂ ਨੂੰ ਮੇਰੀਆਂ ਮੇਰੀਆਂ ਕਿਉਂ ਆਖਦਾਂ ? ਜਿਸ ਵਾਹਿਗੁਰੂ ਨੇ ਚੀਜ਼ਾਂ ਤੈਨੂੰ ਦਿੱਤੀਆਂ ਨੇ ਉਹਨੂੰ ਲੋੜ ! ਜਿਸ ਨੇ ਇਹ ਚੀਜ਼ਾਂ ਬਖਸ਼ੀਆਂ ਨੇ, ਉਹਨੂੰ ਲੱਭ ! ਜਿਸ ਨੇ ਇਹ ਚੀਜ਼ਾਂ ਦੇ ਕੇ ਤੇਰਾ ਮਨ ਪ੍ਰਚਾਵਾ ਕੀਤਾ ਹੈ, ਉਹਨੂੰ ਲੱਭ :

"ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ॥"

(ਅੰਗ ੫੦)

ਭਾਵੇਂ ਤੂੰ ਲੱਖਾਂ ਦਾ ਹੈਂ, ਭਾਵੇਂ ਕਰੋੜਾਂ ਦਾ ਹੈਂ, ਭਾਵੇਂ ਤੂੰ ਦੁਨੀਆਂ ਦਾ ਬਾਦਸ਼ਾਹ ਹੈਂ, "ਸਰਪਰ ਉਠੀ ਚਲਣਾ," ਏਸ ਦੁਨੀਆਂ 'ਚੋਂ ਹਰ ਹਾਲ ਜਾਣਾ ਹੀ ਜਾਣਾ ਹੈ! ਏਸ ਦੁਨੀਆਂ ਨੂੰ ਹਰ ਹਾਲ ਛੱਡਣਾ ਹੀ ਛੱਡਣਾ ਹੈ ! ਏਹਨੂੰ ਜਦੋਂ ਨਾ ਕਦੋਂ ਤਿਆਗਣਾ ਈ ਤਿਆਗਣਾ ਹੈ :

"ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥" (ਉਹੀ)

ਜਿਨ੍ਹਾਂ ਲੱਖਾਂ ਕਰੋੜਾਂ ਦਾ ਤੈਨੂੰ ਮਾਣ ਹੈ, ਏਹ ਏਥੇ ਦੇ ਏਥੇ ਈ ਰਹਿ ਜਾਣੇ ਨੇ! ਕੋਈ ਅੰਦਰ ਵੈਰਾਗ ਪੈਦਾ ਕਰ ! ਏਹਨੂੰ ਨਾਸ਼ਮਾਨ ਜਾਣ ! ਉਹਨੂੰ ਲੱਭ ਜਿਸ ਨੇ ਤੈਨੂੰ ਮਨੁੱਖ ਬਣਾ ਕੇ ਭੇਜਿਆ ! ਇਹ ਸਤਿਗੁਰਾਂ ਦਾ ਉਪਦੇਸ਼ ਪਰ ਐਸਾ ਉਪਦੇਸ਼ ਸੁਣ ਕੇ ਉਹੋ ਜਿਹਾ ਬਣ ਜਾਣਾ, ਇਹ ਮੁਸ਼ਕਲ ਹੈ। ਜਿਨ੍ਹਾਂ ਦੀ ਸਮਝ ਵਿਚ ਆ ਗਿਆ ਹੈ ਉਨ੍ਹਾਂ ਵੱਲ ਇੱਕ ਮਿੰਟ ਦਾ ਮਿੰਟ ਜ਼ਰਾ ਸਾਰੀ ਸੰਗਤ ਧਿਆਨ ਦਿਓ ! ਭਾਈ ਸਾਹਿਬ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਇਕ ਬਚਨ ਲਿਖਿਆ ਹੈ :

"ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।"

ਭਗਵੇਂ ਕੱਪੜੇ ਲਾਹ ਦਿੱਤੇ, ਗ੍ਰਹਿਸਤੀਆਂ ਵਾਲੇ ਕੱਪੜੇ ਪਾ ਲਏ, ਮੰਜੀ ਉਤੇ ਬੈਠ ਗਏ। ਸਾਧੂ ਮੰਜੀ ਉਤੇ ਵੀ ਨਹੀਂ ਹਨ ਬਹਿੰਦੇ ਪਰ ਸੱਚਾ ਪਾਤਸ਼ਾਹ ਮੰਜੀ ਉੱਤੇ ਬਹਿ ਗਿਆ। ਕਿਰਸਾਣੀ ਦਾ ਕੰਮ ਪ੍ਰਾਰੰਭ ਕਰ ਦਿੱਤਾ। ਤੁਖਾਰੀ ਰਾਗ ਤੇ ਕਿਰਸਾਣੀ ਬੜੀ ਔਖੀ ਕਾਰ, ਜ਼ਿਮੀਂਦਾਰੇ ਦੀ ਬੜੀ ਔਖੀ ਕਾਰ, ਇਹ ਸਰਕਾਰ ਨੇ ਪਿਛਲੀ ਉਮਰ ਵਿਚ ਕੀਤੀ। ਜਿਹੜਾ ਕਰੜਾ ਕੰਮ ਸੀ ਉਹ ਪਿਛਲੀ ਉਮਰ ਵਿਚ ਕੀਤਾ ਤੇ ਦਰਬਾਰ ਕਰਤਾਰ ਪੁਰ ਸਾਹਿਬ ਵਾਹੀ ਕਰਦਿਆਂ ਕਰਦਿਆਂ, ਖੇਤੀਬਾੜੀ ਕਰਦਿਆਂ ਕਰਦਿਆਂ, ਆਪ ਦੇ ਕੰਨਾਂ ਵਿਚ ਸੋਅ ਪਹੁੰਚੀ ਕਿ ਵਟਾਲੇ ਤੋਂ ੪ ਕੁ ਮੀਲ ਚੜ੍ਹਦੇ ਪਾਸੇ ਸਿਧਾਂ ਦੀ ਇਕ ਜਗ੍ਹਾ ਹੈ, ਉਹਨੂੰ ਅੱਚਲ ਕਹਿ ਕੇ ਪੁਕਾਰਦੇ ਨੇ, ਅੱਚਲ ਜਿਸ ਨੇ ਕਦੇ ਚਲਾਇਮਾਨ ਨਹੀਂ ਹੋਣਾ। ਕੈਸਾ ਨਾਂ ਰੱਖਿਆ ! ਚਲੇ ਜਾਣਾ ਉਸ ਜਗ੍ਹਾ ਨੇ ਪਰ ਸਿਧਾਂ ਨੇ ਨਾਂ ਉਹਦਾ ਰੱਖਿਆ ਅੱਚਲ ਪਈ ਉਥੇ ਬੜਾ ਭਾਰਾ ਮੇਲਾ ਹੁੰਦਾ। ਚਲੋ ਮੇਲਾ ਵੇਖ ਆਈਏ! ਸਾਹਿਬ ਮੇਲਾ ਵੇਖਣ ਏਸ ਵਾਸਤੇ ਨਹੀਂ ਸੀ ਜਾਂਦੇ ਕਿ ਉਥੇ ਪਕੌੜੇ,

ਮਠਿਆਈਆਂ, ਭਠੂਰੇ ਛੋਲਿਆਂ ਦਾ ਸੁਆਦ ਵੇਖਾਂਗੇ ਇਸ ਆਇਡੀਏ ਨਾਲ ਨਹੀਂ ਸੀ ਮੇਲੇ ਜਾਂਦੇ! ਉਨ੍ਹਾਂ ਦਾ ਮੇਲੇ ਜਾਣ ਦਾ ਭਾਵ ਇਹ ਹੁੰਦਾ ਸੀ ਪਈ ਆਪਣੇ ਆਪ ਦੁਨੀਆਂ ਕੱਠੀ ਹੋਈ ਹੁੰਦੀ ਏ ਤੇ ਆਪਣੇ ਮਿਸ਼ਨ ਦਾ ਉਥੇ ਪ੍ਰਚਾਰ ਕਰਾਂਗੇ !

ਮੈਂ ਅੱਜਕਲ੍ਹ ਦੇ 'ਗੁਰੂ' ਵੇਖਨਾਂ ਐਸ ਮੁਹੱਲਿਓਂ ਓਸ ਮਹੱਲੇ ਜਾਣਾ ਹੋਵੇ ਤਾਂ ਪਹਿਲਾਂ ਚਾਰ ਕੁ 'ਸਿੱਖ' ਭੇਜਦੇ ਨੇ ਐਜੀਟੇਸ਼ਨ (ਐਡਵਰਟਾਈਜ਼ਮੈਂਟ) ਕਰੋ ਜੀ ਗੁਰੂ ਆ ਰਿਹਾ ਹੈ : ਚਾਰ ਕੁ ਮਾਈਆਂ ਭੇਜਦੇ ਨੇ। ਫਿਰ ਉਹ ਮਾਈਆਂ ਜਿਹੜੀਆਂ ਉਥੇ ਉਪਦੇਸ਼ ਕਰਦੀਆਂ ਨੇ। ਸੁਣ ਕੇ ਤਨ ਮਨ ਸੜ ਜਾਂਦਾ, 'ਭੈਣ ! ਕੀ ਦੱਸਾਂ ਨਿਰਾ ਈ 'ਗੁਰੂ ਨਾਨਕ' ਏ।' ਉਹ ਹੋ ! ਇਕ ਮਲ-ਮੂਤਰ ਦੇ ਥੈਲੇ ਨੂੰ ਗੁਰੂ ਨਾਨਕ ਬਣਾ ਦਿੱਤਾ ਈ ? ਕੀ ਵੇਖ ਕੇ ਨਾਨਕ ਬਣਾ ਦਿੱਤਾ ਈ ? ਕਿਸ ਗੱਲ 'ਤੇ ਖੁਸ਼ਾਮਦ ਕਰਦੀ ਹੈਂ ? ਕਿਸ ਗੱਲ ਉੱਤੇ ਤੂੰ ਇਹ ਗੱਲ ਕਹਿ ਦਿੱਤਾ ਪਈ 'ਨਿਰਾ ਨਾਨਕ।' ਨਾਨਕ ਦੇ ਦਰ ਦੇ ਤਾਂ ਕੂਕਰ ਵੀ ਨਹੀਂ ਬਣਿਆ ਜਾ ਸਕਦਾ। ਨਾਨਕ ਅਸੀਂ ਕਿਵੇਂ ਬਣ ਸਕਦੇ ਹਾਂ ? ਇਹ ਅਰਜ ਕਿਸੇ ਵੇਲੇ ਫੇਰ ਕਰਾਂਗਾ ਪਰ ਜਾਂਦੇ ਨੇ ਲੋਕੀ ਬੜੀ ਐਜੀਟੇਸ਼ਨ ਏ। ਅਖਬਾਰਾਂ ਬੜੀਆਂ ਨਿਕਲਦੀਆਂ ਨੇ। ਇਸ਼ਤਿਹਾਰ ਬੜੇ ਨਿਕਲਦੇ ਨੇ ਤਾਂ ਫਿਰ ਤਖਰੇ ਚਖਰੇ ਨਾਲ 'ਗੁਰੂ ਜੀ' ਉਥੇ ਆਉਂਦੇ ਨੇ। ਮੈਂ ਸੱਚੇ ਗੁਰੂ ਵੱਲ ਵੇਖਿਆ। ਧੰਨ ਸ੍ਰੀ ਗੁਰੂ ਨਾਨਕ ਜੀ! ਨਾ ਕੋਈ ਇਸ਼ਤਿਹਾਰ, ਨਾ ਕੋਈ ਐਜੀਟੇਸ਼ਨ, ਨਾ ਕੋਈ ਐਜੀਟੇਸ਼ਨ ਕਰਨ ਵਾਲਾ ਐਜੀਟੇਟਰ ਨਾ ਕੋਈ ਹੋਰ ਅਡੰਬਰ। ਚੁੱਪ ਚੁਪੀਤੇ ਆਪਣੇ ਬਲਦ ਖੁਰਲੀ ਉੱਤੇ ਬਧੇ ਤੇ ਅੱਚਲ ਵਟਾਲੇ ਆ ਗਏ। ਆਉਣ ਦੀ ਦੇਰ ਸੀ। ਗੁਰੂ ਸੱਚਾ ਸੀ। ਜਿਵੇਂ ਜੰਗਲ ਵਿਚ ਲੱਗੀ ਹੋਈ ਅੱਗ ਆਨਨ ਫਾਨਨ ਸਾਕੇ ਚਾਰ-ਚੁਫੇਰੇ ਫੈਲ ਜਾਂਦੀ ਏ, ਸਤਿਗੁਰਾਂ ਦਾ ਆਉਣਾ ਛੁਪਿਆ ਨਾ ਰਿਹਾ। ਆਨਨ ਫਾਨਨ ਸਾਰੇ ਮੇਲੇ 'ਚ। ਹਜਾਰਾਂ ਦੁਨੀਆਂ ਜਿਥੇ ਕੱਠੀ ਹੋਈ ਸੀ ਉਥੇ ਖਬਰ ਫੈਲ ਗਈ, 'ਨਾਨਕ ਆ ਗਿਆ, ਤ੍ਰਿਪਤਾ ਦਾ ਦੁਲਾਰਾ ਆ ਗਿਆ ! ਮਹਿਲਾ ਕਾਲੂ ਦਾ ਜਗਤ ਤਾਰਨ ਵਾਲਾ ਪੁੱਤਰ ਆ ਗਿਆ !' ਤਮਾਮ ਦੁਨੀਆਂ ਆ ਗਈ। ਟੁੱਟ ਕੇ ਪੈ ਗਈ ਦੁਨੀਆਂ ਸੱਚੇ ਗੁਰੂ ਦੇ ਦਰਸ਼ਨਾਂ ਨੂੰ ! ਬੜਾ ਭਾਰਾ ਦਰਬਾਰ ਸਜਿਆ। ਸਜੇ ਹੋਏ ਦਰਬਾਰ ਵਿਚ ਨਾਨਕ ਨਿਰੰਕਾਰੀ ਸੋਭਾ ਪਾ ਰਹੇ ਸਨ ਤੇ ਭਾਈ ਗੁਰਦਾਸ ਜੀ ਕਹਿੰਦੇ ਨੇ, 'ਬਾਬੇ ਨਾਨਕ ਦਾ ਆਉਣਾ ਸੁਣ ਕੇ ਕੀਰਤਨੀਆਂ ਨੂੰ ਪਤਾ ਲੱਗਾ ਤਾਂ ਉਹ ਵੀ ਸਾਜ਼ ਲੈ ਕੇ ਆ ਗਏ। ਕੀਰਤਨ ਹੋਣ ਲੱਗ ਪਿਆ। ਬਾਣੀ ਬਰਸ ਗਈ। ਬਾਣੀ ਦਾ ਪ੍ਰਭਾਵ ਲੋਕਾਂ ਉਤੇ ਪੈ ਗਿਆ। ਕੀਰਤਨ ਦਾ ਅੰਮ੍ਰਿਤ ਪੀ ਕੇ ਲੋਕ ਐਨ ਅੰਦਰੋਂ-ਬਾਹਰੋਂ ਮਸਤ ਹੋ ਗਏ ਮਸਤ ! ਚੰਦ ਚੜ੍ਹ ਗਏ। ਐਵੇਂ ਅੱਧਾ ਕੁ ਮਿੰਟ ਮੈਂ ਇਕ ਤੁਕ ਪੜ੍ਹਨੀ ਚਾਹੁੰਨਾਂ। ਸਾਰੇ ਮਾਈ-ਭਾਈ ਇਸ ਮੰਦਰ ਵਿਚ ਗੂੰਜ ਪਾਇਓ ! ਕੀਰਤਨ ਹੋਇਆ। ਮੈਨੂੰ ਤੇ ਕੀਰਤਨ ਕਰਨਾ ਆਉਂਦਾ ਨਹੀਂ। ਪਰ ਕਿਸੇ ਵੇਲੇ ਮੇਰਾ ਮਨ ਮੌਜ ਵਿਚ ਆ ਕੇ ਇਹ ਗੱਲ ਆਖਣ ਨੂੰ ਉੱਦਮ ਕਰਦਾ ਹੈ ਕਿ

"ਰਾਜ ਲੀਲਾ ਤੇਰੈ ਨਾਮਿ ਬਨਾਈ॥

ਰਾਜ ਲੀਲਾ ਤੇਰੈ ਨਾਮਿ ਬਨਾਈ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ॥
ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੈ॥" (ਅੰਗ ੩੮੫)

ਅੰਮ੍ਰਿਤ ਬਾਣੀ ਦਾ ਅੰਮ੍ਰਿਤ ਪ੍ਰਭਾਵ ਕਬੂਲ ਕੇ ਸੰਗਤ ਉਨ੍ਹਾਂ ਰਾਗੀਆਂ ਨੂੰ ਵੀ ਰੁਪਏ ਦੇਣ ਲੱਗ ਪਈ। ਭਾਈ ਗੁਰਦਾਸ ਕਹਿੰਦਾ, ਉਨ੍ਹਾਂ ਕੋਲ ਇਕ ਲੋਟਾ ਸੀ। ਉਹ ਰੁੱਪਈਆਂ ਨਾਲ ਭਰ ਗਿਆ। ਇਕ ਮਨਚਲੇ ਸੰਤ ਨੇ, ਈਰਖਾਵਾਦੀ ਸੰਤ ਨੇ ਜਿਹੜਾ ਸੜ ਬਲ ਕੇ ਕੋਲਾ ਹੋ ਗਿਆ ਸੀ ਉਹਨੇ ਮੰਤਰ ਪੜ੍ਹਿਆ, ਫੂਕ ਮਾਰੀ ਤੇ ਲੋਟਾ ਲੋਕਾਂ ਦੀਆਂ ਅੱਖਾਂ ਅੱਗੋਂ ਮੰਤ੍ਰ ਦੇ ਪ੍ਰਤਾਪ ਨਾਲ ਲੁਕ ਗਿਆ। ਕੀਰਤਨ ਕਰਦਿਆਂ ਜਿਸ ਵੇਲੇ ਰਾਗੀ ਦਾ ਧਿਆਨ ਪਿਆ ਰੁਪੱਈਆਂ ਵੱਲ ਤੇ ਉਥੇ ਲੋਟਾ ਕੋਈ ਨਾ। ਜਿਸ ਵੇਲੇ ਲੋਟਾ ਨਾ ਲੱਭਾ ਤਾਂ ਰਾਗੀ ਨੂੰ ਕੀਰਤਨ ਭੁੱਲ ਗਿਆ। ਜਿਹੜੇ ਮਨ ਨੇ ਅਗਲੀ ਤੁਕ ਲੱਭ ਕੇ ਪੜ੍ਹਨੀ ਸੀ ਉਹ ਮਨ ਖਸਮਾਂ ਖਾਣਾ ਲੋਟਾ ਲੱਭਣ ਚਲੇ ਗਿਆ। ਤੁਕ ਨਾ ਯਾਦ ਆਈ। ਕੀਰਤਨ ਵਿਚ ਬੇਰਸੀ ਹੋ ਗਈ। ਛਲ ਲੈਂਦੀ ਹੈ। ਮਾਇਆ ਨੇ ਛਲ ਲਏ ਰਾਗੀ। ਜਿਸ ਵੇਲੇ ਕੀਰਤਨ ਵਿਚ ਬੇਰਸੀ ਹੋਈ ਤਾਂ ਧੰਨ ਗੁਰੂ ਨਾਨਕ ਜਿਨ੍ਹਾਂ ਨੂੰ ਕੀਰਤਨ ਦੀ ਬੇਰਸੀ ਪ੍ਰਵਾਨ ਨਹੀਂ ਸੀ। ਉਹ ਸਹਿਜੇ ਨਾਲ ਉਠੇ ਤੇ ਸੰਤ ਨੇ ਜਿਥੇ ਲੋਟਾ ਲੁਕਾਇਆ ਸੀ ਆਪਣੀ ਵੱਲੋਂ ਜੰਤ੍ਰ ਮੰਤ੍ਰ ਨਾਲ ਪਈ ਇਹਨੂੰ ਕੋਈ ਲੱਭ ਨਹੀਂ ਸਕਦਾ ਹਜ਼ੂਰ ਅਮਾਨਤੀ ਜਾ ਕੇ ਚੁਕ ਲੈ ਆਏ ਤੇ ਲਿਆ ਕੇ ਰਾਗੀਆਂ ਦੇ ਅੱਗੇ ਰੱਖ ਦਿੱਤਾ। ਜਿਸ ਵੇਲੇ ਅਚੱਲ ਵਟਾਲੇ ਦੇ ਜਟਾਂਧਾਰੀਆਂ ਕੰਨ ਪਾਟਿਆਂ ਨੇ ਜਿਹੜੇ ਸਿਰਫ ਤਨ ਕਰਕੇ ਹੀ ਸਾਧ ਬਣੇ ਸੀ, ਮਨ ਅੰਦਰੋਂ ਸੜਿਆ ਹੋਇਆ ਸੀ, ਉਨ੍ਹਾਂ ਕੋਲੋਂ ਇਹ ਗੱਲ ਜਰੀ ਨਾ ਗਈ। ਬਰਦਾਸ਼ਤ ਨਾ ਕਰ ਸਕੇ। ਬੜੇ ਔਖੇ ਹੋਏ। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਉਹ ਮਹਾਰਾਜ ਨਾਲ ਬਹਿਸ ਸੁਬਾਹਿਸਾ ਕਰਨ ਵਾਸਤੇ ਆ ਗਏ ਤੇ ਦੂਜਾ ਕੌਤਕ ਇਹ ਵਰਤਿਆ ਕਿ ਇਕ ਗਰੀਬੜਾ ਸਿੱਖ ਕਿਰਤੀ ਸਿੱਖ ਜਿਸ ਦੀ ਬਿਰਤੀ ਉੱਚੀ, ਕਰਨ ਵਾਲਾ ਹੱਥਾਂ ਨਾਲ ਕਿਰਤ, ਘਰ ਵਿਚ ਕੰਗਾਲ-ਤਾਈ, ਪੁਰਾਣੇ ਕੱਪੜੇ ਧੋ ਕੇ ਪਹਿਨ ਕੇ ਆਪਣੇ ਅੱਠਾਂ ਕੁ ਵਰਿਆਂ ਦੇ ਕਾਕੇ ਨੂੰ ਨਾਲ ਲੈ ਕੇ ਉਹ ਵੀ ਅੱਚਲ ਵਟਾਲੇ ਮੇਲਾ ਵੇਖਣ ਆਇਆ ਸੀ। ਸ੍ਰੀ ਗੁਰੂ ਨਾਨਕ ਦੇ ਸਾਹਮਣੇ ਆ ਕੇ ਖਲੋ ਗਿਆ, "ਹਜ਼ੂਰ! ਮੇਰੇ ਭਾਗ ਸਵੱਲੇ! ਮੇਰੀ ਸੁੱਤੀ ਹੋਈ ਤਕਦੀਰ ਜਾਗ ਪਈ, ਮੈਂ ਐਸ ਸਾਲ ਮੇਲਾ ਵੇਖਣ ਆ ਗਿਆ! ਮੇਰੇ ਕਿਤੇ ਪੁਰਾਣਿਆਂ ਜਨਮਾਂ ਦੇ ਕੀਤੇ ਹੋਏ ਪੁੰਨ ਜਾਗ ਪਏ ਗੁਰਦੇਵ, ਕਿ ਮੇਲੇ ਵਿਚ ਆ ਕੇ ਤੁਹਾਡੇ ਦਰਸ਼ਨ ਹੋ ਗਏ! ਮੈਂ ਤੁਹਾਡਾ ਦੀਦਾਰ ਪਾ ਲਿਆ! ਮੈਂ ਤੁਹਾਡੇ ਦਰਸ਼ਨਾਂ ਦਾ ਅੰਮ੍ਰਿਤ ਪੀ ਲਿਆ! ਮੇਰੇ ਮਨ ਦਾ ਪਪੀਹਾ ਤੁਹਾਡੇ ਦਰਸ਼ਨਾਂ ਦੀ ਸ਼ਵਾਤੀ ਬੂੰਦ ਪ੍ਰਾਪਤ ਕਰਕੇ ਤ੍ਰਿਪਤ ਹੋ ਗਿਆ! ਗਰੀਬ ਨਿਵਾਜ ਗੁਰੂ! ਮੈਂ ਵੇਖ ਰਿਹਾਂ ਕਿ ਆਪ ਜੀ ਦੀ ਬਾਣੀ ਦਾ ਸਤਿਕਾਰ ਕਰਨ ਵਾਸਤੇ ਸੁਣਨ ਵਾਲੇ ਸਰੋਤੇ ਮਾਈ-ਭਾਈ

ਰਾਗੀਆਂ ਨੂੰ ਮਾਇਆ ਅਰਦਾਸ ਕਰਾ ਰਹੇ ਨੇ; ਆਪ ਜੀ ਤੇ ਰਾਗੀਆਂ ਦੀਆਂ ਖੁਸ਼ੀਆਂ ਲੈ ਰਹੇ ਨੇ ਤੇ ਸਾਹਿਬ ! ਮਨ ਮੇਰਾ ਵੀ ਕਰਦਾ ਜੋ ਕੁਝ ਭੇਟਾ ਦਿਆਂ ਪਰ ਸਾਹਿਬ! ਮੈਂ ਗਰੀਬ ਹਾਂ, ਮੈਂ ਕਿਰਤੀ ਹਾਂ, ਮੇਰੇ ਪੱਲੇ ਮਾਇਆ ਹੈ ਨਹੀਂ। ਦਿਨੇ ਕਿਰਤ ਕਰਨਾਂ, ਰਾਤ ਨੂੰ ਢਿੱਡ ਭਰ ਕੇ ਰੋਟੀ ਖਾਂਦਾ ਹਾਂ। ਸਾਹਿਬ ਜੀ ! ਕੰਗਾਲਤਾਈ ਨੇ ਮੇਰੇ ਘਰ ਤੰਬੂ ਲਾਏ ਹੋਏ ਨੇ ਪਰ ਆਪ ਜੀ ਦੀ ਬਾਣੀ ਨੇ ਮੇਰਾ ਮਨ ਮੋਹ ਲਿਆ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ :

"ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥"

(ਅੰਗ ੬੯੩)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ।

"ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥"

(ਅੰਗ ੬੧੪)

ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥"

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਕਾ ਹੈ:

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥"

(ਅੰਗ ੯੩੫)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਨੇ :

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥"

(ਅੰਗ ੯੨੦)

ਮੈਂ ਆਪ ਜੀ ਦੀ ਅੰਮ੍ਰਿਤ ਬਾਣੀ ਸੁਣੀ। ਮਨ ਗਦ-ਗਦ ਹੋਇਆ। ਸਾਹਿਬ ਜੀ ! ਜੀਅ ਕਰਦਾ ਕੋਈ ਅਰਦਾਸ ਦਿਆਂ ਪਰ ਪੱਲੇ ਕੁਝ ਨਹੀਂ; ਮਜ਼ਬੂਰ ਹਾਂ। ਸਾਹਿਬ! ਹੁਣ ਮੈਂ ਮਨ ਬਣਾ ਕੇ ਉਠਿਆਂ। ਹੌਸਲਾ ਕਰ ਕੇ ਉਠਿਆਂ। ਪੱਕਾ ਹੋ ਕੇ ਮੈਂ ਉੱਠਿਆਂ। ਮਹਾਰਾਜ ! ਮੇਰਾ ਇਕੋ ਇਕ ਕਾਕਾ ਹੈ ਐਸ ਵੇਲੇ ਇਹਦੀ ਅੱਠਾਂ ਕੁ ਵਰ੍ਹਿਆਂ ਦੀ ਉਮਰ ਹੈ। ਮੈਂ ਆਪਣੇ ਕਾਕੇ ਦੀ ਉਂਗਲ ਫੜ ਕੇ ਤੁਹਾਡੇ ਕੋਲ ਆ ਗਿਆਂ, ਇਸ ਅੰਮ੍ਰਿਤਮਈ ਬਾਣੀ ਦੀ ਭੇਟ ਮੈਂ ਇਹ ਕਾਕਾ ਤੁਹਾਨੂੰ ਅਰਦਾਸ ਕਰਾ ਦਿੱਤਾ ! ਮੈਂ ਆਪਣਾ ਲਖਤੇ-ਜਿਗਰ, ਮੈਂ ਆਪਣਾ ਨੂਰੇ-ਨਜ਼ਰ, ਮੈਂ ਆਪਣੀ ਜ਼ਿੰਦਗੀ ਦਾ ਆਸਰਾ, ਮੈਂ ਆਪਣੀਆਂ ਆਂਦਰਾਂ ਦਾ ਟੁਕੜਾ ਇਹ ਅੱਠਾਂ ਵਰ੍ਹਿਆਂ ਦਾ ਕਾਕਾ ਹਜ਼ੂਰ ! ਤੁਹਾਨੂੰ ਅਰਦਾਸ ਕਰਾ ਦਿੱਤਾ, ਬਾਣੀ ਦੀ ਭੇਟ ਮੈਂ ਅਰਦਾਸ ਕਰਾ ਦਿੱਤਾ। ਸੁਖੀ ਰਖੋ ਦੁਖੀ ਰਖੋ, ਜੀਉਂਦਾ ਰਖੋ ਮੁਇਆ ਰਖੋ। ਮਹਾਰਾਜ ! ਮੇਰਾ ਹੁਣ ਏਹਦੇ ਨਾਲ ਕੋਈ ਵਾਸਤਾ ਨਹੀਂ। ਮੈਂ ਅਰਪਨ ਕਰ ਦਿੱਤਾ। ਹਜ਼ੂਰ ਦੀ ਬਾਣੀ ਨੂੰ ਇਹ ਮੇਰੀ ਤੁਛ ਭੇਟਾ ਹੈ। ਇਹ ਮੇਰੀ ਮਾਮੂਲੀ ਜਿਹੀ ਭੇਟਾ ਹੈ ਗਰੀਬ ਨਿਵਾਜ ਗੁਰੂ ਬੇਦੀ ਪਾਤਸ਼ਾਹ ! ਮੇਰੀ ਇਹ ਭੇਟਾ ਕਬੂਲ ਕਰੋ, ਮੇਰੀ ਇਹ

ਭੇਟਾ ਸਵੀਕਾਰ ਕਰੋ ਤੇ ਮੈਂ ਝੋਲੀ ਅੱਡ ਕੇ ਖੈਰ ਮੰਗਦਾ ਪਾਤਸ਼ਾਹ ! ਮੇਰੀ ਝੋਲੀ 'ਚ ਸਿੱਖੀ ਦਾ ਹੀਰਾ ਪਾ ਦਿਉ । ਇਸ ਕਾਕੇ ਦੇ ਬਦਲੇ ਮੈਨੂੰ ਆਪਣਾ ਸਿੱਖ ਬਣਾ ਲਓ ! ਇਹ ਮੇਰੀ ਤੁੱਛ ਜਿਹੀ ਭੇਟਾ ਪ੍ਰਵਾਨ ਕਰ ਕੇ ਮੈਨੂੰ ਸਿੱਖੀ ਦਾ ਦਾਨ ਬਖਸ਼ੋ !"

"ਗੁਰੂ ਕਿਆ ਸਿੱਖਾ, ਮਹਾਂਪੁਰਸ਼ਾ ! ਧੀਓ ਬੱਚੀਓ, ਪੰਥ ਦੀਓ ਬੇਟੀਓ ਗੌਰ ਫੁਰਮਾਓ ! ਸਿੱਖੀ ਕੋਈ ਕਿੱਡੀ ਕੁ ਚੀਜ ਹੋਊ ! ਸਿੱਖੀ ਦੀ ਉਤਮਤਾਈ ਇਨ੍ਹਾਂ ਅੱਖਰਾਂ ਤੋਂ ਐਨ ਸੂਰਜ ਦੀ ਤਰ੍ਹਾਂ ਚਮਕਦੀ ਏ ਕਿ :

"ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥"

(ਅੰਗ ੧੪੨੪)

ਵਾਹਿਗੁਰੂ ਜਾਣੇ ਸਿੱਖੀ ਰੁਤਬਾ ਕਿੱਡਾ ਕੁ ਉਚਾ ਹੋਵੇਗਾ ! ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਵੇਂ ਬਾਪੂ ਹੋਕਾ ਦੇ ਰਹੇ ਨੇ :

"ਮੈ ਬਧੀ ਸਚੁ ਧਰਮ ਸਾਲ ਹੈ ॥ (ਅੰਗ ੭੩)

ਸੱਚ ਦਾ ਪ੍ਰਚਾਰ ਕਰਨ ਲਈ ਮੈਂ ਹਰਿਮੰਦਰ ਸਾਹਿਬ ਬਣਾਇਆ ਜਿਸ ਵੇਲੇ ਹਰਿਮੰਦਰ ਸਾਹਿਬ ਪੂਰਾ ਹੋ ਗਿਆ ।

"ਗੁਰਸਿਖਾ ਲਹਦਾ ਭਾਲਿ ਕੈ" (ਉਹੀ)

ਮੈਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਨੂੰ ਲੱਭ ਲੱਭ ਕੇ, ਚੁਣ ਚੁਣ ਕੇ, ਭਾਲ ਭਾਲ ਕੇ ਹਰਿਮੰਦਰ ਸਾਹਿਬ 'ਚ ਲਿਆਉਣ ਲੱਗ ਪਿਆਂ ਜਿਹੜੇ ਜਿਹੜੇ ਮੇਰਾ ਕਹਿਣਾ ਮੰਨ ਕੇ ਸ੍ਰੀ ਹਰਿਮੰਦਰ ਸਾਹਿਬ ਆ ਗਏ ।

"ਪੈਰ ਧੋਵਾ ਪਖਾ ਫੇਰਦਾ"

ਉਨ੍ਹਾਂ ਸਿੱਖਾਂ ਦੇ ਫਿਰ ਪੈਰ ਧੋਂਦਾ ਸਾਂ; ਮੈਂ ਉਹਨਾਂ ਸਿੱਖਾਂ ਨੂੰ ਫਿਰ ਪੱਖਾ ਝੁਲਾਉਂਦਾ ਸਾਂ, ਮੈਂ ਉਨ੍ਹਾਂ ਸਿੱਖਾਂ ਦਾ ਇਸ਼ਨਾਨ ਪਾਨ ਕਰਾਉਂਦਾ ਸਾਂ ਫਿਰ :

"ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥" (ਉਹੀ)

ਮੈਂ ਨਿਉਂ ਨਿਉਂ ਕੇ ਮੱਥੇ ਟੇਕਦਾ ਸਾਂ ਸ੍ਰੀ ਗੁਰੂ ਨਾਨਕ ਦਿਆਂ ਸਿੱਖਾਂ ਨੂੰ । ਐ ਸ੍ਰੀ ਗੁਰੂ ਨਾਨਕ ਦੇ ਦਰੋਂ-ਘਰੋਂ ਵਰੋਸਾਏ ਹੋਏ ਗੁਰਸਿੱਖੋ ! ਤੁਹਾਡੀ ਚਰਨ ਧੂੜ ਚਾਹੀਦੀ ਹੈ । ਵਾਹਿਗੁਰੂ ਜਾਣੇ ਸਿੱਖੀ ਕਿੱਡੀ ਕੁ ਉਚੀ ਹੈ; ਸਿੱਖੀ ਕਿਡੀ ਕੁ ਪਿਆਰੀ ਹੈ ! ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਿੱਖੀ ਦਾ ਨਕਸ਼ਾ ਖਿੱਚਿਆ ਹੈ :

ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ ।
ਨਮਸਕਾਰ ਡਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ ।
ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ ।

ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ ।
ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਿਤ ਭੈ ਭਾਣਾ ਭਾਵੈ ।
ਆਪੁ ਗਵਾਇ ਨ ਆਪੁ ਗਣਾਵੈ ॥ (ਵਾਰ ੬, ਪਉੜੀ ੧੨)
ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੈ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ।
ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ ਲਹੰਦੇ।
ਦੁਬਿਧਾ ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।
ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ । (ਵਾਰ ੬, ਪਉੜੀ ੧੩)

ਗੁਰ ਸਿਖਾ ਪਰਦਖਣਾ... (ਉਹੀ) ਤੇਰੇ ਸਿੱਖਾ, ਪੈਰ ਕਦੋਂ ਸਫਲੇ ਹੋਣੇ ਨੇ ? "ਗੁਰ ਸਿਖਾ ਪਰਦਖਣਾ" ਜਦੋਂ ਗੁਰੂ ਕਾ ਸਿੱਖ ਮਿਲ ਪਏ, ਉਹਦੀਆਂ ਪਰਕਰਮਾਂ ਕਰਨੀਆਂ, ਉਹਦੇ ਚਾਰ-ਚੁਫ਼ੇਰੇ ਫਿਰਨਾ ਜਿਵੇਂ ਆਪਣੇ ਇਸ਼ਟ ਦੀ ਪੁਜਾਰੀ ਪੂਜਾ ਕਰਦਾ ਹੈ, ਏਦਾਂ ਗੁਰੂ ਕੇ ਸਿੱਖ ਦੀ ਪੂਜਾ ਕਰਨੀ । ਗੁਰ ਸਿਖਾ ਪਰਦਖਣਾ ਪੈਰੀ ਪੈ ਰਹਰਾਸਿ ਕਰੰਦੇ।" (ਉਹੀ) ਵਾਹਿਗੁਰੂ ਜਾਣੇ ਫਿਰ ਉਹ ਕਿੱਡੀ ਕੁ ਉਚੀ ਹੋਊ ਗੁਰ ਸਿੱਖੀ ! ਨਿਰੰਕਾਰ ਜਾਣੇ ਕਿੰਨਾ ਕੁ ਪਿਆਰ ਹੋਊ ਓਸ ਗੁਰਸਿੱਖੀ ਵਿਚ ! ਭਾਈ ਸਾਹਿਬ ਇਕ ਥਾਂ ਬਚਨ ਲਿਖਿਆ ਕਰਦੇ ਨੇ :

ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ ਬਣਾਇਆ।
ਧੰਨੁ ਧੰਨੁ ਸਤਿਗੁਰ ਸਿਖ ਸੁਣਿ ਚਰਣਿ ਸਰਣਿ ਗੁਰਸਿਖ ਜੁਆਇਆ।
ਗੁਰਮੁਖਿ ਮਾਰਗੁ ਧੰਨੁ ਹੈ ਸਾਧ ਸੰਗਤਿ ਮਿਲਿ ਸੰਗ ਚਲਾਇਆ।
ਧੰਨੁ ਧੰਨੁ ਸਤਿਗੁਰ ਚਰਣ ਧੰਨੁ ਮਸਤਕੁ ਗੁਰ ਚਰਣੀ ਲਾਇਆ।
ਸਤਿਗੁਰ ਦਰਸਨੁ ਧੰਨੁ ਹੈ ਧੰਨੁ ਧੰਨੁ ਗੁਰਸਿਖ ਪਰਸਣਿ ਆਇਆ।
ਭਾਉ ਭਗਤਿ ਗੁਰਸਿਖ ਵਿਚਿ ਹੋਇ ਦਇਆਲੁ ਗੁਰੁ ਮੁਹਿ ਲਾਇਆ।
ਗੁਰਮਤਿ ਦੂਜਾ ਭਾਉ ਮਿਟਾਇਆ ॥ (ਵਾਰ ੬, ਪਉੜੀ ੧੬)

ਦਇਆਲੂ ਹੋ ਕੇ ਗੁਰੂ ਨੇ ਸਿੱਖ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਦੁਬਿਧਾ ਕੱਢ ਕੇ ਬੰਨੇ ਰਖ ਦਿੱਤੇ ਅਤੇ :

ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥ (ਵਾਰ)

ਸਿੱਖ ਨੂੰ ਸਤ ਨਿਸਚੇ ਕਰਾਇਆ, ਸੰਤੋਖ ਨਿਸਚੇ ਕਰਾਇਆ, ਦਇਆ ਨਿਸਚੇ ਕਰਾਈ, ਧਰਮ ਨਿਸਚੇ ਕਰਾਇਆ, ਨਾਮ ਜਪਣਾ ਨਿਸਚੇ ਕਰਾਇਆ, ਦਾਨ ਦੇਣਾ ਨਿਸਚੇ ਕਰਾਇਆ ਸਤਿਗੁਰੂ ਨੇ । ਜਿਹੜੇ ਸਿੱਖ ਨੇ ਫਿਰ ਇਹ ਸਿੱਖੀ ਕਮਾਈ, ਮੇਰਾ ਗਰੀਬ ਨਿਵਾਜ ਸਾਹਿਬ ਸੱਚਾ ਪਾਤਸ਼ਾਹ ਸਿੱਖੀ ਦੀ ਕਮਾਈ ਕਰਨ ਵਾਲੇ ਸਿੱਖ ਨੂੰ ਜਿਸ ਵੇਲੇ ਨੇਤਰਾਂ ਨਾਲ ਵੇਖਦਾ, ਦਸਵਾਂ ਜਾਮਾ ਧਾਰ ਕੇ ਆਉਂਦਾ ਤੇ ਜ਼ੁਬਾਨੇ ਪਾਕ ਵਿਚੋਂ ਬਦੋ ਬਦੀ ਨਿਕਲ ਜਾਂਦਾ :

"ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ ॥"

ਆਪਣੀ ਹੱਥੀਂ ਖਾਲਸਾ ਸਾਜ ਕੇ ਫਿਰ ਸਰਕਾਰ ਨੇ ਸਾਨੂੰ ਅਲਪੱਗ ਜੀਵਾਂ ਨੂੰ ਏਡਾ ਮਾਨ ਬਖਸ਼ਿਆ :

ਖਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥
ਖਾਲਸਾ ਮੇਰੋ ਪਿੰਡ ਪਰਾਨ॥ ਖਾਲਸਾ ਮੇਰੀ ਜਾਨ ਕੀ ਜਾਨ ॥
ਖਾਲਸਾ ਮੇਰੋ ਇਸ਼੍ਟ ਸੁਹਿਰਦ ॥ ਖਾਲਸਾ ਮੇਰੋ ਕਹੀਅਤ ਬਿਰਦ॥
ਹੌਂ ਖਾਲਸੇ ਕੋ ਖਾਲਸਾ ਮੇਰੋ ॥ ਓਤ ਪੋਤਿ ਸਾਗਰ ਬੂੰਦੇਰੋ ॥

ਜਿਸ ਤਰ੍ਹਾਂ ਤਾਣੇ ਤੇ ਪੇਟੇ ਧਾਗੇ ਇਕ ਰੂਪ ਹੋ ਜਾਂਦੇ ਨੇ, ਜਿੱਦਾਂ ਬੂੰਦ ਤੇ ਸਮੁੰਦਰ ਇਕ ਰੂਪ ਹੋ ਜਾਂਦੇ ਨੇ, ਏਦਾਂ ਖਾਲਸਾ ਤੇ ਮੈਂ ਇਕ ਰੂਪ ਹੋ ਗਏ ਹਾਂ। ਮੇਰੇ ਵਿਚ ਤੇ ਖਾਲਸੇ ਵਿਚ ਕੋਈ ਭੇਦ ਨਹੀਂ ਰਿਹਾ। ਜੋਗੀ ਅੱਲਾ ਯਾਰ ਖਾਂ ਨੇ ਮੁਸਲਮਾਨ ਹੁੰਦਿਆਂ ਹੋਇਆਂ ਇਕ ਬਚਨ ਲਿਖਿਆ ਕਿ ਚਮਕੌਰ ਦੀ ਗੜ੍ਹੀ ਵਿਚ ਜਦੋਂ ਸਿੱਖ ਥੱਕੇ-ਮਾਂਦੇ ਪਏ ਸਨ, ਗਰੀਬ-ਨਿਵਾਜ ਡੇਢ ਘੜੀ ਰਾਤ ਗਈ ਆਪਣੇ ਤੰਬੂ 'ਚੋਂ ਨਿਕਲੇ। ਆਪਣਿਆਂ ਸਿੱਖਾਂ ਦੀ ਹਾਲਤ ਵੇਖੀ। ਥੱਕੇ ਹੋਏ ਕਈ ਦਿਨਾਂ ਦੇ ਭੁੱਖੇ ਚਮਕੌਰ ਦੀ ਗੜ੍ਹੀ ਵਿਚ ਲੇਟੇ ਪਏ ਨੇ। ਅੱਲਾ ਯਾਰ ਖਾਂ ਇਕ ਮੁਸਲਮਾਨਾਂ ਦਾ ਬਚਨ ਹੈ। ਉਹ ਇਹ ਗੱਲ ਕਹਿੰਦਾ ਕਿ "ਚੁਮਾ ਕਭੀ ਦਹਨ" ਜੇ ਕਿਸੇ ਸਿੱਖ ਦੇ ਸਿਰ ਵੱਲੋਂ ਦੀ ਲੰਘੇ ਹਨ ਵੇਖਦੇ ਵੇਖਦੇ ਸਿੱਖਾਂ ਨੂੰ ਤੇ ਉਹਦਾ ਮੂੰਹ ਚੁੰਮਿਆ। "ਚੂਮਾ ਕੁਭੀ ਦਹਨ ਗਲੂ ਚੂਮਨੇ ਬੈਠੇ।" ਸਿੱਖ ਦੇ ਸਿਰਹਾਣੇ ਬਹਿ ਕੇ ਸਿਰ ਚੁੱਕ ਕੇ ਆਪਣੀ ਗੋਦ ਵਿਚ ਰੱਖ ਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਉਹਦੇ ਗਲੇ ਦੀਆਂ ਨਾੜਾਂ ਲੱਗ ਪਏ ਚੁੰਮਣ, ਉਹਦੇ ਗਲੇ ਦੀਆਂ ਰਗਾਂ ਲੱਗ ਪਏ ਚੁੰਮਣ। ਸਿੱਖਾ ! ਧੰਨ ਹੈ ਤੇਰਾ ਗਲਾ ਤੇ ਧੰਨ ਇਹ ਤੇਰੇ ਗਲੇ ਦੀਆਂ ਨਾੜਾਂ, ਧੰਨ ਇਹ ਤੇਰੇ ਗਲੇ ਦੀਆਂ ਅੰਤੜੀਆਂ, ਜਿਨ੍ਹਾਂ ਨੇ ਕੱਲ੍ਹ ਚਮਕੌਰ ਦੀ ਧਰਤੀ ਵਿਚ ਦੇਸ਼ ਦੀ ਆਜ਼ਾਦੀ ਖਾਤਰ ਲੜਦਿਆਂ-ਲੜਦਿਆਂ ਦੁਸ਼ਮਣ ਦੀ ਤੇਜ ਤਲਵਾਰ ਦਾ ਵਾਰ ਆਪਣੇ ਉਤੇ ਸਹਿ ਕੇ ਤਨ ਨਾਲੋਂ ਆਪਣਾ ਸਿਰ ਜੁਦਾ ਕਰਵਾ ਕੇ ਸਿੱਖੀ ਸਿਦਕ ਤੋੜ ਨਿਭਾ ਦੇਣਾ। ਤੇਰਾ ਗਲਾ ਧੰਨ, ਤੇਰੇ ਗਲੇ ਦੀਆਂ ਨਾੜਾਂ ਧੰਨ "ਚੂਮਾ ਕਭੀ ਦੂਹਨ ਗਲੂ ਚੂਮਨੇ ਬੈਠੇ" ਤੇ ਜੇ ਕਿਸੇ ਸਿੱਖ ਦੇ ਪੈਰਾਂ ਵੱਲੋਂ ਦੀ ਲੰਘੇ। ਇਕ ਮੁਸਲਮਾਨ ਇਹ ਗੱਲ ਮੰਨਦਾ ਕਹਿੰਦਾ। "ਪਿਅੰਕੀ ਜੋ ਆਏ" ਜੇ ਕਿਸੇ ਸਿੱਖ ਦੇ ਪੈਰਾਂ ਵੱਲੋਂ ਦੀ ਲੰਘੇ ਤਾਂ "ਕਦਮ ਚੂਮਨੇ ਬੈਠੇ।" ਹਜ਼ੂਰ ਬਹਿ ਗਏ, ਉਹਦੇ ਕਦਮ ਚੁੰਮੇ, ਉਹਦੇ ਪੈਰ ਚੁੰਮੇ : "ਸਿੱਖਾ ! ਧੰਨ ਤੇਰੇ ਪੈਰ ਨੇ ਜਿਨ੍ਹਾਂ ਭਣਕੇ ਹਰਨ ਦੀ ਤਰ੍ਹਾਂ ਚੌਂਕੜੀਆਂ ਮਾਰ-ਮਾਰ ਕੇ ਦੇਸ਼ ਦੀ ਆਜ਼ਾਦੀ ਦੀ ਖਾਤਰ ਮੈਦਾਨੇ ਜੰਗ ਵਿਚ ਕੁੱਦਣਾ ਹੈ, ਮੈਦਾਨੇ ਜੰਗ ਵਿਚ ਆਪਣੇ ਜੌਹਰ ਵਿਖਾਉਣੇ ਨੇ। ਤੇਰੇ ਇਹ ਚਰਨ ਧੰਨ !" ਏਦਾਂ ਆਪਣਿਆਂ ਮੁਰੀਦਾਂ ਦੀ ਪੂਜਾ ਕਰਦਾ ਮੈਂ ਕੋਈ ਪੀਰ ਨਹੀਂ ਵੇਖਿਆ। ਧੰਨ ਗੁਰੂ ਸਾਹਿਬ !

ਜਿਨ੍ਹਾਂ ਨੇ ਸਿੱਖੀ ਕਮਾਈ ਉਨ੍ਹਾਂ ਦਾ ਰੁਤਬਾ ਕਿੱਡਾ ਉਚਾ ਏ ! ਉਨ੍ਹਾਂ ਦੀ ਸ਼ਾਨੋ ਸ਼ੌਕਤ ਕਿੱਡੀ ਉਚੀ ਏ ! ਉਨ੍ਹਾਂ ਨਾਲ ਫਿਰ ਸਤਿਗੁਰੂ ਕਿੰਨਾ ਕੁ ਪਿਆਰ ਕਰਦਾ ਹੈ।

ਪਰ ਸਿੱਖੀ ਕਮਾਉਣੀ ਕਿੱਦਾਂ ? ਸਿੱਖ ਨੇ ਕਾਕਾ ਭੇਟ ਕਰ ਦਿੱਤਾ, ਮੱਥਾ ਟੇਕ ਦਿੱਤਾ, ਸਿੱਖੀ ਦੀ ਮੰਗ ਕੀਤੀ ਕਿ ਮੈਨੂੰ ਇਸ ਕਾਕੇ ਦੇ ਬਦਲੇ ਸਿੱਖ ਬਣਾ ਲਉ ਤੇ ਸ੍ਰੀਮਾਨ ਸਤਿਕਾਰ ਯੋਗ ਭਾਈ ਸਾਹਿਬ ਭਾਈ ਸੰਤੋਖ ਸਿੰਘ ਸਾਹਿਬ ਕਵੀ ਚੂੜਾਮਣੀ, ਉਨ੍ਹਾਂ ਨੇ ਆਪਣੇ 'ਨਾਨਕ ਪ੍ਰਕਾਸ਼' ਵਿਚ ਇਹ ਅੱਖਰ ਲਿਖੇ ਨੇ "ਤਿਹ ਕੇ ਬਚਨ ਸੁਣੇ ਜਗ ਸਾਈਂ।" ਜਗਤ ਦੇ ਮਾਲਕ ਬਾਬੇ ਨਾਨਕ ਨੇ ਉਸ ਸਿੱਖ ਦੇ ਬਚਨ ਸੁਣੇ, ਜਿਹੜਾ ਕਹਿੰਦਾ, "ਕਾਕਾ ਭੇਟ ਲੈ ਲਉ ਤੇ ਮੈਨੂੰ ਸਿੱਖੀ ਦੇ ਦਿਉ।"

"ਤਿਹ ਕੇ ਬਚਨ ਸੁਣੇ ਜਗ ਸਾਈਂ ॥ ਕਾਸਟ ਕਰਵਾਇਓ ਇਕ ਠਾਈਂ ॥"

ਸੇਵਕਾਂ ਨੂੰ ਕਹਿ ਕੇ ਸੁੱਕੀਆਂ-ਸੁੱਕੀਆਂ ਲੱਕੜਾਂ ਦਾ ਖੁਲ੍ਹੇ ਮੈਦਾਨ ਵਿਚ ਵੱਡਾ ਸਾਰਾ ਢੇਰ ਲਵਾ ਦਿੱਤਾ ! ਜਿਸ ਵੇਲੇ ਢੇਰ ਉੱਚਾ ਹੋ ਗਿਆ ਤੇ "ਪਾਵਕ ਫੂਕੀ।" ਸੁੱਕੀਆਂ ਹੋਈਆਂ ਲੱਕੜਾਂ ਨੂੰ ਸਰਕਾਰ ਨੇ ਅੱਗ ਲਵਾ ਦਿੱਤੀ। "ਬਚਨ ਉਚਾਰ॥" ਜਿਸ ਵੇਲੇ ਅੱਗ ਭੜਕੀ ਉਹਦੇ ਸੇਕ ਤੋਂ ਡਰਦੇ ਲੋਕ ਦਸ-ਦਸ ਕਦਮ ਪਿਛਾਂਹ ਹਟ ਗਏ ਤੇ ਸਾਹਿਬਾਂ ਨੇ ਜਿਹੜਾ ਅੱਠਾਂ ਵਰ੍ਹਿਆਂ ਦਾ ਕਾਕਾ ਭੇਟ ਕੀਤਾ ਉਹਨੂੰ ਬਚਨ ਉਚਾਰਿਆ, ਉਹਦੇ ਨਾਲ ਬਚਨ ਕਰਨ ਲੱਗ ਪਏ, "ਕਾਕਾ ! ਤੇਰਾ ਪਿਉ ਤੈਨੂੰ ਭੇਟ ਚਾੜ੍ਹ ਕੇ, ਤੈਨੂੰ ਮੱਥਾ ਟੇਕ ਕੇ, ਤੈਨੂੰ ਗੁਰਬਾਣੀ ਦੇ ਭੇਟ ਅਰਦਾਸ ਕਰਾ ਕੇ ਆਪ ਸਿੱਖੀ ਲੈਣਾ ਚਾਹੁੰਦਾ ਹੈ। ਕਾਕਾਂ ! ਵੇਖ ਲੈ ਜੇ ਆਪਣੇ ਪਿਉ ਨੂੰ ਸਿੱਖ ਬਣਾਉਣਾ ਈ ?

"ਪਾਵਕ ਫੂਕੀ ਬਚਨ ਉਚਾਰ ॥ ਜਾਵਹੁ ਲੜਕੇ ਅਗਨ ਮਝਾਰ ॥

ਜੇ ਆਪਣੇ ਪਿਉ ਨੂੰ ਸਿੱਖੀ ਲੈ ਕੇ ਦੇਣੀ ਹੈ ਤਾਂ ਕਾਕਾ ! ਤੂੰ ਬਲਦੀ ਹੋਈ ਅੱਗ ਵਿਚ ਛਾਲ ਮਾਰ ਦੇਹ।" ਜਿਸ ਵੇਲੇ ਸੁਣਿਆਂ ਤਾਂ ਕਾਕੇ ਨੇ ਬਚਨ ਕੀਤਾ। ਕਹਿਣ ਲੱਗਾ, "ਗੁਰਦੇਵ ! ਇਹ ਕਰਮ ਫਿਲਾਸਫੀ ਹੈ, ਇਹਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ! ਪਤਾ ਨਹੀਂ ਕਿੰਨੀ ਕੁ ਵਾਰਾਂ ਇਹ ਮੇਰਾ ਪਿਉ ਬਣਿਆਂ ਹੋਵੇ ਤੇ ਕਿੰਨੀ ਕੁ ਵੇਰਾਂ ਮੈਂ ਇਹਦਾ ਪਿਉ ਬਣਿਆ ਹੋਵਾਂ ! ਕਰਮ ਦੀ ਗਤੀ ਜੋ ਹੋਈ ! ਪਰ ਜੇ ਐਸ ਜਾਮੇ 'ਚ ਮੇਰੇ ਅੱਗ ਵਿਚ ਪੈ ਕੇ ਸੜ ਕੇ ਸੁਆਹ ਹੋਇਆਂ ਮੇਰੇ ਪਿਤਾ ਨੂੰ ਤੇਰੀ ਸਿੱਖੀ ਮਿਲ ਜਾਏ ਤਾਂ ਮੈਂ ਸਮਝਾਂਗਾ ਸੌਦਾ ਸਸਤਾ, ਮੈਂ ਸਮਝਾਂਗਾ ਮੇਰਾ ਜਨਮ ਸਫਲਾ ਹੋ ਗਿਆ। ਮੈਂ ਸਮਝਾਂਗਾ ਮੇਰਾ ਪਿਤਾ ਮੇਰੇ ਬਦਲੇ 'ਚ ਆਪ ਜੀ ਦੀ ਚਰਨੀਂ ਲੱਗ ਕੇ ਸਿੱਖ ਆਪ ਜੀ ਦਾ ਬਣ ਗਿਆ, ਮੇਰਾ ਖਾਨਦਾਨ ਸੁਧਰ ਜਾਏਗਾ। ਇਹ ਸੌਦਾ ਕੋਈ ਮਹਿੰਗਾ ਨਹੀਂ।"

"ਅਰੇ ਤੂੰ ਪਰਮਾਦੀ ਜੀਵ ਮਨ ਕੋ ਗੁਮਾਨ ਤਜ,
ਕਛੂ ਨਾ ਭਰੋਸਾ ਇਸ ਬੁਲਬੁਲੇ ਗਾਤ ਕਾ ॥ (ਗਾਤ ਮਾਇਨੇ ਵਜੂਦ)
ਕਾਹੇ ਫੇਟ ਬਾਂਧੀ ਨਿਤ ਅਘ ਓਘ ਸੰਚਨ ਕਉ
ਜੀਵਨ ਅਲਪ ਕਾਲ ਜੈਸ ਕੰਜ ਪਾਤ ਕਾ।
ਕੋਊ ਨਾ ਸਹਾਇ ਤੇਰੀ ਕਰੇ ਪਰਲੋਕ ਬੀਚ,

ਝੂਠਾ ਹੈ ਪਿਆਰ ਸਭ ਭਰਾਤ ਤਾਤ ਮਾਤ ਕਾ।
ਕਹਤ ਪਊਖ ਭਜ ਨਾਮ ਪ੍ਰਮੇਸਰ ਕੋ,
ਜਗਤ ਸਹਾਇ ਬੀਚ ਬਾਸਾ ਇਕ ਰਾਤ ਕਾ।
ਅਰੇ ਤੂੰ ਪਰਮਾਦੀ ਜੀਵ ਮਨ ਕੋ ਗੁਮਾਨ ਤਜ,
ਥੋਰੀ ਸੀ ਬਾਤ ਪਰ ਕਾਹੇ ਕਾ ਗੁਮਾਨ ਹੈ?
ਜਿਹ ਲਹੂ ਭਰੀ ਮਿਝ ਭਰੀ ਪਾਕ ਭਰੀ ਪੀਕ ਭਰੀ,
ਨਿਸਚੇ ਕਰ ਮਾਨੋ ਦੁਰਗੰਦ ਹੀ ਕੀ ਕਾਨ ਹੈ।
ਸੀਂਡ ਬਹੇ ਨਾਕਨ ਕੇ ਗੀਡ ਚਲੇ ਆਂਖਨ ਤੇ,
ਘਿਰਣਾ ਭਰੀ ਪੋਟ ਮਲਮੂਤਰ ਅਸਥਾਨ ਹੈ।
ਕਹਤ ਪਊਖ ਭਜ ਨਾਮ ਪ੍ਰਮੇਸਰ ਕਾ,
ਯਾਹੀ ਤੇ ਗੁਮਾਨ ਤੈਂ ਭੁਲਾਇਓ ਭਗਵਾਨ ਹੈ।

ਏਸ ਕਾਂਇਆਂ ਦਾ ਮਾਨ ਕਰਕੇ ਰੱਬ ਭੁਲਾ ਦਿੱਤਾ ਈ ! ਏਹ ਤਾਂ ਮਲਮੂਤਰ ਦਾ ਇਕ ਥੈਲਾ ਹੈ ! ਪਿਤਾ ਜੀ ! ਏਹ ਮਲਮੂਤਰ ਦਾ ਥੈਲਾ ਕੁਰਬਾਨ ਕੀਤਿਆਂ ਜੇ ਪਿਤਾ ਜੀ ਨੂੰ ਸਿੱਖੀ ਮਿਲ ਜਾਏ ਤਾਂ ਇਹ ਸੌਦਾ ਸਸਤਾ ! ਏਨੀ ਗੱਲ ਕਹਿ ਕੇ ਅਰਦਾਸ ਕਰਕੇ ਨਿਰੰਕਾਰ ਦਾ ਆਸਰਾ ਲੈ ਕੇ ਧੰਨ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਚਰਨਾਂ ਦੀ ਓਟ ਲੈ ਕੇ ਕਾਕੇ ਨੇ ਛਾਲ ਮਾਰੀ । ਮਾਈਆਂ ਦੇ ਵੇਖਦਿਆਂ, ਸਿਧ ਨਾਥਾਂ ਦੇ ਵੇਖਦਿਆਂ, ਮੇਲੇ ਦੀ ਜਨਤਾ ਦੇ ਵੇਖਦਿਆਂ ਵੇਖਦਿਆਂ ਕਾਕੇ ਨੇ ਬਲਦੀ ਹੋਈ ਅੱਗ ਵਿਚ ਛਾਲ ਮਾਰ ਦਿੱਤੀ । ਇਹਨੂੰ ਕਹਿੰਦੇ ਨੇ ਸਪੁਤ੍ਰ ਪੁੱਤਰ, ਪਿਤਾ ਦਾ ਕਹਿਣਾ ਮੰਨ ਕੇ ਉਹਦੇ ਤੋਂ ਕਦੇ ਪਿਛਾਂਹ ਨਾ ਹਟਣ ਵਾਲਾ । ਜਿਸ ਵੇਲੇ ਛਾਲ ਮਾਰ ਦਿੱਤੀ ਜਿਹੜੀਆਂ ਮਾਈਆਂ ਬੈਠੀਆਂ ਸਨ ਕੋਮਲ ਦਿਲ ਦੀਆਂ ਮਾਲਕ, ਮੁਲਾਇਮ ਦਿਲ ਦੀਆਂ ਮਾਲਕ, ਜਿਨ੍ਹਾਂ ਦੇ ਅੰਦਰ ਬੜੀ ਦਇਆ ਹੁੰਦੀ ਏ, ਉਹ ਮਾਈਆਂ ਦੌੜ ਕੇ ਜਥੇ ਦਾ ਜਥਾ ਉਠ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ 'ਤੇ ਢਹਿ ਪਈਆਂ, "ਬਾਬਾ ! ਇਹ ਕੀ ਕੀਤਾ ਈ ? ਕਿਸੇ ਮਾਂ ਦਾ ਇੱਕੋ ਇੱਕ ਕਾਕਾ ਅੱਗ ਵਿਚ ਪਾ ਕੇ ਸਾੜ ਕੇ ਸੁਆਹ ਕਰ ਦਿੱਤਾ ਈ ! ਨਾਨਕ ਜੀ ! ਕੱਲ੍ਹ ਏਹਦੀ ਮਾਂ ਨੇ ਏਹਦੇ ਕੱਪੜੇ ਧੋ ਕੇ, ਸੁਕਾ ਕੇ ਏਹਦੇ ਗਲ ਪਾਏ, ਏਹਦੇ ਪਿਉ ਦੇ ਧੋਤੇ, ਇਨ੍ਹਾਂ ਨੂੰ ਮੇਲੇ ਭੇਜਿਆ । ਅੱਜ ਜਿਉਂ ਜਿਉਂ ਦਿਨ ਬੀਤੇਗਾ... ਮਾਈਆਂ ਨੇ ਹੱਥ ਜੋੜੇ ਹੋਏ, ਅੱਖੀਆਂ ਬਰਸਣ, "ਬਾਬਾ ! ਜਿਉਂ ਜਿਉਂ ਦਿਨ ਬੀਤੇਗਾ, ਜਿਉਂ ਜਿਉਂ ਰਾਤ ਨੇੜੇ ਆਵੇਗੀ ਇਹਦੀ ਮਾਂ ਆਪਣੇ ਘਰ ਦੇ ਦਰਵਾਜ਼ੇ ਵਿਚ ਖਲੋ ਕੇ ਅੱਚਲ ਵੱਲ ਵੇਖੇਗੀ ਕਦੋਂ ਮੇਰਾ ਪੁੱਤ ਆਉਂਦਾ ਹੈ, ਪਿਉ ਦੀ ਉਂਗਲੀ ਫੜ ਕੇ ਆਉਂਦਾ ਏ ! ਮੈਂ ਉਹਦੇ ਕੋਲੋਂ ਮੇਲੇ ਦਾ ਹਾਲ ਪੁੱਛਾਂਗੀ ! ਜੇ ਹੋਰ ਜ਼ਰਾ ਕੁ ਹਨੇਰਾ ਹੋ ਜਾਏਗਾ, ਮਮਤਾ ਦੀ ਮਾਰੀ ਮਾਂ ਕੋਠੇ 'ਤੇ ਚੜ੍ਹ ਜਾਏਗੀ, ਆਪਣੇ ਪੁੱਤਰ

ਔਰ ਪਤੀ ਦੇ ਰਾਹ ਉਤੇ ਆਪਣੀਆਂ ਅੱਖਾਂ ਵਿਛਾ ਦਏਗੀ। ਘੜੀਆਂ ਗਿਣੇਗੀ, ਚਸੇ ਗਿਣੇਗੀ, ਕਦੋਂ ਮੇਰਾ ਘਰ ਮੈਨੂੰ ਵਸਦਾ-ਰਸਦਾ ਨਜ਼ਰ ਆਵੇਗਾ ! ਹੇ ਬਾਬਾ! ਜਦੋਂ ਇਸ ਕਾਕੇ ਦਾ ਪਿਉ ਘਰ ਜਾ ਕੇ ਆਪਣੀ ਪਤਨੀ ਨੂੰ ਦੱਸੇਗਾ ਕਿ ਤੇਰਾ ਪੁੱਤਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅੱਗ ਵਿਚ ਪਾ ਕੇ ਸਾੜ ਦਿੱਤਾ, ਸ੍ਰੀ ਗੁਰੂ ਨਾਨਕ ਜੀ, ਉਸ ਮਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਏਗੀ, ਉਸ ਮਾਂ ਵਾਸਤੇ ਚਾਰ-ਚੁਫੇਰੇ ਕਾਲੀ-ਬੋਲੀ ਰਾਤ ਪੈ ਜਾਏਗੀ, ਉਸ ਮਾਂ ਦਾ ਸਿਖਰ ਦੁਪਹਿਰਾਂ ਦਾ ਸੂਰਜ ਡੁੱਬ ਜਾਏਗਾ, ਉਸ ਮਾਂ ਦੀ ਜ਼ਿੰਦਗੀ ਦੇ ਬਗੀਚੇ ਵਿਚ ਬਹਾਰ ਦੀ ਥਾਂ ਪੱਤਝੜ ਆ ਜਾਏਗੀ। ਉਹ ਮਾਂ ਰੋਂਦੀ ਅੰਨੀ ਹੋ ਜਾਏਗੀ। ਨਾਨਕ ਜੀ! ਇਹ ਕੀ ਕੀਤਾ ? ਜੇ ਬੁੱਢੇ ਬੁੱਢੇ ਅਗਾਂਹ ਹੋਏ ਬਾਬਾ ! ਬਾਪ ਦੀ ਜ਼ਿੰਦਗੀ ਦਾ ਸਹਾਰਾ ਪੁੱਤਰ ਹੁੰਦਾ ਹੈ। ਜਿਹੜਾ ਪੁੱਤਰ ਤੁਸਾਂ ਅੱਗ ਵਿਚ ਪਾ ਕੇ ਸਾੜ ਦਿੱਤਾ, ਬੁੱਢੇ-ਵਾਰੇ ਇਹਦਾ ਪਿਉ ਕੀ ਕਰੇਗਾ ?" ਸਿੱਧ ਨਾਥ ਕੰਨ-ਪਾਟੇ ਜੋਗੀ ਦੁਹਾਈ ਦੇ ਕੇ ਬਾਬੇ ਦੀ ਨਿੰਦਿਆ ਕਰ ਰਹੇ ਸਨ, "ਓ ਲੋਕੋ, ਆਹ ਤੁਹਾਡਾ ਨਾਨਕ ਲੋਕਾਂ ਦੇ ਲੜਕੇ ਅੱਗ ਵਿਚ ਪਾ ਕੇ ਸਾੜਨ ਵਾਲਾ! ਸਾਡੇ ਕੋਲ ਕੋਈ ਔਂਤਰਾ ਆਵੇ, ਅਸੀਂ ਮੰਤਰ, ਪੜ੍ਹ ਕੇ ਉਹਨੂੰ ਤਵੀਤ ਦੇ ਦੇਈਏ, ਉਹਦੇ ਘਰ ਲੜਕਾ ਜੰਮ ਪਏ, ਸੌਂਤਰਾ ਬਣ ਜਾਏ। ਓ ਤੁਹਾਡਾ ਗੁਰੂ ਨਾਨਕ ਸੌਂਤਰਿਆਂ ਨੂੰ ਔਂਤਰੇ ਕਰਨ ਵਾਲਾ ! ਸਿਧ ਨਾਥ ਨਿੰਦਿਆ ਕਰ ਰਹੇ ਸਨ। ਮਾਈ ਭਾਈ ਰੋ ਰਹੇ ਸਨ ਤੇ ਬਾਬਾ ਨਾਨਕ ਜੀ ਸਮਾਧੀ ਵਿਚ ਅਰੂੜ ਸਨ। ਜਦੋਂ ਬਹੁਤੀ ਪਰੇਸ਼ਾਨੀ ਵਧ ਗਈ, ਹਜ਼ੂਰ ਦੇ ਨੇਤਰ ਖੁੱਲ੍ਹੇ ਤੇ ਸਭ ਤੋਂ ਪਹਿਲਾਂ ਅੱਗ ਵੱਲ ਧਿਆਨ ਮਾਰਿਆ ਪਈ ਅੰਦਰੋਂ ਰੌਲਾ-ਗੌਲਾ ਆਉਂਦਾ ਕਿ ਨਹੀਂ? ਅੱਗ ਵਿਚੋਂ ਚੀਕਾਂ ਨਿਕਲੀਆਂ ਨੇ ਕਿ ਨਹੀਂ? ਲੜਕਾ ਪੁਕਾਰ ਕਰਦਾ ਏ ਕਿ ਨਹੀਂ ? ਪਰ ਕੋਈ ਅਵਾਜ਼ ਨਹੀਂ ਆਉਂਦੀ। ਬਾਬੇ ਨਾਨਕ ਨਿਰੰਕਾਰੀ ਨੇ ਸੰਗਤ ਵੱਲ ਧਿਆਨ ਮਾਰਿਆ ਕਿ ਲੜਕੇ ਦੇ ਪਿਉ ਦਾ ਕੀ ਹਾਲ ਏ ? ਰੋਂਦਾ ਏ ਕਿ ਨਹੀਂ ? ਜਿਸ ਵੇਲੇ ਸਰਕਾਰ ਨੇ ਧਿਆਨ ਮਾਰ ਕੇ ਵੇਖਿਆ ਤਾਂ ਲੜਕੇ ਦੇ ਪਿਉ ਦੀ ਸਮਾਧੀ ਲੱਗੀ ਹੋਈ ਸੀ, ਅੱਧ ਖੁਲ੍ਹੇ ਜਿਹੇ ਨੈਣ, ਸ਼ਬਦ-ਸੁਰਤ ਕਾ ਮਿਲਾਪ, ਆਪਣੇ ਪਿਆਰੇ ਦੇ ਨਾਮ ਦਾ ਅੰਮ੍ਰਿਤ ਪੀ ਰਿਹਾ ਸੀ। ਉਹਨੂੰ ਪਤਾ ਈ ਨਹੀਂ ਸੀ ਕਿ ਕਾਕਾ ਅੱਗ ਵਿਚ ਪਿਆ ਕਿ ਨਹੀਂ ਪਿਆ ? ਮੇਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਕਾ ਦਿੰਦੇ ਨੇ : ***"ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ"*** ਪਿਉ ਅੰਮ੍ਰਿਤ ਦੇ ਪਿਆਲੇ ਪੀ ਰਿਹਾ ਸੀ। ਕੋਈ ਦੁੱਖ ਨਹੀਂ, ਕੋਈ ਦਰਦ ਨਹੀਂ। ਭਾਈ ਸਾਹਿਬ ਭਾਈ ਸੰਤੋਖ ਸਿੰਘ ਸਾਹਿਬ ਜੀ ਨੇ ਅੱਖਰ ਲਿਖੇ ਨੇ ਨਾਨਕ ਪ੍ਰਕਾਸ਼ ਵਿਖੇ "ਸਿਖ ਤਿਖਾਨ ਕੋ ਤਾਤ ਹੈ" ਕਿਸੇ ਰਾਮਗੜ੍ਹੀਏ ਸਿੱਖ ਦਾ ਲੜਕਾ ਸੀ ਅੱਠਾਂ ਵਰ੍ਹਿਆਂ ਦਾ। "ਆਨ ਚੜ੍ਹਾਇਓ ਸੋਇ।" ਉਸ ਉਹ ਕਾਕਾ ਸ੍ਰੀ ਗੁਰੂ ਨਾਨਕ ਜੀ ਨੂੰ ਮੱਥਾ ਟੇਕ ਦਿੱਤਾ। "ਪਾਵਕ ਮੇ ਤਿਹ ਪਾਵਹੀ,"

ਸ੍ਰੀ ਗੁਰੂ ਨਾਨਕ ਜੀ ਨੇ ਉਹਨੂੰ ਅੱਗ ਵਿਚ ਪਾ ਕੇ ਸਾੜ ਦਿੱਤਾ "ਅਤ ਅਚਰਜ ਮਨ ਹੋਇ ।" ਮਨ ਵਿਚ ਬੜੀ ਅਸਚਰਜਤਾ ਆਉਂਦੀ ਏ । ਸਿੱਖ ਨੇ ਸ਼ਰਧਾ ਨਾਲ ਕਾਕਾ ਭੇਟਾ ਕੀਤਾ; ਹਜ਼ੂਰ ਨੇ ਅੱਗ ਵਿਚ ਪਾ ਕੇ ਸਾੜ ਦਿੱਤਾ ! ਇਹ ਕੌਤਕ ਕੀ ਏ ? ਭਾਈ ਸੰਤੋਖ ਸਿੰਘ ਨੇ ਅੱਖਰ ਲਿਖੇ ਨੇ । "ਤਿਹ ਬਾਲਕ ਕੋ ਨਾਇ ॥ ਸੰਗਤੀਆ ਪਿਤ ਨੇ ਧਰਿਓ ॥" ਓਸ ਅੱਠਾਂ ਵਰ੍ਹਿਆਂ ਦੇ ਕਾਕੇ ਦਾ ਨਾਂ ਰਾਮਗੜੀਏ ਸਿੰਘ ਨੇ ਬੜੇ ਪਿਆਰ ਦੇ ਨਾਲ ਭਾਈ ਸੰਗਤੀਆ ਰਖਿਆ ਸੀ।

"ਨਰ ਨਾਰੀ ਬਿਸਮਾਇ ਗੁਰ ਗਤ ਲਖੀ ਨਾ ਜਾਵਈ ॥"

ਇਸਤ੍ਰੀ ਪੁਰਖ ਹੈਰਾਨ ਸੀ। ਸ੍ਰੀ ਗੁਰੂ ਜੀ ਦਾ ਕੌਤਕ ਨਹੀਂ ਸਮਝ ਵਿਚ ਆਉਂਦਾ ਕਿ ਕਿਉਂ ਸਾੜ ਦਿੱਤਾ ਅੱਗ ਵਿਚ ਪਾ ਕੇ ? ਜਿਸ ਵੇਲੇ ਪਿਉ ਨੂੰ ਟਿਕਿਆ ਹੋਇਆ ਵੇਖਿਆ, ਬੱਚੇ ਦੀਆਂ ਚੀਖਾਂ ਨਹੀਂ ਆਈਆਂ, ਟਿਕਿਆ ਹੋਇਆ ਵੇਖਿਆ ਤੇ ਭਾਈ ਸੰਤੋਖ ਸਿੰਘ ਜੀ ਕਹਿੰਦੇ ਨੇ :

"ਅਤ ਪ੍ਰਸੀਦ ਭਏ ਗੁਨ ਖਾਨੀ ॥" ਗੁਣਾਂ ਦੀ ਖਾਣ ਬਾਬਾ ਨਾਨਕ ਜੀ ਖੁਸ਼ ਹੋ ਗਏ ਲੜਕੇ ਔਰ ਲੜਕੇ ਦੇ ਬਾਪ ਉਤੇ।

"ਕਰਨ ਕ੍ਰਿਤਾਰਥ ਉਚਰੀ ਬਾਨੀ ॥"

ਲੜਕੇ ਔਰ ਉਹਦੇ ਬਾਪ ਤੇ ਉਨ੍ਹਾਂ ਦੇ ਖਾਨਦਾਨ ਨੂੰ ਨਿਹਾਲ ਕਰਨ ਵਾਸਤੇ, ਸਰਕਾਰ ਨੇ ਬਚਨ ਬੋਲਿਆ । ਹਜ਼ੂਰ ਕਾਕੇ ਨੂੰ ਕਹਿਣ ਲੱਗੇ :

"ਨਿਕਸਹੁ ਆਵਹੁ ਬਾਹਰ ਕੋ ਟੂਟ ਗਏ ਜਮ ਜਾਲ ॥"

ਓ ਭਾਈ ਸੰਗਤੀਆ ਛਾਲ ਮਾਰ ਕੇ ਅੱਗ ਵਿਚੋਂ ਬਾਹਰ ਆ ਜਾ ! ਤੇਰੀਆਂ ਜਮਾਂ ਦੀਆਂ ਜਾਲੀਆਂ ਟੁੱਟ ਗਈਆਂ ! ਤੇਰੇ ਜਮਾਂ ਦੇ ਜਾਲ ਸੜ ਕੇ ਸੁਆਹ ਹੋ ਗਏ ! ਤੇਰਾ ਜੰਮਣ-ਮਰਨ ਅੱਜ ਤੋਂ ਕੱਟਿਆ ਗਿਆ !

"ਨਿਕਸਹੁ ਆਵਹੁ ਬਾਹਰ ਕੋ, ਟੂਟ ਗਏ ਜਮ ਜਾਲ ॥
ਜਨਮ ਮਰਨ ਤੇ ਰਹਤ ਭਾ, ਅਬ ਤੇ ਸਦਾ ਨਿਹਾਲ ॥

ਅੱਜ ਤੋਂ ਤੂੰ ਤੇ ਤੇਰਾ ਖਾਨਦਾਨ ਸਦਾ ਵਾਸਤੇ ਨਿਹਾਲ-ਨਿਹਾਲ ਹੋ ਗਿਆ ! ਜਿਨ੍ਹਾਂ ਸਿੱਖੀ ਕਮਾਈ ਏ ਉਹ ਨਿਹਾਲ ਨੇ ! ਉਨ੍ਹਾਂ ਦੀ ਅਵਸਥਾ ਉਚੀ, ਉਨ੍ਹਾਂ ਦਾ ਰੁੱਤਬਾ ਉੱਚਾ, ਉਨ੍ਹਾਂ ਦੀ ਧੂੜ ਸ੍ਰੀ ਗੁਰੂ ਨਾਨਕ ਨਿਰੰਕਾਰੀ ਪੰਜਵੇਂ ਜਾਮੇ ਵਿਚ ਆ ਕੇ ਮੰਗਦੇ ਹਨ :

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ *(ਅੰਗ ੬੭੯)*

ਜਿਨ੍ਹਾਂ ਨੇ ਸਿੱਖੀ ਕਮਾਈ, ਉਨ੍ਹਾਂ ਦੇ ਚਰਨਾਂ ਦੀ ਧੂੜ ਹਜ਼ੂਰ ਮੰਗਦੇ ਨੇ। ਗੁਰੂ ਕਿਆ ਸਿੱਖਾ ! ਭਾਗ ਸੁਵੱਲੇ ਹੋ ਜਾਣਗੇ।

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ *(ਅੰਗ ੫੦)*

ਚੌਰਾਸੀ ਲੱਖ ਜੂਨਾਂ ਵਿਚ ਫਿਰਦਿਆਂ ਫਿਰਦਿਆਂ ਭਾਗਾਂ ਨਾਲ ਤੈਨੂੰ ਇਹ ਦੁਲੱਭ ਜਨਮ ਮਿਲ ਗਿਆ ਹੈ; ਖਸਮ ਦੀ ਸੰਭਾਲ ਕਰ; ਸੰਸਾਰ ਵਿਚ ਨਾ ਰੁੱਝ ! ਸੰਸਾਰ ਛੱਡਣ ਵਾਲਾ ਦਿਨ ਨੇੜੇ ਆ ਰਿਹਾ ਹੈ ! ਸਵਾਸ ਖਤਮ ਹੁੰਦੇ ਜਾਂਦੇ ਨੇ; ਅੰਨ ਮੁੱਕਦਾ ਜਾ ਰਿਹਾ ਈ ਤੇਰੇ ਹਿੱਸੇ ਦਾ ! ਪਾਣੀ ਮੁੱਕਦਾ ਜਾ ਰਿਹਾ ਈ ! ਇਸ ਸੰਸਾਰ ਤੋਂ ਤੈਨੂੰ ਕੂਚ ਕਰਨਾ ਪਏਗਾ ! ਖਸਮ ਦੀ ਸੰਭਾਲ ਕਰ ਸਤਿਨਾਮ ਸ੍ਰੀ ਵਾਹਿਗੁਰੂ ਦੇ ਨਾਮ ਨੂੰ ਸੰਭਾਲੋ ! ਨਾਮ ਦਾ ਸਿਮਰਨ ਕਰੀਏ ! ਨੇਕੀ ਨੂੰ ਅਪਣਾਈਏ ! ਬਦੀਆਂ ਵੱਲੋਂ ਬਚੀਏ ! ਵਾਹਿਗੁਰੂ ਦਾ ਸਿਮਰਨ ਕਰੀਏ ! ਕਿਰਤ ਚੰਗੀ ਹੋਵੇ ! ਬਿਰਤੀ ਉੱਚੀ ਹੋਵੇ ! ਹੱਥੋਂ ਕੁਝ ਦੇਣਾ ਆਉਂਦਾ ਹੋਵੇ ! ਚੁਗਲੀ ਨਿੰਦਾ ਵੱਲੋਂ ਜੁਬਾਨ ਨੂੰ ਲਗਾਮ ਦੇ ਲਈਏ ! ਕਿਸੇ ਦੇ ਰੂਪ-ਰੰਗ ਨੂੰ ਬਦ ਨਜ਼ਰ ਨਾਲ ਵੇਖਣਾ—ਇਧਰੋਂ ਅੱਖਾਂ ਹਟਾ ਲਈਏ ! ਕਿਸੇ ਦੇ ਬੁਰੇ ਕੰਮ ਨੂੰ ਜਾਣਾ—ਏਧਰੋਂ ਪੈਰ ਵਰਜ ਲਈਏ ! ਕੋਈ ਬੁਰਾ ਖੇਲ ਕਰਨਾ—ਏਧਰੋਂ ਹੱਥਾਂ ਨੂੰ ਹਟਾ ਲਈਏ ! ਐਨ ਅੰਦਰੋਂ ਬਾਹਰੋਂ ਸਿੱਖ ਬਣ ਕੇ 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਹੋ ਸਕੀਏ। ਇਨ੍ਹਾਂ ਅੱਖਰਾਂ ਨਾਲ ਤੁਹਾਡੇ ਕੋਲੋਂ ਖਿਮਾਂ ਦਾ ਜਾਚਕ ਹਾਂ। ਅੱਜ ਦੀਆਂ ਭੁੱਲਾਂ ਗਲਤੀਆਂ ਧੰਨ ਸ੍ਰੀ ਗੁਰੂ ਰਾਮਦਾਸ ਦੇ ਦਰ ਦਾ ਕੂਕਰ ਜਾਣ ਕੇ ਮਾਫ ਕਰਨੀਆਂ ! ਬਚਨ ਗੁਰੂ ਕਾ ਜਾਣ ਕੇ ਅੰਦਰ ਵਸਾਉਣਾ ਤਾਂ ਕਿ ਮੇਰਾ ਤੁਹਾਡਾ ਸਮਾਂ ਲੇਖੇ ਵਿਚ ਪੈ ਜਾਏ !

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹਿ ॥

❖ ❖ ❖

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ

*"ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥"*
(ਅੰਗ ੩੮੩)

*"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥"* (ਅੰਗ ੧੩੭੫)
*"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥
ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥"*
(ਅੰਗ ੬੭੯)

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥
"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥
ਸਿਮਰਉ ਸਿਮਰਿ ਮਿਸਰਿ ਸੁਖ ਪਾਵਉ...॥"* (ਉਹੀ)

ਗੁਰੂ ਕੀ ਪਰਮ ਸਤਿਕਾਰ ਯੋਗ ਸਾਜੀ-ਨਿਵਾਜੀ ਗੁਰੂ ਕਾ ਰੂਪ-ਸਰੂਪ ਸਾਧ ਸੰਗਤ ਜੀ, ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ, ਗੁਰਮੁਖ ਮਾਈ ਭਾਈ ਜੋ ਜੋ ਗਰੀਬ ਨਿਵਾਜ ਸਾਹਿਬ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਦਰਬਾਰ ਅੰਦਰ ਜੁੜ ਬੈਠੇ ਹੋ, ਜਿਨ੍ਹਾਂ-ਜਿਨ੍ਹਾਂ ਨੂੰ ਇਸ ਘੋਰ ਕਲਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਚਖੰਡ ਦਰਬਾਰ ਗੁਰਦੁਆਰੇ ਵਿਚ ਬੈਠਣ ਦਾ ਸਮਾਂ ਪ੍ਰਾਪਤ ਹੋਇਆ ਹੈ ਉਹ ਸਾਰੇ ਮਾਈ-ਭਾਈ ਆਪਾਂ ਰਲ-ਮਿਲ ਕੇ ਕੋਸ਼ਿਸ਼ ਕਰੀਏ ! ਹੇ ਸਤਿਗੁਰੂ ! ਸਾਡਾ ਮਨ ਕਿਸੇ ਤਰ੍ਹਾਂ ਸ਼ਬਦ ਵਿਚ ਰੁਝ ਜਾਏ, ਸ਼ਬਦ ਵਿਚ ਰਚ ਜਾਏ ! ਮੈਂ ਇਸ ਵਿਸ਼ਵਾਸ ਦਾ ਆਦਮੀ ਹਾਂ ਕਿ ਕਿਸੇ ਇੱਕ-ਅੱਧੇ ਸੱਜਣ ਦਾ ਵੀ ਮਨ ਜੇ ਸ਼ਬਦ ਨਾਲ ਪਰਚ ਗਿਆ ਹੈ ਤਾਂ ਸਮਝ ਲਉ ਸਾਡਾ ਸਤਿਸੰਗ ਕੀਤਾ ਹੋਇਆ ਸਫਲਾ ਹੋ ਗਿਆ ! ਸਤਿਸੰਗ ਵਿਚ ਆਇਆਂ ਮੈਨੂੰ ਇਹ ਬਚਨ ਪੜ੍ਹਨ ਦਾ ਮੌਕਾ ਮਿਲ ਗਿਆ ਤੇ ਤੁਹਾਨੂੰ ਇਹ ਬਚਨ ਸੁਣਨ ਦਾ ਮੌਕਾ ਮਿਲ ਗਿਆ :

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ... ॥" (ਉਹੀ)

ਮਨੁੱਖ ਜਿਤਨੇ ਜਤਨ ਕਰਦਾ ਹੈ ਸੁਖ ਵਾਸਤੇ ਕਰਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਡੇ ਮਨ ਦੀ ਹਾਲਤ ਬਿਆਨ ਕਰਦਿਆਂ ਹੋਇਆਂ ਅੰਮ੍ਰਿਤ ਬਚਨ ਉਚਾਰਨ ਕੀਤਾ ਹੈ :

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ (ਅੰਗ ੧੪੨੮)

ਅਸੀਂ ਜਿੰਨਾ ਪੂਜਾ ਪਾਠ, ਜਪ-ਤਪ ਕਰਦੇ ਹਾਂ, ਜੋ ਕੋਈ ਪੁੰਨ-ਦਾਨ ਅਸੀਂ ਕਰਦੇ ਹਾਂ, ਇਹ ਸਾਰਾ ਸੁਖਾਂ ਵਾਸਤੇ ਹੈ ਪਰ ਏਨਾਂ ਜਤਨ ਕਰਦਿਆਂ ਹੋਇਆਂ ਕਦੇ ਇਕਾਂਤ ਵਿਚ ਬੈਠ ਕੇ ਅਸੀਂ ਸੋਚੀਏ, ਕੀ ਅਸੀਂ ਸੁਖੀ ਹਾਂ ? ਤਾਂ ਸਾਡੇ ਅੰਦਰੋਂ ਖਾਹ-ਮਖਾਹ, ਬਦੋ-ਬਦੀ ਇਹ ਜੁਆਬ ਆ ਜਾਵੇਗਾ ਕਿ ਅਸੀਂ ਸੁਖੀ ਨਹੀਂ ਹਾਂ। ਪਾਕਿਸਤਾਨ ਬਣਨ ਤੋਂ ਪਹਿਲਾਂ ਨਾਲੋਂ ਗੁਰਦੁਆਰੇ ਬਹੁਤ ਬਣ ਗਏ ਨੇ। ਪਾਕਿਸਤਾਨ ਬਣਨ ਤੋਂ ਪਹਿਲਾਂ ਨਾਲੋਂ ਮੰਦਰ ਸ਼ਿਵਾਲੇ, ਠਾਕੁਰ ਦੁਆਰੇ, ਮਸੀਤਾਂ ਬਹੁਤੀਆਂ ਬਣ ਗਈਆਂ ਨੇ। ਜਿਸ ਤਰ੍ਹਾਂ ਸਿੱਖ ਗੁਰਦਵਾਰਿਆਂ ਵਿਚ ਪੜ੍ਹਦੇ ਸੀ 'ਮੇਰਾ ਸਿਰ ਜਾਵੇ ਤਾਂ ਜਾਵੇ ਸਿੱਖੀ ਸਿਦਕ ਨਾ ਜਾਵੇ!' ਇਸੇ ਰੀਸੇ ਆਰੀਆ ਸਮਾਜੀ ਵੀ ਆਪਣੇ ਆਰੀਆ ਸਮਾਜ ਭਵਨ ਵਿਚ ਪੜ੍ਹਨ ਲੱਗ ਪਏ, 'ਸਿਰ ਜਾਵੇ ਤੇ ਜਾਵੇ ਮੇਰਾ ਸਨਾਤਨ ਧਰਮ ਨਾ ਜਾਵੇ!' ਸਭ ਕੁਝ ਅੱਗੇ ਨਾਲੋਂ ਵਧੇਰੇ ਹੋ ਗਿਆ। ਸਨਾਤਨੀ ਵੀਰਾਂ ਨੇ ਸਿੱਖਾਂ ਦੀ ਰੀਸ ਕਰਕੇ ਗੋ-ਸੁਆਮੀ ਤੁਲਸੀ ਦਾਸ ਦੀ ਰਮਾਇਣ ਦੇ ਅਖੰਡ ਪਾਠ ਅਰੰਭ ਕਰ ਦਿੱਤੇ ਹਨ ਔਰ ਇਹ ਚੰਗਾ ਕੰਮ ਹੈ! ਚੰਗੀ ਰੀਸ ਹੈ, ਮਾੜੀ ਰੀਸ ਨਹੀਂ ਪਰ ਏਨਾਂ ਕੁਝ ਕਰਦਿਆਂ ਹੋਇਆਂ ਅਸੀਂ ਸੁਖੀ ਨਹੀਂ। ਐਨ ਈਮਾਨਦਾਰੀ ਨਾਲ ਅਸੀਂ ਵੇਖੀਏ, ਨਿਰਪੱਖ ਹੋ ਕੇ ਵੇਖੀਏ, ਤਾਂ ਇਹ ਬਚਨ ਸਾਡੇ ਉਤੇ ਅਠਾਰ੍ਹਾਂ ਆਨੇ ਘਟਦਾ ਹੈ ਕਿ :

"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ (ਅੰਗ ੧੩੮੨)

ਮੈਂ ਤੇ ਸਮਝਦਾ ਸਾਂ, ਮੈਂ ਹੀ ਦੁਖੀ ਹਾਂ। ਸਾਹਿਬ ਕਹਿੰਦੇ ਨੇ, ਨਹੀਂ! ਸਾਰਾ ਜਗਤ ਹੀ ਦੁਖੀ ਹੈ। ਜ਼ਰਾ ਕੁ ਉੱਚੇ ਹੋ ਕੇ ਵੇਖਿਆ ਤਾਂ ਇਹ ਦੁੱਖਾਂ ਦੀ ਅੱਗ, ਦੁੱਖਾਂ ਦੀ ਜੁਆਲਾ ਘਰ-ਘਰ ਵਿਚ ਭੜਕ ਰਹੀ ਏ, ਘਰ-ਘਰ ਵਿਚ ਬਲ ਰਹੀ ਏ; ਕੋਈ ਨੌਂਹ, ਸੱਸ ਵੱਲੋਂ ਦੁਖੀ ਏ; ਕੋਈ ਸੱਸ, ਨੌਂਹ ਵੱਲੋਂ ਦੁਖੀ ਏ। ਕੋਈ ਪਿਉ, ਪੁੱਤ ਵੱਲੋਂ ਦੁਖੀ ਏ; ਕੋਈ ਪੁੱਤ ਪਿਉ ਵੱਲੋਂ ਦੁਖੀ ਏ। ਕੋਈ ਸਹੁਰਾ ਜਵਾਈ ਵੱਲੋਂ ਦੁਖੀ ਏ; ਕੋਈ ਜਵਾਈ ਸਹੁਰੇ ਵੱਲੋਂ ਦੁਖੀ ਏ। ਭਰਾ ਭਰਾਵਾਂ ਦਾ ਆਪਸ ਵਿਚ ਜੰਗ ਹੈ। ਸਮਾਜ ਵਿਚ ਵੇਖੋ ਤੇ ਬੇਚੈਨੀ ਹੈ। ਕਿਸੇ ਪਾਸੇ ਤੁਸੀਂ ਨਜ਼ਰ ਮਾਰ ਕੇ ਵੇਖ ਲਵੋ ਕਿ ਚੈਨ ਨਜ਼ਰ ਨਹੀਂ ਆਉਂਦੀ। ਚੈਨ ਦੀ ਕਿਰਨ ਕਿਤਿਓਂ ਚਮਕਦੀ ਹੋਈ ਨਜ਼ਰ ਨਹੀਂ ਆਉਂਦੀ। ਹਰ ਇਕ ਦੇਸ਼ ਵਿਚ—ਅਫਗਾਨਿਸਤਾਨ ਨੂੰ ਲੈ ਲਓ, ਈਰਾਨ ਲੈ ਲਓ, ਪਾਕਿਸਤਾਨ ਲੈ ਲਓ, ਹਿੰਦੋਸਤਾਨ ਲੈ ਲਓ, ਤੇ ਇੰਗਲਸਤਾਨ ਆਦਿ ਵੀ ਜਿਥੇ ਧਿਆਨ ਮਾਰ ਕੇ ਵੇਖੋ ਰੇਡੀਓ ਵਿਚ, ਟਰਾਂਜ਼ਿਸਟਰਾਂ ਵਿਚ ਕੀ, ਟੈਲੀਵਿਜ਼ਨਾਂ 'ਤੇ ਕੀ, ਹਰ ਪਾਸੇ ਦੀਆਂ ਸੋਆਂ ਮੰਦੀਆਂ ਆ ਰਹੀਆਂ ਨੇ। ਹਰ ਪਾਸੇ ਪਰੇਸ਼ਾਨੀ ਹੀ

ਪਰੇਸ਼ਾਨੀ ਹੈ। ਮੈਂ ਕੱਲ੍ਹ ਹੀ ਟੈਲੀਵਿਜ਼ਨ 'ਤੇ ਵੇਖਿਆ 11-7-79 ਦੇ ਦਿਨ ਅਮਰੀਕਾ ਦੇ ਲੋਕਾਂ ਨੇ ਅਮਰੀਕਾ ਵਿਚ ਜਲੂਸ ਕੱਢ ਕੇ ਰੌਲਾ ਪਾਇਆ ਕਿ ਐਟਮ ਬੰਬ ਬਣਾਉਣੇ ਬੰਦ ਕਰੋ, ਇਹ ਦੁਨੀਆਂ ਦੀ ਤਬਾਹੀ ਦਾ ਕਾਰਨ ਹੈ। ਤਾਂ ਅੰਤਰ-ਆਤਮੇ ਸਾਰਿਆਂ ਨੂੰ ਪੜਤਾਲ ਕੇ ਵੇਖਿਆ ਜਾਏ ਤਾਂ ਸੁਖੀ ਕੋਈ ਨਹੀਂ। ਅਸੀਂ ਪੂਜਾ-ਪਾਠ, ਜੱਗ-ਹੋਮ, ਸੰਧਿਆ-ਤਰਪਣ, ਨਮਾਜ-ਰੋਜ਼ਾ ਇਹ ਸਭ ਕਰਦੇ ਤੇ ਸੁਖਾਂ ਵਾਸਤੇ ਹਾਂ ਪਰ ਹਾਂ ਸਾਰੇ ਦੇ ਸਾਰੇ ਦੁਖੀ ! ਇਹ ਦਾ ਕਾਰਨ ਕੀ ਏ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਕਾਰਨ ਇਹ ਦੱਸਿਆ ਹੈ ਕਿ ਅਸੀਂ ਸੁਖ ਉਸ ਥਾਂ ਵਿਚੋਂ ਲੱਭ ਰਹੇ ਹਾਂ ਜਿਹੜੀ ਚੀਜ਼ ਵਿਚ ਕਈ ਜੁਗ ਟੱਕਰਾਂ ਮਾਰਦੇ ਰਹੀਏ, ਸੁਖ ਹੈ ਨਹੀਂ ! ਬਹੁਤ ਸਾਰੇ ਮਨ ਐਸੇ ਨੇ ਜਿਹੜੇ ਸਾਰੀ ਜ਼ਿੰਦਗੀ ਕੋਸ਼ਿਸ਼ ਕਰਦੇ ਰਹਿੰਦੇ ਨੇ ਕਿ ਕਿਸੇ ਤਰ੍ਹਾਂ ਚਾਰ ਕੌਡੀਆਂ ਜਮ੍ਹਾਂ ਕਰ ਸੁਖ ਹੋ ਜਾਏਗਾ। ਉਨ੍ਹਾਂ ਚਹੁੰ ਕੌਡੀਆਂ ਵਾਸਤੇ ਦੇਸ-ਪ੍ਰਦੇਸ਼, ਜੰਗਲ-ਬੀਆਬਾਨ ਇੱਕ ਕਰ ਦੇਨੇ ਆਂ ਅਸੀਂ ! ਉਨ੍ਹਾਂ ਚਹੁੰ ਕੌਡੀਆਂ ਵਾਸਤੇ ਝੂਠ ਵੀ ਬੋਲਣਾ ਪੈਂਦਾ। ਉਨ੍ਹਾਂ ਚਹੁੰ ਕੌਡੀਆਂ ਬਦਲੇ ਯਾਰਾਂ ਮਿੱਤਰਾਂ, ਰਿਸ਼ਤੇਦਾਰਾਂ ਨਾਲ ਹੇਰਾ-ਫੇਰੀਆਂ ਵੀ ਕਰਦੇ ਆਂ ਪਰ ਸੁਖ ਫੇਰ ਨਹੀਂ ਲੱਭਦਾ। ਸਾਹਿਬ ਸੱਚੇ ਪਾਤਸ਼ਾਹ ਨੇ ਕਿਹਾ, ਪਿਆਰਿਓ, "ਸੁਖੁ ਨਾਹੀ ਬਹੁਤੈ ਧਨਿ ਖਾਟੇ ॥" (ਅੰਗ ੧੧੪੭) ਹਜ਼ੂਰ ਦਾ ਫੈਸਲਾ ਇਹ ਹੈ, "ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥" (ਅੰਗ ੧੦੧੯) ਨਾ ਸਿਕੰਦਰ ਨੂੰ ਸੁਖ ਹੋਇਆ ਮਾਇਆ ਲੱਭ ਕੇ, ਨਾ ਫਿਰਾਊਨ ਨੂੰ ਸੁਖ ਹੋਇਆ ਮਾਇਆ ਲੱਭ ਕੇ, ਨਾ ਨਮਰੂਦ ਨੂੰ ਸੁਖ ਹੋਇਆ ਮਾਇਆ ਲੱਭ ਕੇ, ਸਗੋਂ ਉਲਟਾ ਦੁੱਖ ਗਲ ਪੈ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਦੀ ਅੰਮ੍ਰਿਤਮਈ ਬਾਣੀ ਨੇ ਸਾਨੂੰ ਸੁਖ ਦੇ ਕੁਝ ਅਸਥਾਨ ਦੱਸੇ ਨੇ; ਜਿਨ੍ਹਾਂ ਜਿਨ੍ਹਾਂ ਨੇ ਕੀਤੀ ਹੈ, ਉਹ ਸੁਖੀ ਹੋਏ ਹਨ :

"ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ *(ਪੰਨਾ ੬੫੧)*

ਸੁਖ ਦਾ ਦੂਜਾ ਅਸਥਾਨ ਹਜ਼ੂਰ ਨੇ ਬਿਆਨ ਕੀਤਾ ਹੈ ਹੁਕਮ ਦਾ ਮੰਨਣਾ। ਜਿਸ ਨੂੰ ਹੁਕਮ ਨਹੀਂ ਮੰਨਣਾ ਆਉਂਦਾ, ਅਗਰ ਉਹ ਪੁੱਤ ਹੈ ਤਾਂ ਵੀ ਉਹਨੂੰ ਸੁਖ ਨਹੀਂ, ਅਗਰ ਉਹ ਪਿਉ ਹੈ ਤਾਂ ਵੀ ਉਹਨੂੰ ਸੁਖ ਨਹੀਂ। ਜੇ ਉਹ ਇਸਤ੍ਰੀ ਹੈ ਤੇ ਪਤੀ ਦਾ ਹੁਕਮ ਮੰਨਣਾ ਨਹੀਂ ਜਾਣਦੀ, ਉਹਨੂੰ ਸੁਖ ਨਹੀਂ। ਜੇ ਉਹਦਾ ਪਤੀ ਆਪਣੇ ਬਾਪ ਦਾ ਹੁਕਮ ਨਹੀਂ ਮੰਨਦਾ, ਉਹਨੂੰ ਸੁਖ ਨਹੀਂ। ਜੇ ਛੋਟਾ ਹਾਕਮ ਵੱਡੇ ਦਾ ਹੁਕਮ ਨਹੀਂ ਮੰਨਦਾ, ਉਹਨੂੰ ਸੁਖ ਨਹੀਂ। ਜੇ ਪਰਜਾ ਰਾਜਾ ਦਾ ਕਿਹਾ ਨਹੀਂ ਮੰਨਦੀ, ਉਹਨੂੰ ਸੁਖ ਨਹੀਂ। ਜੇ ਰਾਜਾ ਪਰਜਾ ਦੀ ਪ੍ਰਵਾਹ ਨਹੀਂ ਕਰਦਾ, ਉਹਨੂੰ ਸੁਖ ਨਹੀਂ। ਸਾਹਿਬ ਨੇ ਸੁਖ ਦਾ ਦੂਜਾ ਸਾਧਨ ਕੀਤਾ ਹੈ ਹੁਕਮ ਦਾ ਮੰਨਣਾ। ਜਿਹੜਾ ਹੁਕਮ ਨਹੀਂ ਮੰਨਦਾ, "ਹੁਕਮੁ ਨ ਜਾਣੈ ਬਹੁਤਾ ਰੋਵੈ॥" *(ਅੰਗ ੮੫)* ਜਿਹੜੀ ਇਸਤ੍ਰੀ ਨੂੰ ਪਤੀ ਦਾ ਹੁਕਮ ਨਹੀਂ ਮੰਨਣਾ ਆਇਆ, ਉਹਨੂੰ ਸੁਖ ਨਹੀਂ ਸਗੋਂ ਉਹਦੇ ਪੱਲੇ ਰੋਣਾ ਪੈ ਜਾਏਗਾ। ***"ਅੰਦਰਿ ਧੋਖਾ ਨੀਦ ਨ ਸੋਵੈ"*** *(ਉਹੀ)* ਜਿਹੜੀ ਪਤੀ ਦਾ ਹੁਕਮ ਮੰਨਣਾ ਨਹੀਂ ਜਾਣਦੀ

ਉਹਦੇ ਅੰਤਰ ਆਤਮੇ ਚਿੰਤਾ ਹੈ ਤੇ ਉਹ ਸੁਖ ਦੀ ਨੀਂਦ ਨਹੀਂ ਸੌਂ ਸਕਦੀ :

"ਜੇ ਧਨ ਖਸਮੈ ਚਲੈ ਰਜਾਈ ॥" (ਉਹੀ)

ਜਿਹੜੀ ਇਸਤ੍ਰੀ ਆਪਣੇ ਮਾਲਕ ਦੇ ਹੁਕਮ ਸਾਹਮਣੇ ਸਿਰ ਝੁਕਾ ਦਿੰਦੀ ਹੈ।

"ਦਰਿ ਘਰਿ ਸੋਭਾ ਮਹਲਿ ਬੁਲਾਈ ॥" (ਉਹੀ)

ਓਸ ਇਸਤ੍ਰੀ ਦੀ ਦਰ-ਘਰ ਵਿਚ ਸੋਭਾ ਹੁੰਦੀ ਏ, ਮਾਲਕ ਆਪਣੇ ਮਹਿਲਾਂ ਦੀ ਮਾਲਕ ਉਹਨੂੰ ਬਣਾ ਦਿੰਦਾ, ਉਹਦੇ ਦਿਨ-ਰਾਤ ਐਨ ਸੁਖ ਨਾਲ ਬੀਤਦੇ ਨੇ !

"ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥"

(ਅੰਗ ੧੫੬)

ਜਿਸ ਦਾ ਮਨ ਅੱਗ ਵਾਂਗੂੰ ਦਿਨੇ-ਰਾਤ ਸੜਦਾ ਰਹੇ ਕਿਤੇ ਉਹਨੂੰ ਚੈਨ ਨਾ ਆਵੇ, ਜੇ ਉਹ ਨਿਰੰਕਾਰ ਦਾ ਹੁਕਮ ਮੰਨ ਲਏ, ਜੇ ਉਹਨੂੰ ਵਾਹਿਗੁਰੂ ਦਾ ਭਾਣਾ ਮਿੱਠਾ ਲੱਗਣ ਲਗ ਪਏ ਤਾਂ ਉਹਨੂੰ ਸੁਖ ਹੋਵੇਗਾ :

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ (ਅੰਗ ੧੩੯)

ਜਿਨ੍ਹਾਂ ਨੂੰ ਹੁਕਮ ਮੰਨਣਾ ਆ ਗਿਆ ਉਨ੍ਹਾਂ ਦਾ ਵਾਹਿਗੁਰੂ ਨਾਲ ਮਿਲਾਪ ਹੋ ਗਿਆ। ਤੀਸਰਾ ਸੁਖ ਦਾ ਅਸਥਾਨ ਗੁਰਬਾਣੀ ਨੇ ਬਿਆਨ ਕੀਤਾ ਹੈ ਨਾਮ ਕਾ ਸਿਮਰਨ :

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥" (ਅੰਗ ੬੭੯)

ਸਾਹਿਬ ਕਹਿੰਦੇ ਨੇ "ਹਲਤਿ ਸੁਖੁ..." (ਅੰਗ ੬੮੩)

ਐਸ ਜਨਮ ਵਿਚ ਵੀ ਸੁਖ ਰਹੇਗਾ। "ਪਲਤਿ ਸੁਖੁ" (ਉਹੀ) ਇਹ ਜਨਮ ਛੱਡ ਕੇ ਜਦੋਂ ਦੂਜੀ ਦੁਨੀਆਂ ਬਦਲਾਂਗੇ, ਉਹਦੇ ਵਿਚ ਵੀ ਸੁਖ ਰਹੇਗਾ।

"ਨਿਤ ਸੁਖੁ ਸਿਮਰਨੋ...॥" (ਉਹੀ) ਨਿਤ ਸ੍ਵਾਸ ਸ੍ਵਾਸ ਸੁਖੀ ਰਹੋਗੇ ਜੇ ਸਿਮਰਨ ਕਰੋਗੇ। ਇਸ ਵਾਸਤੇ...

"ਨਾਮੁ ਗੋਬਿੰਦ ਕਾ ਸਦਾ ਲੀਜੈ ॥ ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥ (ਉਹੀ)

ਪੁਰਾਣੇ ਤੋਂ ਪੁਰਾਣੇ, ਬੱਜਰ ਤੋਂ ਬੱਜਰ ਪਾਪ ਤੇਰੇ ਨਸ਼ਟ ਹੋ ਜਾਣਗੇ। ਸਾਧ-ਸੰਗਤ ਵਿਚ ਬੈਠ ਕੇ ਸਿਮਰਨ ਕਰ ! ਜੇ ਤੂੰ ਆਤਮਿਕ ਜੀਵਨ ਵੱਲੋਂ ਮਰ ਚੁਕਾ ਹੈਂ ਤਾਂ ਤੈਨੂੰ ਦੁਬਾਰਾ ਆਤਮਿਕ ਜੀਵਨ ਮਿਲ ਜਾਏਗਾ। ਤੂੰ ਮੁਰਦਾ ਫਿਰ ਜਿੰਦਾ ਹੋ ਜਾਏਂਗਾ।

"ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥"

(ਅੰਗ ੬੧੪)

ਜਿਹੜੇ ਆਤਮਿਕ ਜੀਵਨ ਵੱਲੋਂ ਮਰ ਚੁੱਕੇ ਸਨ ਉਨ੍ਹਾਂ ਨੂੰ ਦੁਬਾਰਾ ਆਤਮਿਕ ਜੀਵਨ ਦੇ ਦਿੱਤਾ। ਜਿਹੜੇ ਨਿਰੰਕਾਰ ਨਾਲੋਂ ਵਿਛੜ ਗਏ ਸਨ ਉਨ੍ਹਾਂ ਨੂੰ ਦੁਬਾਰਾ ਨਿਰੰਕਾਰ ਨਾਲ ਮਿਲਾਪ ਬਖਸ਼ ਦਿੱਤਾ।

"ਪਸੂ ਪਰੇਤ ਮੁਗਧ ਭਏ ਸ੍ਰੋਤੇ...॥" *(ਉਹੀ)*

ਜਿਹੜੇ ਲੋਕ ਪਰੇਤ ਬਿਰਤੀ ਬਣ ਗਏ ਸਨ ਵਾਹਿਗੁਰੂ ਨੂੰ ਵਿਸਾਰ ਕੇ, ਜਿਹੜੇ ਬੇਵਕੂਫ ਉੱਲੂ ਬਣ ਗਏ ਸਨ ਵਾਹਿਗੁਰੂ ਨੂੰ ਵਿੱਸਰ, ਵਾਹਿਗੁਰੂ ਦਾ ਨਾਮ ਸੁਣਨ ਵਾਲੇ ***"ਹਰਿ ਨਾਮਾ ਮੁਖਿ ਗਾਇਆ"*** *(ਉਹੀ)* ਉਹ ਹਰੀ ਪਰਮਾਤਮਾ ਦੇ ਨਾਮ ਨੂੰ ਮੂੰਹ ਨਾਲ ਗਾਉਣ ਵਾਲੇ ਬਣ ਗਏ।

"ਪੂਰੇ ਗੁਰ ਕੀ ਦੇਖੁ ਵਡਾਈ ॥" *(ਉਹੀ)*

ਇਹ ਪੂਰੇ ਗੁਰੂ ਦੀ ਕ੍ਰਿਪਾ ਹੈ ਜਿਸ ਨੇ ਮੁਰਦਿਆਂ ਨੂੰ ਦੁਬਾਰਾ ਨਾਮ ਦੇ ਕੇ ਜਿੰਦਾ ਕਰ ਦਿੱਤਾ। ਏਸ ਗੁਰੂ ਕੀ ਵਡਿਆਈ ਤੇ ਉਪਮਾ ਦੀ ਕੋਈ ਆਦਮੀ ਕੀਮਤ ਨਹੀਂ ਪਾ ਸਕਦਾ। ਸੁਖ ਦਾ ਤੀਸਰਾ ਅਸਥਾਨ ਹੈ ਨਿਰੰਕਾਰ ਦੇ ਨਾਮ ਦਾ ਸਿਮਰਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਜਾਰੀਓ, ਗੁਰਸਿੱਖੋ, ਮਹਾਂਪੁਰਸ਼ੋ ! ਤੁਸਾਂ ਇਹ ਬਚਨ ਕਈ ਕੰਨਾਂ ਨਾਲ ਸੁਣਿਆ ਹੋਵੇਗਾ ਤੇ ਪੜ੍ਹਿਆ ਵੀ ਹੋਵੇਗਾ :

"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥"

(ਅੰਗ ੨੫੩)

ਮਨੁੱਖੀ ਜੀਵਨ ਵਿਚ ਸੰਸਾਰ ਦੀ ਬਿਰਤੀ ਵਾਲੇ ਆਦਮੀ ਨੂੰ ਪੰਜ ਚੀਜਾਂ ਕਿਤੇ ਮਿਲ ਜਾਣ ਤਾਂ ਇਹ ਕਹਿੰਦਾ ਹੈ ਮੇਰੇ ਵਰਗਾ ਭਾਗਾਂ ਵਾਲਾ ਹੈ ਹੀ ਕੋਈ ਨਹੀਂ, ਮੇਰੇ ਵਰਗਾ ਉੱਚੀ ਕਿਸਮਤ ਵਾਲਾ ਹੈ ਹੀ ਕੋਈ ਨਹੀਂ ! ਮੈਨੂੰ ਨਾ ਲੱਭਣ ਵਾਲੀਆਂ ਪੰਜ ਚੀਜਾਂ ਮਿਲ ਗਈਆਂ। ਉਨ੍ਹਾਂ ਵਿਚੋਂ ਪਹਿਲੀ ਚੀਜ ਹੈ ਸੁੰਦਰਤਾ। ਧੀਆਂ ਪੁੱਤਰ ਸੁੰਦਰ ਹੋਣ ! ਇਹ ਵੀ ਇਕ ਨਿਰੰਕਾਰ ਦੀ ਬਖਸ਼ਸ਼ ਹੈ ਕਿ ਖਾਨਦਾਨ ਵਿਚ ਸੁੰਦਰਤਾ ਹੋਵੇ। ਕਈ ਵਾਰਾਂ ਗਰੀਬ ਅਤੇ ਨੀਵੀਂ ਕੁਲ ਦਾ ਆਦਮੀ ਜਿਸ ਨੂੰ ਆਪਾਂ ਜਲਾਦ ਆਦਿਕ ਕਹਿੰਦੇ ਹਾਂ ਉਹਦੇ ਘਰ ਵੀ ਸੁੰਦਰ ਮੁੰਡੇ ਕੁੜੀਆਂ ਜਨਮ ਲੈ ਲੈਂਦੇ ਨੇ ! ਸੁੰਦਰਤਾ ਤੇ ਮਿਲ ਗਈ ਪਰ ਕੁਲ ਨਹੀਂ ਉੱਚੀ, ਨੀਵੀਂ ਹੈ। ਨੀਵੀਂ ਕੁਲ ਦਾ ਆਦਮੀ ਕਿੱਡੀ ਵੀ ਉੱਚੀ ਗੱਲ ਕਰੇ, ਉਹਦੀ ਗੱਲ ਨੂੰ ਥਾਂ ਨਹੀਂ ਦੇਂਦੇ ਲੋਕ ! ਹਨੂੰਮਾਨ ਨੇ ਵੀ ਪਹਾੜ ਚੁੱਕ ਕੇ ਲਿਆਂਦਾ ਸੀ ਸੰਜੀਵਨੀ ਬੂਟੀ ਲਿਆਉਣਾ ਵੇਲੇ ਤੇ ਸ੍ਰੀ ਕ੍ਰਿਸ਼ਨ ਜੀ ਨੇ ਵੀ ਇਕ ਨਿੱਕਾ ਜਿਹਾ ਪਹਾੜ ਚੁੱਕਿਆ ਸੀ। ਉਹ ਕ੍ਰਿਸ਼ਨ ਜੀ ਦੇ ਤੇ ਪਹਾੜ ਚੁੱਕਣ ਨੂੰ ਅੱਜ ਤਕ ਸਨਾਤਨੀ ਗਾਉਂਦੇ ਨੇ, 'ਗਿਰਧਾਰੀ ! ਗਿਰਧਾਰੀ !' ਪਰ ਹਨੂਮਾਨ ਨੂੰ ਕਿਸੇ ਨੇ ਗਿਰਧਾਰੀ ਨਹੀਂ ਆਖਿਆ ਕਿਉਂਕਿ ਉਹ ਕ੍ਰਿਸ਼ਨ ਨਾਲੋਂ ਛੋਟਾ ਸੀ ਕੰਮ ਉਹਨੇ ਭਾਵੇਂ ਕ੍ਰਿਸ਼ਨ ਵਾਲਾ ਹੀ ਕੀਤਾ ਪਰ ਉਹਨੂੰ ਗਿਰਧਾਰੀ ਕੋਈ ਨਹੀਂ ਆਖਦਾ। ਛੋਟੀ ਜਾਤ ਵਾਲਾ ਆਦਮੀ ਕ੍ਰੋੜ ਰੁਪੈ ਦੀ ਵੀ ਗੱਲ ਕਰੇ ਤੇ ਜਿਹੜੇ ਵੱਡੀਆਂ ਜਾਤਾਂ ਵਾਲੇ ਹਨ ਉਹਨੂੰ ਝਾੜ ਪਾ ਦਿੰਦੇ ਨੇ, 'ਬੈਠ ਓਏ ! ਜਦੋਂ ਵੇਖੀਏ ਬਕ ਬਕ ਈ ਕਰਦਾ ਰਹਿੰਦਾ !'

ਤੇ ਜਿਸ ਦੇ ਕੋਲ ਚਾਰ ਪੈਸੇ ਨੇ, ਜਾਤ ਜ਼ਰਾ ਉੱਚੀ ਏ, ਉਹਦਾ ਮੁੰਡਾ ਸੜੀ ਹੋਈ ਗੱਲ ਵੀ ਕਰੇ ਤਾਂ ਲਾਗੇ ਬੈਠੇ ਖੁਸ਼ਾਮਦੀ ਕਹਿੰਦੇ ਨੇ, 'ਮਹਾਰਾਜ ਸੰਤ ਹੈ ! ਜਦੋਂ ਬੋਲਦਾ, ਅੰਮ੍ਰਿਤ ਬਚਨ ਹੀ ਬੋਲਦਾ !' ਸਿਆਣੇ ਕਹਿੰਦੇ ਨੇ :

"ਜਿਸ ਕੀ ਪਾਕਟ ਹਲਕੀ ਹੈ ਉਸ ਕੀ ਬਾਤ ਭੀ ਹਲਕੀ ਹੈ ।
ਜਿਸ ਕੀ ਪਾਕਟ ਭਾਰੀ ਹੈ, ਉਸ ਕੀ ਬਾਤ ਭੀ ਭਾਰੀ ਹੈ ।"

ਜੇ ਨੀਵੀਂ ਕੁਲ ਵਿਚ ਸੁੰਦਰਤਾ ਵੀ ਆ ਜਾਏ ਫਿਰ ਉਹਦਾ ਕੋਈ ਸਤਿਕਾਰ ਨਹੀਂ ਪੈਂਦਾ ! ਕੁਲ ਵੀ ਉੱਚੀ ਹੋਵੇ, ਸੁੰਦਰ ਵੀ ਹੋਵੇ ਪਰ ਇਕ ਤੀਸਰੀ ਗੱਲ ਹੈ ਅੰਦਰ ਅਕਲ ਹੋਣੀ, ਮੌਕਾ ਵੇਖ ਕੇ ਬੋਲਣਾ । ਜੇ ਮੌਕਾ ਸੰਭਾਲਣ ਵਾਲੀ ਅਕਲ ਨਹੀਂ, ਸੁੰਦਰ ਹੁੰਦਿਆਂ ਹੋਇਆਂ ਕੁਲ ਉੱਚੀ ਹੁੰਦਿਆਂ ਹੋਇਆਂ, ਫਿਰ ਵੀ ਉਹਦਾ ਮੁੱਲ ਕੌਡੀ ਨਹੀਂ ਪਵੇਗਾ । ਜੇ ਚਤੁਰ ਵੀ ਹੋਵੇ, ਕੁਲ ਵੀ ਉੱਚੀ ਹੋਵੇ, ਸੁੰਦਰਤਾ ਵੀ ਕੋਲ ਹੋਵੇ ਪਰ ਜਿਹੜੀ ਅੰਦਰ ਦੀ ਚਤਰਤਾ ਹੈ ਜੇ ਉਹਨੂੰ ਜਬਾਨ ਨਾਲ ਬਿਆਨ ਨਹੀਂ ਕਰਨਾ ਆਉਂਦਾ ਤਾਂ ਵੀ ਮੁੱਲ ਨਹੀਂ ਪੈਂਦਾ । ਕਥਨ ਸ਼ਕਤੀ ਵੀ ਹੋਵੇ । ਪਰ ਕਈ ਵਾਰ ਐਸਾ ਹੁੰਦਾ ਆਦਮੀ ਚਤੁਰ ਬੜਾ ਹੁੰਦਾ, ਜਬਾਨ ਨਾਲ ਬਿਆਨ ਵੀ ਬੜਾ ਸੁਹਣਾ ਕਰ ਸਕਦਾ ਪਰ ਪੱਲੇ ਧਨ ਨਾ ਹੋਣ ਕਰਕੇ ਉਸ ਚਤੁਰਤਾ ਦਾ ਮੁੱਲ ਕੌਡੀ ਨਹੀਂ ਪੈਂਦਾ। ਪੁਰਾਣੇ ਬਾਦਸ਼ਾਹਾਂ ਦੇ ਵੇਲੇ ਦੀ ਗੱਲ ਹੈ । ਇਕ ਕਵੀ ਨੇ ਰਾਜੇ ਦੇ ਦਰਬਾਰ ਵਿਚ ਕਵਿਤਾ ਪੜ੍ਹੀ ਕਵਿਤਾ ਬੜੀ ਚੰਗੀ ਸੀ । ਰਾਜਾ ਬੜਾ ਖੁਸ਼ ਹੋਇਆ । ਰਾਜਾ ਖੁਸ਼ ਹੋ ਗਿਆ। ਦਰਬਾਰੀ ਵੀ ਖੁਸ਼ ਹੋ ਗਏ ਤੇ ਖੁਸ਼ ਹੋ ਕੇ ਰਾਜੇ ਨੇ ਕਿਹਾ ਆਪਣੇ ਵਜ਼ੀਰ ਸਾਹਿਬ ਵੱਲ ਵੇਖ ਕੇ ਕਿ ਇਸ ਕਵੀ ਨੂੰ ਇਕ ਲੱਖ ਰੁਪਿਆ ਦੇ ਦੇਣਾ । ਕਵੀ ਖੁਸ਼ ਹੋ ਗਿਆ! ਜਿਸ ਦੇ ਪਿਉ-ਦਾਦੇ ਨੇ ਕਦੀ ਲੱਖ ਨਹੀਂ ਸੀ ਵੇਖਿਆ; ਉਹਦੇ ਵਾਸਤੇ ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਆਡਰ ਦੇ ਦਿੱਤਾ ਕਿ ਲੱਖ ਰੁਪਿਆ ਦੇ ਦਿਉ । ਵਜ਼ੀਰ ਨੇ ਕਿਹਾ, 'ਪਰਸੋਂ ਆ ਕੇ ਲੈ ਜਾਵੀਂ ।' ਉਹ ਪਰਸੋਂ ਆਇਆ ਤਾਂ ਵਜ਼ੀਰ ਨਾ ਮਿਲਿਆ। ਅਗਲੇ ਦਿਨ ਆ ਗਿਆ । ਵਜ਼ੀਰ ਨੇ ਟਾਲ-ਮਟੋਲਾ ਕਰ ਦਿੱਤਾ । ਓਦੂੰ ਅਗਲੇ ਦਿਨ ਆਇਆ ਤਾਂ ਵਜੀਰ ਨੇ ਖਜਾਨਚੀ ਨੂੰ ਆਖ ਤੇ ਦਿੱਤਾ ਕਿ ਰੁਪਿਆ ਦੇ ਦੇਹ ਪਰ ਨਾਲ ਸੈਨਤ ਮਾਰ ਦਿੱਤੀ ਪਈ ਦਈਂ ਨਾ ! ਚਾਰ-ਪੰਜ ਦਿਨ ਉਹਦੇ ਖਜ਼ਾਨਚੀ ਮਗਰ ਖਰਚ ਹੋ ਗਏ । ਅੱਕ ਗਿਆ ਤੇ ਰਾਜੇ ਦੇ ਦਰਬਾਰ ਮੁੜ ਕੇ ਆ ਗਿਆ ਕਿ ਮਹਾਰਾਜ ਤੁਸਾਂ ਲੱਖ ਰੁਪਿਆ ਆਖਿਆ ਸੀ । ਹੁਣ ਨਾ ਤਾਂ ਤੁਹਾਡਾ ਖਜਾਨਚੀ ਦੇਂਦਾ, ਨਾ ਤੁਹਾਡਾ ਵਜ਼ੀਰ ਦੇਂਦਾ । ਰਾਜੇ ਨੇ ਆਖਿਆ, ਲੱਖ ਰੁਪਿਆ ਕਾਹਦਾ ? ਅਖੇ ਜੀ, ਮੈਂ ਕਵਿਤਾ ਪੜ੍ਹੀ ਸੀ । ਦਰਬਾਰ ਵਿਚ ਤੁਸੀਂ ਬੜੇ ਖੁਸ਼ ਹੋਏ । ਖਿੜਖਿੜਾ ਕੇ ਤੁਸੀਂ ਹੱਸੇ ਤੇ ਤੁਸਾਂ ਖੁਸ਼ ਹੋ ਕੇ ਆਪਣੇ ਵਜੀਰ ਨੂੰ ਆਖਿਆ ਸੀ ਇਹਨੂੰ ਲੱਖ ਰੁਪਿਆ ਦੇ ਦਿੱਤਾ ਜਾਏ । ਤਾਂ ਰਾਜਾ ਆਖਣ ਲੱਗਾ, 'ਜਦੋਂ ਮੈਂ ਆਖਿਆ ਲੱਖ ਰੁਪਿਆ ਦੇ ਦਿਉ ਉਦੋਂ ਤੂੰ ਖੁਸ਼ ਹੋਇਆ ਕਿ ਨਹੀਂ ?' ਆਖਦਾ, 'ਮੈਂ ਬੜਾ ਖੁਸ਼ ਹੋਇਆ ।' ਰਾਜੇ ਨੇ ਕਿਹਾ, 'ਬਸ ਫਿਰ ਤੂੰ ਵੀ ਖੁਸ਼ ਤੇ ਮੈਂ ਵੀ ਖੁਸ਼ ! ਨਾ ਕੌਡੀ ਤੂੰ ਦਿੱਤੀ ਹੈ ਨਾ ਕੌਡੀ

ਮੈਂ ਦੇਣੀ ਹੈ। ਖੁਸ਼ੀ ਨਾਲ ਖੁਸ਼ੀ ਵਟਾ ਲਈ।' ਏਥੇ ਆ ਕੇ ਵੀ ਚਤੁਰਤਾ ਦਾ ਮੁੱਲ ਨਹੀਂ ਪੈਂਦਾ। ਗਰੀਬ ਨਿਵਾਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਪਿਆਰਿਓ

"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥"

(ਅੰਗ ੨੫੩)

ਸੁੰਦਰਤਾ ਵੀ ਬੜੀ ਹੋਵੇ, ਕੁਲ ਵੀ ਉੱਚੀ ਹੋਵੇ, ਚਤੁਰਤਾ ਵੀ ਅੰਦਰ ਠਾਠਾਂ ਮਾਰਦੀ ਹੋਵੇ, ਮੁਖਹੁ ਗਿਆਨ ਵੀ ਕਰਦਾ ਹੋਵੇ, ਚਤੁਰਤਾ ਨੂੰ ਬਿਆਨ ਕਰਨਾ ਵੀ ਜਾਣਦਾ ਹੋਵੇ ਤੇ ਪੱਲੇ ਧਨ ਵੀ ਬੜਾ ਹੋਵੇ, ਪੰਜ ਚੀਜਾਂ ਤੇ ਹੈਗੀਆਂ ਹਨ ਪਰ ਮੇਰਾ ਬਾਪੂ ਕਹਿੰਦਾ ਜੇ, ਛੇਵੀਂ ਚੀਜ ਕੋਲ ਨਹੀਂ ਹੈ ਤਾਂ ਮੁਰਦਾ ਹੀ ਜਾਣੋ :

"ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥"

(ਅੰਗ ੨੫੩)

ਜੇ ਉਹਦੀ ਵਾਹਿਗੁਰੂ ਨਾਲ ਪਰੀਤੀ ਨਹੀਂ, ਵਾਹਿਗੁਰੂ ਨੂੰ ਸਿਮਰਦਾ ਨਹੀਂ ਤਾਂ ਇਨ੍ਹਾਂ ਪੰਜਾਂ ਸਿਫਤਾਂ ਦੇ ਹੁੰਦਿਆਂ ਹੋਇਆਂ ਉਹ ਫਿਰ ਵੀ ਮੁਰਦਾ ਹੈ, ਉਹ ਧਰਤੀ ਉਤੇ ਭਾਰ ਹੈ। ਜੇ ਸੁਖ ਚਾਹੁੰਦੇ ਹੋ:

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥" (ਅੰਗ ੬੭੯)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠੀ ਦੇ ਮਨ ਵਿਚ ਇਹ ਰੰਚਕ ਜਿੰਨਾ ਸ਼ੰਕਾ ਨਹੀਂ ਰਹਿਣਾ ਚਾਹੀਦਾ ਜਦੋਂ ਵਾਰ-ਵਾਰ ਸਤਿਗੁਰੂ ਇਹ ਕਹੇ ਕਿ :

"ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥" (ਅੰਗ ੨੧੦)

ਕ੍ਰੋੜਾਂ ਦਾ ਮਾਲਕ ਬਣ ਜਾ, ਅਰਬਾਂ-ਖਰਬਾਂ ਦਾ ਮਾਲਕ ਬਣ ਜਾ, ਰਿਆਸਤਾਂ ਤੇਰੀਆਂ ਹੋਣ, ਪਟਰੋਲ ਤੇਰਾ ਆਪਣਾ ਹੋਵੇ, ਪਹਾੜਾਂ ਦੀ ਮਾਲਕੀ ਤੇਰੀ ਆਪਣੀ ਹੋਵੇ; ਦੁਹਾਈ ਨਿਰੰਕਾਰ ਦੀ ! ਜੇ ਅੰਦਰ ਨਾਮ ਹੈ ਨਹੀਂ ਤਾਂ ਸੋਭਾ ਨਹੀਂ। ਸਤਿਗੁਰੂ ਜੀ ਕਥਨ ਕਰਦੇ ਹਨ :

"ਜਾ ਕਉ ਚਿੰਤਾ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥"

ਜਿਸ ਨੂੰ ਦਿਨੇ-ਰਾਤ, ਸੁਬਹ ਸ਼ਾਮ ਨੂੰ ਹਰ ਸਮੇਂ ਚਿੰਤਾ ਹੀ ਲੱਗੀ ਰਹਿੰਦੀ ਹੈ ਤੇ ਦੇਹੀ ਨੂੰ ਕਈ ਰੋਗ ਬਿਆਪ ਗਏ ਹੋਣ। ਗ੍ਰਿਹਸਤੀ ਏਡਾ ਵੱਡਾ ਬਣ ਜਾਏ ਕਿ ਕੁਟੰਬ ਵਿਚ ਗ੍ਰਸਿਆ ਜਾਏ। ਗ੍ਰਿਹਸਤ ਵਿਚ ਵਲੇਟੇ ਹੋਏ ਨੂੰ ਕਦੇ ਖੁਸ਼ੀ ਕਦੇ ਗਮੀ। ਕਦੇ ਸਨੇਹਾ ਆ ਗਿਆ ਭਾਣਜੇ ਦਾ ਵਿਆਹ। ਖੁਸ਼ੀ ਆ ਗਈ। ਕਦੇ ਸੁਨੇਹਾ ਆ ਗਿਆ, ਮਾਮੀ ਮਰ ਗਈ ਹੈ। ਗਮੀ ਹੋ ਗਈ !

"ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥ (ਅੰਗ ੭੦)

ਚੌਹਾਂ ਕੁੰਟਾਂ ਵਿਚ ਦੌੜਿਆ ਫਿਰੇ ਕਿ ਇਸ ਚਿੰਤਾ ਤੋਂ ਮੇਰਾ ਕਿਸੇ ਤਰ੍ਹਾਂ ਛੁਟਕਾਰਾ ਹੋ ਜਾਏ ! ਕਿਤੇ ਇਕ ਘੜੀ ਵੀ ਉਹਨੂੰ ਚੈਨ ਨਾਲ ਨਾ ਬੀਤਦੀ ਹੋਵੇ। ਜਿਹੜਾ ਏਡਾ ਸੁਆਸ-ਸੁਆਸ ਦਾ ਦੁਖੀਆ ਹੈ, ਜੋ ਏਡੇ ਦੁਖੀਏ ਨੂੰ ਸ੍ਰੀ ਗੁਰੂ ਅਰਜਨ ਸਾਹਿਬ

ਕਹਿੰਦੇ ਹਨ :

"ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥" (ਉਹੀ)

ਵਾਹਿਗੁਰੂ ਚੇਤੇ ਆ ਜਾਵੇ ਤਾਂ ਤਨ ਦੇ ਰੋਗ ਮਿਟ ਜਾਂਦੇ ਹਨ, ਮਨ ਦੀ ਚਿੰਤਾ ਮਿਟ ਜਾਂਦੀ ਹੈ। ਇਸ ਤਰ੍ਹਾਂ ਉਹ ਤਨ ਮਨ ਕਰਕੇ ਸੀਤਲ ਹੋ ਜਾਂਦਾ ਹੈ :

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ...॥
ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥" (ਅੰਗ ੬੭੯)

ਗੁਰਸਿੱਖ ਨੂੰ ਇਸ ਉਪਦੇਸ਼ ਦਾ ਧਾਰਨੀ ਹੋ ਕੇ ਰਹਿਣਾ ਚਾਹੀਦਾ ਹੈ

"ਗੁਰਮੁਖਿ ਨਾਮੁ ਦਾਨੁ ਇਸਨਾਨੁ ॥" (ਅੰਗ ੯੪੨)

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਸੁਆਸ-ਸੁਆਸ ਪ੍ਰਮੇਸ਼ਰ ਦਾ ਨਾਮ ਜਪਣਾ ਅਤੇ ਧਰਮ ਦੀ ਕਿਰਤ-ਕਮਾਈ ਵਿਚੋਂ ਗੁਰੂ-ਘਰ ਦਸਵੰਧ ਦੇਣਾ। ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਸਾਡੇ ਘਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਸਵੰਧ ਦਾ ਖਾਤਾ ਵੀ ਹੈ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਹੁਕਮ ਕੀਤਾ ਹੋਇਆ ਹੈ :

"ਜੋ ਬਾਬੇ ਕੇ ਦਾਮ ਨ ਦੈ ਹੈਂ ॥"

ਜਿਹੜਾ ਸਿੱਖ ਦਸਵੰਧ ਨਹੀਂ ਦੇਂਦਾ "ਤਿਨ ਕੋ ਲੂਟ ਮਲੇਛਨ ਲੈ ਹੈਂ ॥" ਉਹਨੂੰ ਤੁਰਕ ਲੁੱਟ ਲੈਣਗੇ।

"ਬਾਬੇ ਕੇ ਬਾਬਰ ਕੇ ਦੋਊ ॥ ਇਕ ਬਾਬੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੇ ਇਕ ਬਾਬਰ ਕੇ ***"ਆਪ ਰਚੇ ਪ੍ਰਮੇਸਰ ਸੋਊ ॥"***

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਇਹ ਦੋਵੇਂ ਕੌਮਾਂ ਪ੍ਰਮੇਸਰ ਨੇ ਆਪ ਬਣਾਈਆਂ।

"ਜੋ ਬਾਬੇ ਕੇ ਦਾਮ ਨ ਦੈ ਹੈਂ ॥" ਜਿਹੜਾ ਸਿੱਖ ਹੋ ਕੇ ਬਾਬੇ ਕੇ ਦਾਮ ਨਹੀਂ ਦੇਂਦਾ, ਦਸਵੰਧ ਨਹੀਂ ਕੱਢਦਾ।

"ਤਿਨ ਕੋ ਲੂਟ ਮਲੇਛਨ ਲੈ ਹੈਂ ॥" ਉਹਨੂੰ ਤੁਰਕ ਲੁੱਟ ਲੈਣਗੇ। ਜਿਨ ਬਾਬੇ ਦਾ ਦਸਵੰਧ ਨਹੀਂ ਕੱਢਿਆ, ਉਹ ਫਿਰ ਗਰੀਬ ਹੋ ਜਾਏਗਾ, ਮਲੇਛਾਂ ਦਾ ਲੁੱਟਿਆ-ਪੁੱਟਿਆ।

ਤੇ ***ਜੋ ਹੈਂ ਸਿਖਨ ਪਹਿ ਮਾਂਗਨ"*** ਉਹ ਫਿਰ ਸਿੱਖਾਂ ਦੇ ਦੁਆਰੇ ਮੰਗਣ ਜਾਏਗਾ। ਗਰੀਬ ਹੋ ਕੇ ਸਿੱਖਾਂ ਦੇ ਦੁਆਰੇ ਤਰਲੇ ਲਏਗਾ, 'ਮੈਨੂੰ ਮਲੇਛਾਂ ਨੇ ਲੁੱਟ ਲਿਆ। ਸਾਧ-ਸੰਗਤ ਜੀ, ਮੇਰੀ ਇਮਦਾਦ ਕਰੋ!' ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ "ਜੇ ਜੇ ਸਿਖ ਤਿਨੇ ਧਨ ਦੈ ਹੈਂ" ਜਿਸ ਨੇ ਦਸਵੰਧ ਨਹੀਂ ਦਿੱਤਾ ਤੇ ਮਲੇਛਾਂ ਨੇ ਲੁੱਟ ਲਿਆ ਜਿਹੜਾ ਸਿੱਖ ਉਹਦੀ ਮਦਦ ਕਰੇਗਾ "ਤਿਨ ਕਉ ਲੂਟ ਮਲੇਛਨ ਲੈ ਹੈਂ" ਉਹਨੂੰ ਵੀ ਲੁੱਟ ਲੈਣਗੇ ਲੁਟੇਰੇ! ਉਹਦਾ ਵੀ ਕੱਖ ਨਹੀਂ ਰਹਿਣ ਦੇਣਗੇ। ਪਰ ਸਾਡੇ ਘਰਾਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਸਵੰਧ ਦਾ ਖਾਤਾ ਹੈ ਨਹੀਂ। ਹੋਰ ਖਾਤੇ

ਹੈਗੇ ਨੇ ਪਰ ਅਸੀਂ ਬਾਬੇ ਦੇ ਦਾਮ ਦੇਣ ਵਾਸਤੇ ਆਪਾਂ ਤਿਆਰ ਨਹੀਂ ਹੁੰਦੇ। ਦੁੱਖ ਭਾਵੇਂ ਸਹਿ ਲਈਏ, ਦਸਵੰਧ ਨਹੀਂ ਕੱਢਦੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਪਿਆਰਿਆ !

"ਬਸਤਾ ਤੂਟੀ ਝੁੰਪੜੀ" *(ਅੰਗ ੭੦੭)* ਰਹਿੰਦਾ ਹੋਵੇ ਕੱਖਾਂ ਦੀ ਟੁੱਟੀ ਹੋਈ ਕੁਲੀ ਵਿਚ "ਚੀਰ ਸਭਿ ਛਿੰਨਾ ॥ *(ਉਹੀ)* ਜਿਹੜੇ ਤਨ ਦੇ ਕੱਪੜੇ ਨੇ, ਉਹ ਵੀ ਪਾਟੇ ਹੋਏ ਹੋਣ "ਜਾਤਿ ਨ ਪਤਿ ਨ ਆਦਰੋ..." *(ਉਹੀ)* ਜਾਤ ਵੀ ਉੱਚੀ ਨਾ ਹੋਵੇ। ਗਲੀ-ਗੁਆਂਢ ਵਿਚ ਪੱਤ ਵੀ ਕੋਈ ਨਾ ਹੋਵੇ, ਰਿਸ਼ਤੇਦਾਰਾਂ ਵਿਚ ਆਦਰ ਵੀ ਕੋਈ ਨਾ ਕਰਦਾ ਹੋਵੇ। "ਉਦਿਆਨ ਭ੍ਰਮਿੰਨਾ॥" *(ਉਹੀ)* ਹਨੇਰੀ ਆਵੇ ਜਿਹੜੀ ਕੱਖਾਂ ਦੀ ਕੁਲੀ ਸੀ ਉਹਨੂੰ ਵੀ ਉਡਾ ਕੇ ਲੈ ਜਾਏ ਤੇ ਕੁਲੀ ਤੋਂ ਬਿਨਾਂ ਹੀ ਉਦਿਆਨ ਮਾਇਨੇ ਜੰਗਲ ਵਿਚ ਭਰਮਦਾ ਹੋਵੇ।

"ਮਿਤ੍ਰ ਨ ਇਠ ਧਨ ਰੂਪਹੀਣ"...*(ਉਹੀ)* ਉਹਦਾ ਮਿਤ੍ਰ ਵੀ ਕੋਈ ਨਾ ਹੋਵੇ, ਮਿਤ੍ਰ ਮਾਇਨੇ ਪਿਆਰਾ ਵੀ ਕੋਈ ਨਾ ਹੋਵੇ, ਉਹਦੇ ਪੱਲੇ ਧਨ ਵੀ ਬੇਸ਼ਕ ਨਾ ਹੋਵੇ, ਉਹਦਾ ਰੂਪ ਵੀ ਬੇਸ਼ਕ ਚੰਗਾ ਨਾ ਹੋਵੇ।

"ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥" *(ਉਹੀ)*

ਉਹਦਾ ਸਾਕ-ਸਨਬੰਧੀ ਵੀ ਕੋਈ ਨਾ ਹੋਵੇ, ਉਹਨੂੰ ਗਲ ਨਾਲ ਲਾ ਕੇ ਪਿਆਰ ਕਰਨ ਵਾਲਾ ਵੀ ਕੋਈ ਨਾ ਹੋਵੇ ਜੇ ਉਹ ਅੱਥਰੂ ਕੇਰਦਾ ਹੋਵੇ ਤਾਂ ਉਹਦੇ ਅੱਥਰੂ ਪੂੰਝਣ ਵਾਲਾ ਸੁਹਿਰਦ ਵੀ ਕੋਈ ਨਾ ਹੋਵੇ, ਸੰਸਾਰੀ ਤੌਰ 'ਤੇ ਉਜੜਿਆ ਹੋਇਆ ਹੋਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ, ਜੇ ਉਹਦੇ ਕੋਲ ਇਕ ਚੀਜ ਹੈ ਤਾਂ ਉਹਨੂੰ ਉਜੜਿਆ ਹੋਇਆ ਨਾ ਸਮਝਿਓ ! ਉਹ ਸਾਰੀ ਸ੍ਰਿਸਟੀ ਦਾ ਰਾਜਾ ਹੈ :

"ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥" *(ਉਹੀ)*

ਜੇ ਉਹਦੇ ਹਿਰਦੇ ਅੰਦਰ ਪਰਮਾਤਮਾ ਦੇ ਨਾਮ ਦਾ ਸਿਮਰਨ ਚਲਦਾ ਹੈ, ਮਨ ਨਾਮ-ਰੰਗ ਵਿਖੇ ਰੰਗਿਆ ਹੈ ਤਾਂ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ, ਉਹਦੇ ਚਰਨਾਂ ਦੀ ਧੂੜ ਜੇ ਮਿਲ ਜਾਏ ਤਾਂ ਪਾਪੀਆਂ ਦੇ ਮਨਾਂ ਦਾ ਵੀ ਪਾਰ-ਉਤਾਰਾ ਹੋ ਜਾਂਦਾ ਹੈ :

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ...॥
ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥" *(ਅੰਗ ੬੭੯)*

ਵੇਖੋ, ਨਾਮ ਦੇ ਜਪਣ ਵਾਲਿਆਂ ਦੇ ਅੰਦਰ ਕੈਸੀ ਦਲੇਰੀ ਤੇ ਮਸਤੀ ਹੈ ! ਇਕ ਸੂਫੀ ਫਕੀਰ ਹੋਇਆ ਹੈ। ਉਹ ਸਰਦੀਆਂ ਦੇ ਦਿਨਾਂ ਵਿਚ ਲੰਮਾ ਪਿਆ ਹੋਇਆ ਸੀ। ਸੁਰਤ ਮਾਲਕ ਨਾਲ ਜੁੜੀ ਹੋਈ ਸੀ। ਸਕੰਦਰ ਉਹਦੇ ਕੋਲ ਆ ਗਿਆ। ਕਹਿਣ ਲੱਗਾ, 'ਪਿਆਰਿਆ ! ਮੈਂ ਤਿੰਨ ਮੁਲਕ ਫਤਿਹ ਕਰ ਲਏ ਨੇ; ਅੜਿਆ ਨਹੀਂ ਮੇਰੇ ਅੱਗੇ ਕੋਈ ! ਮੈਂ ਤੈਨੂੰ ਫਕੀਰ ਦਰਵੇਸ਼ ਜਾਣ ਕੇ ਤੇਰੇ ਕੋਲ ਆਇਆ ਹਾਂ ਕਿ ਮੇਰੇ ਕੋਲੋਂ ਕੁਝ ਮੰਗ। ਕਿੰਨਾ ਭੁਲੇਖਾ ਪੈ ਗਿਆ ਸਕੰਦਰ ਆਜਮ ਨੂੰ ? ਫਕੀਰ ਕੀ ਤੇ

ਮੰਗਣਾ ਕੀ ? ਮੰਗਦੇ ਤੇ ਉਹ ਨੇ ਜਿਹੜੇ ਤਨ ਦੇ ਫਕੀਰ ਨੇ ! ਜਿਹੜੇ ਮਨ ਦੇ ਸੰਤ ਨੇ, ਉਹ ਮੰਗਦੇ ਨਹੀਂ ! ਮੈਂ ਪੰਜਾਬੀ ਦਾ ਇਕ ਬਚਨ ਪੜ੍ਹਿਆ ਹੈ :

"ਭਾਵੇਂ ਬਸਤੀਆਂ ਛੱਡ ਉਜਾੜ ਬੈਠੇ, ਅੱਗੇ ਫਕਰਾਂ ਖੰਡ ਤੇ ਖੀਰ ਵੇਖੀ ।
ਇੱਕੋ ਫਕਰ ਜੱਗ 'ਤੇ ਹੈਨ ਰਾਜੀ, ਦੁਨੀਆਂਦਾਰ ਦੀ ਸ਼ਕਲ ਦਿਲਗੀਰ ਵੇਖੀ ।"

ਰੱਬ ਦੇ ਪਿਆਰੇ ਭਾਵੇਂ ਜੰਗਲਾਂ ਵਿਚ ਹੀ ਰਹਿੰਦੇ ਨੇ ਕਾਸਾ ਲੈ ਕੇ ਪਿੰਡ ਵਿਚ ਨਹੀਂ ਵੜਦੇ, ਅਲਖ ਨਹੀਂ ਜਗਾਉਂਦੇ, 'ਮਾਈ ਟੁੱਕਰ ਪਾ ।' ਪਰ ਜੰਗਲਾਂ ਵਿਚ ਖੰਡ-ਖੀਰ ਉਨ੍ਹਾਂ ਸਾਹਮਣੇ ਰੁਲਦੀ ਹੈ । ਜਿਹੜੇ ਰੱਬ ਦੇ ਪਿਆਰੇ ਨੇ, ਉਹ ਕੰਦਮੂਲ ਖਾ ਕੇ ਐਨ ਮਸਤ ਰਹਿੰਦੇ ਨੇ । ਰੱਬ ਨਾਲੋਂ ਵਿੱਛੜਿਆ ਹੋਇਆ ਆਦਮੀ ਕਸਟਡ, ਖੀਰ ਆਦਿ ਅਨੇਕ ਪਦਾਰਥ ਖਾ ਕੇ ਵੀ ਹਾਵੇ ਤੇ ਹਉਕੇ ਹੀ ਮਾਰਦਾ ਰਹਿੰਦਾ ਹੈ । ਹਾਵੇ-ਹਉਕੇ ਉਹਦਾ ਪਿੱਛਾ ਨਹੀਂ ਛੱਡਦੇ । ਫਕੀਰ ਬੋਲਿਆ, 'ਨਾਂ ਫਕੀਰ ਕੀ ਤੇ ਡਰ ਕੀ ? ਸਿਕੰਦਰ ਨੇ ਦੂਜੀ ਵਾਰਾਂ ਆਖਿਆ, 'ਫਕੀਰਾ ਕੁਝ ਮੰਗ !' ਨਹੀਂ ਬੋਲਿਆ। ਤੀਜੀ ਵਾਰਾਂ ਗੁੱਸੇ ਵਿਚ ਆਇਆ, 'ਓ ਸਾਧਾ ਕੁਝ ਮੰਗ !' ਤੇ ਫਕੀਰ ਬੇਪ੍ਰਵਾਹੀ ਨਾਲ ਕਹਿਣ ਲੱਗਾ, 'ਜਿਸ ਪਾਸੇ ਤੂੰ ਖਲੋਤਾਂ, ਏਧਰੋਂ ਸੂਰਜ ਚੜ੍ਹਿਆ ਹੈ ਤੇ ਤੇਰੇ ਖਲੋਣ ਨੇ, ਤੇਰੇ ਸਰੀਰ ਨੇ ਜਿਹੜੀ ਉਹਦੀ ਧੁੱਪ ਹੈ, ਉਹ ਰੋਕ ਲਈ ਹੈ । ਮੈਨੂੰ ਉਹਦਾ ਸੇਕ ਨਹੀਂ ਲਗਦਾ ਜਾਂ ਸੱਜੇ ਹੋ ਜਾ ਜਾਂ ਖੱਬੇ ਹੋ ਜਾ । ਸੂਰਜ ਦੀ ਜਿਹੜੀ ਅੱਲਾ ਮੀਆਂ ਦੀ ਧੁੱਪ ਹੈ ਇਹ ਛੱਡ ਦੇ।' ਸਿਕੰਦਰ ਨੂੰ ਗੁੱਸਾ ਆ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਿੰਟ-ਮਿੰਟ 'ਤੇ ਰਹਿਨੁਮਾਈ ਕਰਦੇ ਨੇ :

"ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥"
(ਅੰਗ ੭੪੯)

ਮਾਇਆ ਵਿਚ ਮਸਤ ਸੀ । ਸਿਕੰਦਰ ਗੁੱਸੇ ਵਿਚ ਆ ਗਿਆ ਤੇ ਐਨ ਜ਼ੋਰ ਨਾਲ ਲੱਤ ਮਾਰੀ ਫਕੀਰ ਨੂੰ । ਲੱਤ ਖਾ ਕੇ ਫਕੀਰ ਹੱਸ ਪਿਆ । ਹੱਸ ਕੇ ਕਹਿਣ ਲੱਗਾ, ਅੱਜ ਤਕ ਤੇ ਮੈਂ ਏਹੋ ਹੀ ਸੁਣਦਾ ਰਿਹਾ ਕਿ ਖੋਤੇ ਦੁਲੱਤੇ ਮਾਰਦੇ ਨੇ ਪਰ, ਮੈਨੂੰ ਅੱਜ ਪਤਾ ਲੱਗਾ ਕਿ ਹੁਣ ਬੰਦੇ ਵੀ ਦੁਲੱਤੇ ਮਾਰਨ ਲੱਗ ਪਏ ਨੇ! ਸਿਕੰਦਰ ਜਿਸ ਨੇ ਤਿੰਨ ਮੁਲਕ ਫਤੇ ਕਰ ਲਏ ਨੇ ਉਹਨੂੰ ਖੋਤਾ ਦੱਸਿਆ । ਪਰ ਉਹਦੇ ਕੋਲੋਂ ਡਰਿਆ ਨਹੀਂ ਕਿਉਂਕਿ ਅੰਦਰ ਨਿਡਰ ਵਸਤੂ ਹੈ :

"ਨਿਰਭਉ ਜਪੈ ਸਗਲ ਭਉ ਮਿਟੈ ॥" *(ਅੰਗ ੨੯੩)*

ਜਿਹੜਾ ਨਿਰਭਉ ਨਿਰੰਕਾਰ ਦਾ ਪੁਜਾਰੀ ਹੈ ਉਹਨੂੰ ਭਉ ਕਿਸੇ ਦਾ ਵੀ ਨਹੀਂ ਹੈ । ਮੈਂ ਜਦੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਬਚਨ ਕਰਦਾ ਹਾਂ ਸਾਹਿਬ ਮੈਨੂੰ ਹੋਕਾ ਦਿੰਦੇ ਨੇ :

"ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥" *(ਅੰਗ ੭੫੦)*
"ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥"
(ਉਹੀ)

ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥"

ਜਦੋਂ ਏਹੋ ਜਿਹਾ ਮਾਲਕ ਸਾਡੇ ਸਿਰ 'ਤੇ ਹੈ ਤਾਂ ਫਿਰ ਸਾਨੂੰ ਵਾਹਿਗੁਰੂ ਦੇ ਸਿਮਰਨ ਵਿਚ ਜੁੜ ਜਾਣਾ ਚਾਹੀਦਾ ਹੈ :

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ...॥
ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥" (ਅੰਗ ੬੭੯)

ਜਿਹੜੇ ਸਿਕੰਦਰ ਦਾ ਮੈਂ ਟੂਕ ਮਾਤਰ ਜ਼ਿਕਰ ਕੀਤਾ ਹੈ, ਮਾਇਆ ਦੀ ਹਾਲਤ ਸਿਕੰਦਰ ਦੀ ਏਨੀ ਉੱਚੀ ਸੀ ਕਿ ਕ੍ਰੋੜਾਂ ਅਰਬਾਂ ਰੁਪਿਆਂ ਨਾਲ ਉਹਦੇ ਖਜ਼ਾਨੇ ਭਰੇ ਹੋਏ ਸਨ। ਜਿਸ ਵੇਲੇ ਪੈਸੇ ਚਾਰ ਕੋਲ ਆ ਗਏ ਤਾਂ ਸਿਕੰਦਰ ਨੇ ਮੁੱਛਾਂ ਨੂੰ ਤਾਅ ਦੇ ਕੇ ਆਖਿਆ, 'ਹਮ ਇਨਸਾਨ ਨਹੀਂ। ਮੈਂ ਮਨੁੱਖ ਨਹੀਂ। ਮੈਨੂੰ ਆਦਮੀ ਨਾ ਸਮਝਿਓ।' ਅਮੀਰਾਂ ਵਜ਼ੀਰਾਂ ਆਖਿਆ, 'ਫਿਰ ਤੂੰ ਕੀ ਏਂ ?' ਕਹਿਣ ਲੱਗਾ, 'ਮੈਂ ਖੁਦਾ। ਆਪ ਮੈਂ ਅੱਲਾ ਮੀਆਂ।' ਸ਼ੁੱਕਰ ਕਰੋ ਹੁਣ 'ਤੇ ਜਿਹੜਾ ਕੋਈ ਆਉਂਦਾ, ਕਹਿੰਦਾ, 'ਮੈਂ ਗੁਰੂ ਹੁੰਨਾਂ!' ਉਹ ਜਿਹੜੇ ਪੁਰਾਣੇ ਸੀ ਗੁਰੂ ਨਹੀਂ ਸੀ ਬਣਦੇ। ਕਹਿੰਦੇ, 'ਅਸੀਂ ਰੱਬ ਹੁੰਦੇ ਹਾਂ ਜਿਹੜੇ ਗੁਰੂਆਂ ਨੂੰ ਭੇਜਦੇ ਹਾਂ।' ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਕ ਬਚਨ ਲਿਖਿਆ ਹੈ :

"ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।" (ਵਾਰ ੨੧:੧੪)

ਕੀ ਹੋਇਆ ਜੇ ਉੱਚੇ ਮਹੱਲ ਉਸਾਰ ਲਏ ? ਬੜੇ ਬੜੇ ਚੰਗੇ ਵਿਛਾਉਣੇ ਉਨ੍ਹਾਂ ਮਹੱਲਾਂ ਵਿਚ ਵਿਛਾ ਲਏ !

"ਵਡੇ ਦੁਨੀਆਦਾਰ ਨਾਉ ਗਣਾਵਣੇ ।" (ਉਹੀ)

ਬੜੇ ਬੜੇ ਵੱਡੇ ਦੁਨੀਆਂਦਾਰਾਂ ਵਿਚ ਨਾਉਂ ਗਿਣਿਆ ਗਿਆ। ਮੇਰਾ ਜਬਲਪੁਰ ਆਉਣ-ਜਾਣ ਹੈ। ਜਬਲਪੁਰ ਇਕ ਬੜਾ ਵੱਡਾ ਸੇਠ ਹੈ। ਉਹਦੀ ਮਾਇਆ ਦਾ ਕੋਈ ਅੰਤ ਨਹੀਂ ਪਰ ਉਹਦੇ ਵੱਡੇ-ਵਡੇਰਿਆਂ ਨੇ ਅੱਜ ਤੋਂ ਕਈ ਪੁਸ਼ਤਾਂ ਪਹਿਲਾਂ ਤੇਲੀ ਕੋਲ ਆਪਣੀ ਗੜਵੀ ਅੱਠ ਆਨਿਆਂ ਵਿਚ ਗਹਿਣੇ ਪਾਈ ਸੀ ਤੇ ਹੁਣ ਉਹ ਹੋ ਗਏ ਨੇ ਅਰਬਾਂਪਤੀ। ਕਈ ਵਾਰਾਂ ਉਸ ਤੇਲੀ ਦੇ ਘਰ ਉਹ ਗਏ ਨੇ ਕਿ ਜਿੰਨੇ ਲੱਖ ਰੁਪਈਆ ਚਾਹੀਦਾ, ਉਨੇ ਲੱਖ ਲੈ ਲਉ ਤੇ ਉਹ ਗੜਵੀ ਦੇ ਦਿਉ ਜਿਹੜੀ ਸਾਡੇ ਵੱਡੇ-ਵਡੇਰੇ ਨੇ ਤੁਹਾਡੇ ਕੋਲ ਗਹਿਣੇ ਪਾਈ ਸੀ। ਤੇਲੀ ਅਜੇ ਵੀ ਗਰੀਬ ਹੀ ਹਨ ਪਰ ਆਕੜਬਾਜ ਐਨੇ ਹਨ ਕਿ ਕਹਿੰਦੇ ਨੇ ਕਿ ਤੁਹਾਡਾ ਲੱਖਾਂ ਰੁਪਿਆ ਅਸੀਂ ਨਹੀਂ ਲੈਂਦੇ! ਐਨਾ ਤਾਂ ਹੈ ਨਾ ਕਿ ਤੁਹਾਡੇ ਵੱਡੇ-ਵਡੇਰੇ ਨੇ ਸਾਡੇ ਵੱਡੇ ਕੋਲ ਅੱਠ ਆਨਿਆਂ ਵਿਚ ਗੜਵੀ ਗਹਿਣੇ ਪਾਈ ਸੀ ਤੇ ਤੁਸੀਂ ਸਾਡੀ ਸਾਮੀ ਹੋ, ਸਾਡੇ ਕੋਲੋਂ ਪੈਸੇ ਲੈ ਕੇ ਵਰਤਦੇ ਸੀ ! ਏਨੀ ਗੱਲ ਤੇ ਹੈ ਹੀ ! ਇਹ ਤਾਂ ਤੁਹਾਨੂੰ ਚੇਤਾ ਆਉਂਦਾ ਹੋਵੇਗਾ ਕਿ ਸਾਡੀ ਪਿਛਲੀ ਕਰਤੂਤ ਕੀ ਹੈ ! ਕੀ ਹੋਇਆ ਵੱਡੇ ਵੱਡੇ ਦੁਨੀਆਂਦਾਰਾਂ ਵਿਚ ਨਾਂ ਗਿਣਿਆ ਗਿਆ ?

"ਕਰਿ ਗੜ ਕੋਟ ਹਜਾਰ ਰਾਜ ਕਮਾਵਣੇ । (ਉਹੀ)

ਬੜੇ ਬੜੇ ਕਿਲ੍ਹੇ ਬਣਾ ਕੇ ਰਾਜੇ ਬਣ ਕੇ ਹਕੂਮਤ ਕਰਨ ਲੱਗ ਪਏ।

"ਲਖ ਲਖ ਮਨਸਬਦਾਰ ਵਜਹ ਵਧਾਵਣੇ।" *(ਉਹੀ)*

ਲੱਖਾਂ ਲੱਖਾਂ ਵਜ਼ੀਰ ਅਹੁਦੇਦਾਰ ਸਿਪਾਹੀ ਆਦਿ ਰੱਖ ਲਏ, ਆਏ ਵਰ੍ਹੇ ਉਨ੍ਹਾਂ ਦੀਆਂ ਤਨਖਾਹਾਂ ਤੇ ਅਹੁਦੇ ਵਧਾਉਂਦਾ ਹੈ।

"ਪੂਰ ਭਰੇ ਅਹੰਕਾਰ ਆਵਨ ਜਾਵਣੇ।
ਤਿਤੁ ਸਚੇ ਦਰਬਾਰ ਖਰੇ ਡਰਾਵਣੇ ॥" *(ਉਹੀ)*

ਅਹੰਕਾਰ ਨਾਲ ਪੂਰੇ ਭਰੇ ਹੋਏ ਸਨ। ਨਾਮ ਚੇਤਿਆ ਨਹੀਂ ਸੀ, ਨਾ ਜੰਮਣਾ ਮਰਣਾ ਮੁੱਕਾ ਨਹੀਂ। ਜਿਸ ਵੇਲੇ ਰੱਬ ਦੇ ਦਰਬਾਰ ਵਿਚ ਗਏ "ਖਰੇ ਡਰਾਵਣੇ" ਮਸ਼ਹੂਰ ਹੈ ਕਿ ਚੰਗੀ ਤਰ੍ਹਾਂ ਡਰਾਏ ਗਏ। ਕਈ ਉਨ੍ਹਾਂ ਨੂੰ ਦੁੱਖ-ਤਕਲੀਫਾਂ ਦਿੱਤੀਆਂ। ਸੁਖੀ ਕੌਣ ਨੇ ?

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ...॥
ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥"

(ਅੰਗ ੬੭੯)

ਜਿਸ ਵੇਲੇ ਸਿਕੰਦਰ ਆਪਣੇ ਆਪ ਵਿਚ ਰੱਬ ਬਣ ਗਿਆ, ਸਮੇਂ ਨਾਲ ਅੰਨ ਖਤਮ ਹੋ ਗਿਆ, ਜਲ ਖਤਮ ਹੋ ਗਿਆ, ਸੁਆਸ ਖਤਮ ਹੋ ਗਏ। ਹੁਕਮ ਆ ਗਿਆ ਦਰਗਾਹ ਦਾ ਕਿ ਬੰਨ੍ਹ ਕੇ ਲੈ ਆਉ ਸਿਕੰਦਰ ਨੂੰ ! ਮੈਂ ਉਹਦੇ ਸਬੰਧ ਵਿਚ ਪੜ੍ਹਿਆ ਹੈ ਕਿ :

"ਜਰ ਸਿਕੰਦਰ ਨੇ ਜਮਾਂ ਕਰ ਕਹ ਦੀਆ ਹੂੰ ਮੈਂ ਖੁਦਾ"

ਸੋਨਾ ਚਾਂਦੀ ਮਾਲ ਧਨ ਜਮ੍ਹਾਂ ਕਰ ਕੇ ਰਹਿਣ ਲੱਗਾ, 'ਮੈਂ ਰੱਬ ਹੁੰਨਾਂ।'

"ਵਖਤ ਪੜਨੇ ਪਰ ਖੁਦਾ ਸੇ ਸਬ ਹੋਨੇ ਲਗੇ ਜੁਦਾ।"

ਜਦੋਂ ਸਿਕੰਦਰ ਦਾ ਰੱਬ ਨਾਲ ਵਾਹ ਪਿਆ ਤਾਂ ਉਦੋਂ ਪਤਾ ਲੱਗਾ ਕਿ ਅੰਗ-ਸਾਕ, ਭੈਣ-ਭਰਾ ਇਹ ਤਾਂ ਸਭ ਵਿੱਛੜਦੇ ਜਾ ਰਹੇ ਨੇ, ਜਿਨ੍ਹਾਂ ਵਾਸਤੇ ਮੈਂ ਅੱਤਿਆਚਾਰ ਕੀਤਾ, ਜ਼ੁਲਮ ਕੀਤੇ, ਖ਼ੂਨ ਕੀਤੇ ਉਹ ਤੇ ਸਭ ਵਿਛੁੜ ਰਹੇ ਨੇ !

"ਸਭ ਅਮੀਰੋਂ ਔਂ ਸਭ ਵਜੀਰੋਂ ਬੇਗਮੋਂ ਸੇ ਯੂੰ ਕਹਾ।
ਹੈ ਕੋਈ ਮੁਝ ਕੋ ਬਚਾਨੇ ਕੇ ਲੀਏ ਅਹਲੇ ਵਫ਼ਾ ?"

ਅਮੀਰ-ਵਜ਼ੀਰ ਇਕੱਠੇ ਕਰ ਲਏ। ਵਿਆਹ ਕੇ ਲਿਆਂਦੀਆਂ ਬੇਗਮਾਂ ਸੱਦ ਲਈਆਂ ਤੇ ਸਾਰਿਆਂ ਨੂੰ ਪੁੱਛਿਆ, 'ਤੁਹਾਡੇ ਵਿਚੋਂ ਕੋਈ ਐਸਾ ਵਫਾਦਾਰ ਹੈ ਜਿਹੜਾ ਮੇਰੇ ਥਾਂ ਮਰ ਜਾਏ ਤੇ ਮੈਂ ਜੀਉਂਦਾ ਰਹਾਂ ?' ਅਮੀਰਾਂ ਨੇ ਸਿਰ ਫੇਰ ਦਿੱਤਾ ਕਿ ਤੇਰੇ ਥਾਂ 'ਤੇ ਕਿਸੇ ਨੇ ਬਹਿਣਾ ਹੈ; ਅਸੀਂ ਉਹਦੇ ਅਮੀਰ ਬਣ ਜਾਵਾਂਗੇ ! ਵਜ਼ੀਰ ਨੇ ਆਖਿਆ, 'ਤੇਰੇ ਥਾਂ ਕਿਸੇ ਨੇ ਤਾਂ ਤਖਤ ਮੱਲਣਾ ਹੈ; ਅਸੀਂ ਉਹਦੀ ਵਜੀਰੀ ਕਰ ਲੈਣੀ ਹੈ। ਤੇਰੇ ਥਾਂ ਕੌਣ ਮਰੇ ? ਜਿਹੜੀਆਂ ਵਿਆਹ ਕੇ ਲਿਆਂਦੀਆਂ ਬੇਗਮਾਂ ਸਨ, ਉਹ ਕਹਿਣ ਲੱਗੀਆਂ, 'ਨਹੀਂ ਇਹ ਸੌਦਾ ਸਾਨੂੰ ਮਨਜ਼ੂਰ ਨਹੀਂ। ਮੌਤ ਤੇਰੀ ਆਈ ਹੈ, ਮਰ ਅਸੀਂ

ਜਾਈਏ ? ਇਹ ਲਿਖਿਆ ਕਿੱਥੇ ਹੈ ? ਜਿਸ ਵੇਲੇ ਅਮੀਰਾਂ-ਵਜੀਰਾਂ ਸਭ ਕੁਟੰਬ ਕਬੀਲੇ ਨੇ ਜੁਆਬ ਦੇ ਦਿੱਤਾ,

"ਫਿਰ ਸਭ ਮੁਲਕੇ ਜੂਨਾਨ ਹਿਕਮਤਗਰੋਂ ਸੇ ਯੂੰ ਕਹਾ,
"ਐ ਤਬੀਬੋ ! ਹੈ ਕੋਈ ਮੌਤ ਕੀ ਇਸ ਵਕਤ ਦਵਾ ॥"

ਜੂਨਾਨ ਦੇ ਸਾਰੇ ਹਕੀਮ ਬੁਲਾ ਲਏ, 'ਓਏ ਹਕੀਮੋਂ ਕੋਈ ਮੌਤ ਦੀ ਗੋਲੀ ਵੀ ਹੈ ? ਜੇ ਕੋਈ ਐਸਾ ਨੁਖਸਾ ਬਣਾਇਆ ਜੇ ਕਿ ਗੋਲੀ ਖਾਈਏ ਤਾਂ ਮੌਤ ਨਾ ਮਾਰੇ ? ਇੱਕ ਦਾਨਾ ਜਿਹਾ ਹਕੀਮ ਸੀ। ਉਹ ਬੋਲਿਆ, 'ਸਿਕੰਦਰਾ "ਕਾਲ ਮਹਾ ਬਲੀ ਹਲਚਲੀ ਮੇਲੇ ਗਲ ਗਲੀ ਹਾਰੇ ਮਹਾ ਬਲੀ ਦਾਲ ਕਾਹੂੰ ਕੀ ਨ ਗਲੀ।"

ਏਸ ਮੌਤ ਦੇ ਸਾਹਮਣੇ ਕਿਸੇ ਦੀ ਦਾਲ ਨਹੀਂ ਗਲੀ; ਤੈਨੂੰ ਵੀ ਜਾਣਾ ਹੀ ਪੈਣਾ ਹੈ ! ਆਖਰੀ ਦਮ ਸੀ ਸਿਕੰਦਰ ਦਾ।

"ਢੇਰ ਦੌਲਤ ਕੇ ਲਗਾ ਕਰ, ਹਾਥ ਮੇਂ ਲੇ ਯੂੰ ਕਹਾ,
ਤੂ ਭੀ ਮੁਝ ਕੋ ਛੋੜਤੀ ਹੈ, ਅਬ ਤੋ ਮੈਂ ਤਨਹਾ ਚਲਾ।"

ਐ ਦੌਲਤ ! ਤੈਨੂੰ ਇਕੱਤਰ ਕਰਨ ਵਾਸਤੇ ਲੋਕਾਂ ਦੇ ਬੱਚੇ ਮਾਰ ਕੇ, ਸੁੰਦਰੀਆਂ ਦੇ ਸੁਹਾਗ ਮਿੱਟੀ ਵਿਚ ਮਿਲਾ ਕੇ, ਭੈਣਾਂ ਦੇ ਰੋਂਦਿਆਂ-ਧੋਂਦਿਆਂ ਉਨ੍ਹਾਂ ਦੇ ਵੀਰ ਮੈਂ ਕਤਲ ਕਰਕੇ ਐ ਦੌਲਤ, ਮੈਂ ਤੈਨੂੰ ਜਮ੍ਹਾਂ ਕੀਤਾ ਸੀ ਪਰ ਤੂੰ ਵੀ ਮੈਨੂੰ ਛੱਡ ਰਹੀ ਹੈਂ! ਹੁਣ ਤੇ ਮੈਂ ਇਕੱਲਾ ਹੀ ਚੱਲਿਆ ਹਾਂ !

"ਦਰ ਸਿਕੰਦਰ ਕਾ ਜਨਾਜਾ ਕੂਚਾ ਕੂਚਾ ਮੇਂ ਫਿਰੇ,
ਤਾ ਕਿ ਹੋ ਮਾਲੂਮ ਸਭ ਕੋ, ਆਖਰਤ ਕਾ ਯਿਹ ਮਜ਼ਾ।"

ਮਰਦਾ ਹੋਇਆ ਏਨੀ ਗੱਲ ਸਿਕੰਦਰ ਕਹਿ ਗਿਆ ਕਿ ਮੇਰਾ ਜਨਾਜ਼ਾ ਗਲੀ ਗਲੀ ਫੇਰਿਓ; ਮੇਰੇ ਹੱਥ ਖੱਫਣ ਵਿੱਚੋਂ ਬਾਹਰ ਰੱਖਿਓ ਤੇ ਖੁਲ੍ਹੇ ਰੱਖਿਓ ! ਲੋਕਾਂ ਨੂੰ ਪਤਾ ਲੱਗ ਜਾਏ ਕਿ ਅਰਬਾਂ ਰੁਪਈਆਂ ਦਾ ਮਾਲਕ ਸਿਕੰਦਰ ਜਾਂਦਾ ਹੋਇਆ ਕੱਖ ਨਹੀਂ ਲੈ ਕੇ ਗਿਆ, ਖਾਲੀ ਹੱਥੀਂ ਚਲੇ ਗਿਆ, ਜਾਂਦਾ ਹੋਇਆ ਰੋਂਦਾ ਹੀ ਚਲੇ ਗਿਆ। ਜਲੂਸ ਕੱਢ ਕੇ ਕਬਰ ਵਿਚ ਦਫਨਾ ਦਿੱਤਾ।

"ਜਿਸ ਕਾ ਲਖਤੇ ਜਿਗਰ ਥਾ ਉਸ ਕਾ ਜਿਗਰ ਫਟਨੇ ਲਗਾ,
ਵੋ ਪੂਛਤੀ ਹੈ ਹਰ ਬਸ਼ਰ ਕੋ ਹੈ ਸਿਕੰਦਰ ਕੌਨ ਜਾ ?"

ਜਿਸ ਮਾਂ ਦੇ ਦਿਲ ਦਾ ਟੁਕੜਾ ਸੀ ਉਹ, ਉਸ ਮਾਂ ਦਾ ਦਿਲ ਲੱਗਾ ਪਾਟਣ। ਰੋਂਦੀ ਹੋਈ ਹਰ ਇੱਕ ਨੂੰ ਪੁੱਛਦੀ ਫਿਰੇ, 'ਵੇ ਲੋਕੋ ! ਮੇਰਾ ਸਿਕੰਦਰ ਕਿੱਥੇ ਹੈ ? ਵੇ ਤੁਸੀਂ ਲੈ ਕੇ ਗਏ ਸੋ ਮੇਰੇ ਸਿਕੰਦਰ ਨੂੰ; ਕਿਥੇ ਛੱਡ ਆਏ ਹੋ ? ਵੇ ਲੋਕੋ ! ਮੈਨੂੰ ਕੋਈ ਮੇਰਾ ਸਿਕੰਦਰ ਮਿਲਾ ਦਿਉ ! ਮੈਂ ਉਹਦੇ ਨਾਲ ਦੋ ਗੱਲਾਂ ਕਰਨੀਆਂ ਨੇ !' ਰੋ ਰੋ ਕੇ ਕਮਲੀ ਹੋ ਗਈ ਮਾਈ। ਕਿਸੇ ਨੇ ਆਖਿਆ, 'ਰੋ ਨਾ, ਕਬਰਾਂ ਵਿਚ ਚਲੀ ਜਾਹ! ਜਿਹੜੀ ਸਭ ਤੋਂ ਤਾਜਾ ਕਬਰ ਹੈ ਉਹ ਤੇਰੇ ਪੁੱਤਰ ਦੀ ਹੈ। ਉਥੇ ਆਵਾਜ਼ ਮਾਰ ਕੇ ਪੁੱਛ ਲਾ, ਜੇ ਜਵਾਬ ਦਿੰਦਾ ਈ ਤੇ !'

"ਕਬਰ ਪਰ ਅਪਨੇ ਪਿਸਰ ਕੀ ਫਿਰ ਸੁਖਨ ਕਹਨੇ ਲਗੀ,
ਓ ਸਿਕੰਦਰ ਓ ਸਿਕੰਦਰ ਵੋ ਮੁਹੱਬਤ ਮੱਤ ਭੁਲਾ ।"

ਕਬਰਾਂ ਵਿਚ ਜਾ ਕੇ ਆਪਣੇ ਪੁੱਤਰ ਦੀ ਕਬਰ ਦੇ ਸਿਰ੍ਹਾਣੇ ਵੱਲ ਖਲੋ ਕੇ ਕਹਿਣ ਲੱਗੀ, 'ਵੇ ਸਿਕੰਦਰਾ ! ਵੇ ਤੂੰ ਮੇਰੇ ਬਿਨਾਂ ਘੜੀ ਨਾ ਰਹਿ ਸਕੇਂ ! ਵੇ ਸਿਕੰਦਰਾ ! ਮੈਨੂੰ ਤੇਰੇ ਬਿਨਾਂ ਜਹਾਨ ਉਜੜਿਆ ਜਾਪੇ ! ਵੇ ਸਿਕੰਦਰਾ ! ਤੂੰ ਕਿਹੜੀ ਨੀਂਦ ਸੌਂ ਗਿਓਂ ?' ਬੜੀਆਂ ਆਵਾਜ਼ਾਂ ਮਾਰੀਆਂ ।

"ਆਖ਼ਰੀ ਤੋ ਅਰਸ਼ ਸੇ ਆਵਾਜ਼ ਯਹ ਆਨੇ ਲਗੀ,
ਕਿ ਆ ਚੁਕੇ ਐਸੇ ਸਿਕੰਦਰ ਲਾਖੋਂ ਦਫਾ !"

ਮਾਈ ਦੇ ਕੰਨਾਂ ਵਿਚ ਆਵਾਜ਼ ਆਈ, 'ਐਹੋ ਜਿਹੇ ਲੱਖਾਂ ਸਿਕੰਦਰ ਆਏ, ਲੱਖਾਂ ਚਲੇ ਗਏ !'

"ਰੋਵੇ ਮਾਂ ਸਿਕੰਦਰ ਸ਼ਾਹ ਦੀ, ਆਖੇ ਰੋੜ੍ਹ ਗਿਆ ਰੱਬ ਬੇੜੇ ਨੂੰ !
ਕਬਰਾਂ ਦੇ ਵਿਚ ਕਰੇ ਸਿਆਪਾ, ਕਰਕੇ ਕੱਠਾ ਵੇਹੜੇ ਨੂੰ ।"

ਅਰਸ਼ੋਂ ਇੱਕ ਆਵਾਜ਼ ਜੋ ਆਈ, 'ਨੀ ਤੂੰ ਰੋਨੀਂ ਆ ਕੇਹੜੇ ਕੇਹੜੇ ?" ਰੋਂਦੀ-ਰੋਂਦੀ ਮਾਂ ਨੂੰ ਅਰਸ਼ੋਂ ਇਕ ਗੈਬੀ ਆਵਾਜ਼ ਨੇ ਪੁੱਛਿਆ, 'ਕੀਹਨੂੰ ਰੋਂਦੀ ਆਂ ?' ਕਹਿਣ ਲੱਗੀ, 'ਆਪਣੇ ਪੁੱਤ ਸਿਕੰਦਰ ਨੂੰ ।' ਅਰਸ਼ੋਂ ਆਵਾਜ਼ ਆਈ ਕਿ ਇਥੇ ਕਈ ਸਿਕੰਦਰ ਆਏ ਤੇ ਕਈ ਚਲੇ ਗਏ ! ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਚਨ ਕਰਦੇ ਨੇ

"ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥
ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥੧॥
ਭੀ ਸਾਲਾਹਿਹੁ ਸਾਚਾ ਸੋਇ ॥ ਜਾ ਕੀ ਨਦਰਿ ਸਦਾ ਸੁਖੁ ਹੋਇ ॥ਰਹਾਉ॥

... ...

ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥
ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥
ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥ ੩॥

(ਅੰਗ ੫੯੫)

ਮਨ ! ਜੇ ਤੈਨੂੰ ਪਤਾ ਹੋਵੇ ਕਿ ਅੱਗੇ ਸੂਲਾਂ ਚੁੱਭਣੀਆਂ ਨੇ, ਫਿਰ ਤੂੰ ਵਿਕਾਰਾਂ ਨੂੰ ਮਿੱਠੇ ਸਮਝ ਕੇ ਕਿਉਂ ਭੋਗੇਂ ?

"ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥ (ਉਹੀ)

ਜੇ ਗੁਣ ਪੱਲੇ ਨੇ ਤਾਂ ਜ਼ੰਜੀਰ ਕੱਟੇ ਜਾਣਗੇ ਮੌਤ ਦੇ ! ਜੇ ਨਹੀਂ ਤਾਂ ਕਿਸੇ ਨੇ ਸਿਫ਼ਾਰਸ਼ ਨਹੀਂ ਮੰਨਣੀ । ਬੇਪੀਰ ਜਾਣ ਕੇ ਮਾਰ ਮਾਰ ਕੇ ਤੈਨੂੰ ਨਰਕਾਂ ਅੰਦਰ ਭੇਜ

ਦੇਣਗੇ ! ਤੇਰੀ ਕਿਸੇ ਨੇ ਬਹੁੜੀ ਨਹੀਂ ਕਰਨੀ ! ਸਿਕੰਦਰ ਦੀ ਬਹੁੜੀ ਕਿਸੇ ਨਹੀਂ ਕੀਤੀ, ਤੇਰੀ ਬਹੁੜੀ ਕਿਹੜਾ ਕਰੇਗਾ ? ਬੇਅੰਤ ਧਰਤੀ, ਅਰਬਾਂ ਖਰਬਾਂ ਰੁਪਿਆਂ ਦਾ ਫੌਜਾਂ ਦਾ ਮਾਲਕ ਹੁੰਦਾ ਹੋਇਆ ਸਿਕੰਦਰ ਰੋਂਦਾ ਗਿਆ। ਪਰ ਪ੍ਰਭੂ ਦੇ ਪਿਆਰਿਆਂ ਵੱਲ, ਭਗਤ ਕਬੀਰ ਜੀ ਵੱਲ ਵੇਖੋ, ਦੁਨਿਆਵੀ ਧਨ ਨਹੀਂ ਰਾਮ-ਧਨ ਇਕੱਠਾ ਕੀਤਾ ਹੈ ਤੇ ਮੌਤ ਨੂੰ ਵੇਖ ਡਰਦਾ ਨਹੀਂ। ਭਗਤ ਕਬੀਰ ਜੀ ਕਹਿੰਦੇ ਹਨ :

"ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥"

(ਅੰਗ ੧੩੬੭)

ਮੈਨੂੰ ਚਾਅ ਹੈ ਮਰਨ ਦਾ ਪਰ ਮੈਂ ਮਰਨਾ ਚਾਹੁੰਨਾ ਵਾਹਿਗੁਰੂ ਦੇ ਦੁਆਰੇ। ਜੇ ਮੈਂ ਉਹਦੇ ਦੁਆਰੇ ਉੱਤੇ ਮਰ ਗਿਆ, ਕਦੇ ਤਾਂ ਲੰਘਦਾ ਹੋਇਆ ਪੁੱਛੇਗਾ, ਮੇਰੇ ਦੁਆਰੇ 'ਤੇ ਕੌਣ ਪਿਆ ਹੈ ? ਮਰਨ ਵਾਲਿਆ ! ਤੂੰ ਕੌਣ ਹੈਂ ? ਉਹਦੇ ਚਰਨ ਛੂਹ ਜਾਣਗੇ ! ਉਹਦੀ ਆਵਾਜ ਕੰਨਾਂ ਵਿਚ ਪੈ ਜਾਏਗੀ ਤੇ ਅੰਤ ਵੇਲੇ ਉਹਦਾ ਦਰਸ਼ਨ ਹੋ ਜਾਏਗਾ ! ਮੈਂ ਲੋਕ-ਸੁਖੀਆ ਪਰਲੋਕ ਸੁਹੇਲਾ ਹੋ ਜਾਵਾਂਗਾ। ਨਾਮ ਜਪਣ ਕਰਕੇ ਕਬੀਰ ਅੱਜ ਤਕ ਅਮਰ ਹੈ। ਸਾਹਿਬ ਸੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਹੋਕਾ ਆਇਆ ਹੈ ਕਿ ਜਿਸ ਗੜ੍ਹ ਕੋਟ ਕੀਏ ਕੰਚਨ ਕੇ ਛੋਡ ਗਇਆ ਸੋ ਰਾਵਣ।

ਜਿਸ ਰਾਵਣ ਨੇ ਸੋਨੇ ਦੇ ਕਿਲ੍ਹੇ ਤੇ ਦੀਵਾਰਾਂ ਬਣਾ ਦਿੱਤੀਆਂ, ਰਿਹਾ ਤੇ ਉਹ ਵੀ ਨਹੀਂ ! ਭਾਵੇਂ ਰੋਂਦਾ ਗਿਆ ਤੇ ਭਾਵੇਂ ਹੱਸਦਾ, ਛੱਡ ਕੇ ਤੇ ਉਹਨੂੰ ਵੀ ਜਾਣਾ ਹੀ ਪਿਆ ! ਜਿਸ ਵੇਲੇ ਭਗਤਾਂ ਦੇ ਕਾਬੂ ਆ ਗਿਆ ਭਗਤਾਂ ਨੇ ਮੂਰਖ ਦਾ ਖਿਤਾਬ ਦਿੱਤਾ :

"ਲੰਕਾ ਗਢੁ ਸੋਨੇ ਕਾ ਭਇਆ ॥ (੧੧੫੮)
ਮੂਰਖੁ ਰਾਵਨੁ ਕਿਆ ਲੇ ਗਇਆ ॥ *(ਉਹੀ)*

ਆਪਣੀ ਪਾਲੀ ਭਾਸ਼ਾ ਵਿਚ ਬੇਦਾਂ ਦਾ ਟੀਕਾ ਕਰਨ ਵਾਲਾ ਜਿਸ ਦਾ

"ਇਕੁ ਲਖੁ ਪੂਤ ਸਵਾ ਲਖੁ ਨਾਤੀ॥" *(ਅੰਗ ੪੮੧)*

ਇਕ ਲੱਖ ਪੁੱਤਰ ਸਵਾ ਲੱਖ ਪੋਤਰਾ ਅਸਾਂ ਉਹਨੂੰ ਮੂਰਖ ਆਖਣਾ ਹੈ। ਮੈਂ ਹਿੰਦੀ ਸਾਹਿਤ ਦੇ ਵਿਚੋਂ ਇਕ ਬਚਨ ਪੜ੍ਹਿਆ :

ਦੇਖ ਕੇ ਪ੍ਰਤਾਪ ਤਾਪ, ਤਪਨ ਕੋ ਮੰਦ ਹੋਤ,
ਤਰਣ ਹਰਣ ਤੇਜ ਕਾਲ, ਕੀਨ ਛੀਨ ਛੀਨ।
ਸਸ ਮੁਖੀ ਪਿਕ ਬੈਨੀ ਸੁੰਦਰੀ ਕੁਰੰਗ ਨੈਨੀ,
ਸੁਰੀ ਨਰੀ ਕਿੰਨਰੀ ਪ੍ਰਬੀਨ ਲੀਨ ਬੀਨ ਬੀਨ।
ਜੀਵਨ ਮ੍ਰਿਗਿੰਦਰ ਜਾ ਕੇ ਕੰਚਨ ਰਚਤ ਗੜ੍ਹ,
ਜੁਵਾ ਜੋਰ ਰਾਮ ਬੈਰ ਰਾਵਣ ਸੇ ਪੀਨ ਪੀਨ।
ਸਿਵ ਸੇ ਸਹਾਈ ਭਾਈ ਜਾ ਕੇ ਕੁਭ ਕਾਨ ਹੂੰ ਸੇ

ਮੇਘ ਨਾਦ ਸੇ ਸਪੂਤ ਬਿਕੇ ਕੌਡੀ ਤੀਨ ਤੀਨ।

ਅਰਥ = ***ਦੇਖ ਕੇ ਪ੍ਰਤਾਪ ਤਾਪ, ਤਪਨ ਕੋ ਮੰਦ ਹੋਤ,***

ਰਾਜੇ ਰਾਵਣ ਦੇ ਪ੍ਰਤਾਪ ਨੂੰ ਵੇਖ (ਤਪਨ) ਅੱਗ ਦਾ ਤੇਜ ਵੀ ਫਿੱਕਾ ਪੈ ਜਾਂਦਾ ਸੀ।

"ਤਰਣ ਹਰਣ ਤੇਜ ਕਾਲ, ਕੀਨ ਛੀਨ ਛੀਨ।"

(ਤਰਣ) ਸੂਰਜ ਦਾ ਪ੍ਰਕਾਸ਼ ਵੀ ਰਾਜੇ ਰਾਵਣ ਦੇ ਸਾਹਮਣੇ ਮੱਧਮ ਹੋ ਜਾਂਦਾ ਸੀ। ਪਰ (ਕਾਲ) ਸਮਾਂ ਆਇਆ ਤਾਂ ਐਸੇ ਰਾਜੇ ਰਾਵਣ ਦੇ ਵੀ ਸਮੇਂ ਨੇ ਟੁਕੜੇ ਟੁਕੜੇ ਕਰ ਦਿੱਤੇ। ਜਿਹੜੇ ਰਾਵਣ ਨੇ :

"ਸੁਰੀ ਨਰੀ ਕਿੰਨਰੀ ਪ੍ਰਬੀਨ ਲੀਨ ਬੀਨ ਬੀਨ।"

(ਸੁਰੀ) ਦੇਵਤਿਆਂ ਦੀਆਂ ਇਸਤਰੀਆਂ (ਨਰੀ) ਆਦਮੀਆਂ ਦੀਆਂ ਇਸਤ੍ਰੀਆਂ (ਕਿੰਨਰੀ) ਜਿਹੜੇ ਦੇਵਤਿਆਂ ਦੇ ਦਰਬਾਰ ਵਿਚ ਜਖਸ਼ ਗੰਧਰਬ ਕਿੰਨਰ ਗਾਉਂਦੇ ਨੇ ਉਨ੍ਹਾਂ ਦੀਆਂ ਇਸਤਰੀਆਂ (ਪ੍ਰਬੀਨ) ਬੜੀਆਂ ਬੜੀਆਂ ਚਤਰ ਇਸਤ੍ਰੀਆਂ ਲੱਭ ਲੱਭ ਕੇ ਰਾਜਿਆਂ ਕੋਲੋਂ, ਕਰੋੜਪਤੀਆਂ ਕੋਲੋਂ, ਦੇਵਤਿਆਂ ਕੋਲੋਂ, ਕਿੰਨਰਾਂ ਕੋਲੋਂ, ਜਖਛਾਂ ਕੋਲੋਂ ਖੋਹ ਕੇ ਉਹ ਜ਼ਨਾਨੀਆਂ ਆਪਣੀ ਲੰਕਾ ਵਿਚ ਲਿਆ ਕੇ ਵਸਾ ਲਈਆਂ, ਕੋਈ ਮਾਈ ਦਾ ਲਾਲ ਉਫ ਨਾ ਕਰ ਸਕਿਆ।

"ਜੀਵਨ ਮ੍ਰਿਗਿੰਦਰ ਜਾ ਕੇ ਕੰਚਨ ਰਚਤ ਗੜ੍ਹ"

(ਮ੍ਰਿਗ) ਕਰਨ (ਮ੍ਰਿਗ+ਇੰਦਰ) ਹਰਨਾਂ ਦਾ ਰਾਜਾ ਸ਼ੇਰ। ਰਾਜੇ ਰਾਵਣ ਦਾ ਜੀਵਨ ਸ਼ੇਰ ਵਰਗਾ ਸੀ ਜਿਸ ਦੇ ਕਿਲ੍ਹੇ ਸੋਨੇ ਦੇ ਬਣੇ ਹੋਏ ਸਨ।

"ਜੁਵਾ ਜੋਰ ਰਾਮ ਬੈਰ ਰਾਵਣ ਸੇ ਪੀਨ ਪੀਨ।"

ਜਵਾਨੀ ਦੇ ਹੰਕਾਰ ਵਿਚ ਰਾਮ ਚੰਦਰ ਨਾਲ ਹੀ ਵੈਰ ਪਾ ਲਿਆ। ਇਹੋ ਜਿਹੇ ਰਾਵਣ ਵਰਗੇ (ਪੀਨ ਪੀਨ) ਸਖਤ ਰਾਜੇ ਹੋਏ।

"ਸਿਵ ਸੇ ਸਹਾਈ ਭਾਈ ਜਾ ਕੇ ਕੁਭ ਕਾਨ ਹੂੰ ਸੇ"

ਜਿਸ ਦੀ ਸਹਾਇਤਾ ਕਰਨ ਵਾਲਾ ਸੀ ਸ਼ਿਵ ਜੀ (ਕੁਭ) ਘੜਾ (ਕਾਨ) ਕੰਨ। ਜਿਸ ਦੇ ਘੜੇ ਘੜੇ ਜਿੱਡੇ ਕੰਨ ਸਨ। ਅਸਲ ਉਹਦਾ ਨਾਂ ਸੀ ਕੁਭਕਾਨ। ਜਿਸ ਦੇ ਕੰਨ ਹੀ ਘੜੇ ਘੜੇ ਜਿੱਡੇ ਹੋਣ ਸਰੀਰ ਕਿੱਡਾ ਕੁ ਹੋਵੇਗਾ!

"ਮੇਘ ਨਾਦ ਸੇ ਸਪੂਤ ਬਿਕੇ ਕੌਡੀ ਤੀਨ ਤੀਨ।"

ਮੇਘ=ਬੱਦਲ। ਨਾਦ=ਆਵਾਜ਼

ਜਿਸ ਤਰ੍ਹਾਂ ਬੱਦਲਾਂ ਦੀ ਗਰਜਨਾ ਦੀ ਬੜੀ ਡਰਾਉਣੀ ਆਵਾਜ਼ ਹੁੰਦੀ ਹੈ ਇਸ ਤਰ੍ਹਾਂ ਜਦੋਂ ਮੇਘ ਨਾਦ ਬੋਲਦਾ ਸੀ ਲੋਕ ਭੈ ਭੀਤ ਹੋ ਜਾਂਦੇ ਸਨ। ਮੇਘ ਨਾਦ ਵਰਗਾ ਜਿਸ ਦਾ ਪੁੱਤਰ, ਕੁਭਕਾਨ ਵਰਗਾ ਜਿਸ ਦਾ ਭਰਾ ਤੇ ਸ਼ਿਵ ਜੀ ਜਿਸ ਦੀ ਸਹਾਇਤਾ ਕਰਨ ਵਾਲਾ, ਲੱਖ ਜਿਸ ਦਾ ਪੁੱਤ, ਸਵਾ ਲੱਖ ਜਿਸ ਦਾ ਪੋਤਰਾ, ਕਿਲ੍ਹਾ ਜਿਸ ਦਾ ਸੋਨੇ ਦਾ, ਜਿਹਦੇ ਦਰਬਾਰ ਇੰਦਰ ਫੇਰਦਾ ਬੁਹਾਰੀ ਜਿਸ ਦੇ ਦੁਆਰੇ ਉਤੇ ਬੈਠ ਕੇ

ਬੇਦ ਪੜ੍ਹਦਾ ਬ੍ਰਹਮਾ ਸੀ, ਐਸੇ ਰਾਜੇ ਰਾਵਣ ਦਾ ਮੁੱਲ, ਧਾਰਮਿਕ ਸਮਾਜ ਵਿਚ ਤਿੰਨ ਕੌਡੀਆਂ ਮੁੱਲ ਨਹੀਂ ਉਹਦਾ ਪਿਆ। ਕਿਉਂ ਨਹੀਂ ਮੁੱਲ ਪਿਆ ? ਉਹਦੇ ਅੰਦਰ ਨਹੀਂ ਵਸਦਾ ਸੀ ਸਤਿਨਾਮ ਸ੍ਰੀ ਵਾਹਿਗੁਰੂ। ਰਾਵਣ ਨੂੰ ਬਰਛੀ ਵੱਜ ਗਈ, ਅਖੀਰਲੇ ਸੁਆਸ ਲੰਕਾ ਸੜੇ। ਰਾਜਾ ਰਾਵਣ ਸੜਦੀ ਹੋਈ ਲੰਕਾ ਨੂੰ ਵੇਖ ਕੇ ਕਹਿਣ ਲੱਗਾ :

ਜਾਹੀ ਸੜ ਲੰਕ ਕੋ ਨਿਸੰਕ ਹੋਇ ਨ ਦੇਖ ਸਕੈ,
ਆਗਿਆ ਕੋ ਮਾਨ ਮਾਥੇ ਸੀਸ ਕੋ ਝੁਕਾਵਤੇ।
ਸਾਤੋਂ ਪੌਰ ਬਾਹਰ ਬਿਛੌਨਾ ਬਿਨ ਠਾਡੇ ਰਹੇ,
ਨਿਆਰੋ ਨਿਆਰੋ ਆਪਨੇ ਜੁਹਾਰ ਪਹੁੰਚਾਵਤੇ।
ਜਾਹੀ ਕੋ ਬੁਲਾਵਤੋ ਸੁ ਆਵਤੋ ਸੁਗੰਕਮਾਨ,
ਬਿਨਾ ਮੇਰੇ ਕਹੇ ਢਿਗ ਬੈਠਨੋ ਨਾ ਪਾਵਤੇ।
ਤਾਹੀ ਗੜ ਕੋ ਗੀਛ ਬਾਨਰ ਲਪੇਟਤ ਹੈਂ,
ਸਭੀ ਦਿਨ ਏਕ ਸੇ ਨ ਦੇਖੇ ਮਨ ਭਾਵਤੇ॥

"ਜਾਹੀ ਗੜ ਲੰਕ ਕੋ ਨਿਸੰਕ ਹੋਇ ਨ ਦੇਖ ਸਕੈ"

ਇਹ ਉਹ ਕਿਲ੍ਹਾ ਹੈ ਲੰਕਾ ਦਾ ਜਿਸ ਨੂੰ ਕੋਈ ਮਾਈ ਦਾ ਲਾਲ ਅੱਖ ਉਠਾ ਕੇ ਵੇਖ ਨਹੀਂ ਸੀ ਸਕਦਾ।

"ਆਗਿਆ ਕੋ ਮਾਨ ਮਾਥੇ ਸੀਸ ਕੋ ਝੁਕਾਵਤੇ।"

ਬੜੇ ਬੜੇ ਖੱਬੀ ਖਾਂ ਰਾਜੇ ਮੇਰੇ ਹੁਕਮ ਨੂੰ ਸਿਰ ਮੱਥੇ ਉਤੇ ਧਰ ਕੇ ਮੰਨ ਕੇ ਮੱਥਾ ਟੇਕਦੇ ਸਨ।

"ਸਾਤੋਂ ਪੌਰ ਬਾਹਰ ਬਿਛੌਨਾਂ ਬਿਨ ਠਾਂਡੇ ਰਹੇ"

ਮੇਰੇ ਕਿਲ੍ਹੇ ਦੇ ਸੱਤ ਦਰਵਾਜ਼ੇ ਸਨ। ਸੱਤਾਂ ਦਰਵਾਜ਼ਿਆਂ ਤੋਂ ਬਾਹਰ ਰਾਜੇ-ਮਹਾਰਾਜੇ ਜਿਹੜੇ ਮੇਰੇ ਗੁਲਾਮ ਸਨ, ਬਗੈਰ ਵਿਛੌਨੇ, ਬਗੈਰ ਪਲੰਘ ਦੇ ਉਹ ਖਲੋਤੇ ਰਹਿੰਦੇ ਸਨ।

"ਨਿਆਰੋ ਨਿਆਰੋ ਆਪਨੋ ਜੁਹਾਰ ਪਹੁੰਚਾਵਤੇ।"

ਉਹ ਰਾਜੇ ਵੱਖਰੀਆਂ ਵੱਖਰੀਆਂ ਸਲਾਮਾਂ ਭੇਜਦੇ ਸਨ। ਕੋਈ ਦੋ ਹੱਥ ਜੋੜ ਕੇ, ਕੋਈ ਡੇਢ ਹੱਥ ਜੋੜ ਕੇ, ਕੋਈ ਅਰਕ ਲਾਗੇ ਹੱਥ ਰੱਖ ਕੇ, ਕੋਈ ਕਮਾਨ ਵਾਂਗੂ ਝੁਕ ਕੇ, ਕੋਈ ਡਾਂਗ ਵਾਂਗੂ ਲੰਮਾ ਪੈ ਕੇ, ਕੋਈ ਗੋਡਿਆਂ ਪਰਨੇ ਹੋ ਕੇ ਵੱਖਰੇ ਵੱਖਰੇ ਸਲਾਮ ਮੈਨੂੰ ਘੱਲਦੇ ਸਨ।

"ਜਾਹੀ ਕੋ ਬੁਲਾਵਤੋ ਸੁ ਆਵਤ ਸੁਸੰਕਮਾਨ"

ਜਿਸ ਨੂੰ ਮੈਂ ਸੱਦਦਾ ਸਾਂ ਉਨ੍ਹਾਂ ਰਾਜਿਆਂ ਵਿਚੋਂ ਉਹੋ ਈ ਮੇਰੇ ਕੋਲ ਆ ਸਕਦਾ ਸੀ ਔਰ ਉਹ ਵੀ ਡਰਦਾ ਡਰਦਾ ਆਉਂਦਾ ਸੀ ਪਈ ਜਦੋਂ ਮੈਂ ਅੱਗੇ ਗਿਆ, ਪਤਾ ਨਹੀਂ ਰਾਵਣ ਨੇ ਕੀ ਕਰ ਸੁੱਟਣਾ !

"ਬਿਨਾਂ ਮੇਰੇ ਕਹੇ ਢਿਗ ਬੈਠਨੋ ਨਾ ਪਾਵਤੇ।"

ਮੇਰਾ ਸੱਦਿਆ ਹੋਇਆ ਆਇਆ ਜਿੰਨਾ ਚਿਰ ਮੈਂ ਨਹੀਂ ਸੀ ਆਖਦਾ ਉਹਦੀ

ਜੁਰਤ ਨਹੀਂ ਸੀ ਕਿ ਮੇਰੇ ਖੱਬੇ ਜਾਂ ਸੱਜੇ ਪਾਸੇ ਬੈਠ ਜਾਏ; ਥਰ ਥਰ ਕੰਬਦਾ ਖਲੋਤਾ ਰਹਿੰਦਾ ਸੀ ।

"ਤਾਹੀ ਗੜ ਕੋ ਰੀਛ ਬਾਂਨਰ ਲਪੇਟਤ ਹੈ"
ਸਭੀ ਦਿਨ ਏਕ ਸੇ ਨ ਦੇਖੇ ਮਨ ਭਾਵਤੇ ।"

ਰਾਜੇ ਰਾਵਣ ਨੂੰ ਝੂਰਨਾ ਪਿਆ । ਕਹਿੰਦਾ, 'ਲੰਕਾ ਦੇ ਕਿਲ੍ਹੇ ਨੂੰ ਅੱਜ ਰਿੱਛ ਲੁੱਟ ਰਹੇ ਨੇ, ਬਾਂਦਰ ਸਾੜ ਰਹੇ ਨੇ । ਬਰਬਾਦ ਹੋ ਰਿਹਾ ਮੇਰਾ ਅਸ਼ੋਕ ਬਾਗ ! ਜਲ ਰਹੇ ਨੇ ਮੇਰੇ ਪੁੱਤਰ, ਧੀਆਂ, ਪੋਤਰੇ ! ਪਿਆਰੇ ਲੋਕੋ ! ਸਿਮਰ ਲਓ ਰੱਬ ਦਾ ਨਾਮ ! ਸਾਰੇ ਦਿਨ ਇੱਕੋ ਜਿਹੇ ਨਹੀਂ ਜੇ ਰਹਿਣੇ ! ਪੰਜਾਬੀ ਦਾ ਮੁਹਾਵਰਾ ਹੈ "ਤਿੰਨ ਰੰਗ ਨਹੀਂ ਲੱਭਣੇ—ਮਾਪੇ, ਹੁਸਨ, ਜਵਾਨੀ" ਜਿਨ੍ਹਾਂ ਨੇ ਇਹ ਵਿਕਾਰਾਂ ਵਿਚ ਹੀ ਖੋ ਲਏ, ਮਾਂ-ਬਾਪ ਦੀ ਸੇਵਾ ਨਾ ਕੀਤੀ, ਸਾਧੂ ਸੇਵਿਆ ਕੋਈ ਨਹੀਂ, ਨਾਮ ਜਪਿਆ ਕੋਈ ਨਹੀਂ, ਵਿਕਾਰਾਂ ਵਿਚ ਹੀ ਸਾਰੇ ਹੀਰੇ ਬਰਬਾਦ ਕਰ ਲਏ, ਉਹ ਦੁਖੀ ਹੋਏ ਨੇ ! ਸੁਖੀ ਕੌਣ ਨੇ ?

ਧਾਰਨਾ= *ਸਿਮਰਉ ਸਿਮਰਿ ਸ਼ਿਮਰਿ ਸੁਖੁ ਪਾਵਉ...॥*
ਸਿਮਰਉ ਸਿਮਰਿ ਸਿਮਰਿ ਸੁਖ ਪਾਵਉ...॥ *(ਅੰਗ ੬੭੯)*

ਅੱਜ ਦੀਆਂ ਭੁੱਲਾਂ ਗਲਤੀਆਂ ਧੰਨ ਗੁਰੂ ਰਾਮਦਾਸ ਪਾਤਸ਼ਾਹ ਦੇ ਦਰ ਦਾ ਕੂਕਰ ਜਾਣ ਕੇ ਮਾਫ ਕਰਨੀਆਂ ! ਉਪਦੇਸ਼ ਗੁਰੂ ਕਾ ਜਾਣ ਹਿਰਦੇ ਅੰਦਰ ਵਸਾਉਣਾ; ਇਹ ਸਮਾਂ ਲੇਖੇ ਵਿਚ ਪੈ ਜਾਏ; ਅੰਤ ਵਾਲੇ ਦਿਨ ਅਸੀਂ ਉਜਲਾ ਮੁਖ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਪਹੁੰਚ ਸਕੀਏ !

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

❖ ❖ ❖

ਕਿਰਪਾ ਗੋਬਿੰਦ ਭਈ

—ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

(ਅੰਗ ੩੮੩)

—ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥

(ਅੰਗ ੧੩੭੫)

ਧਾਰਨਾ='ਕਿਰਪਾ ਗੋਬਿੰਦ ਭਈ...—ਕਿਰਪਾ ਗੋਬਿੰਦ ਭਈ...॥' (ਅੰਗ ੧੩੦੭)

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਕੀ ਸਤਿਕਾਰ ਯੋਗ, ਪਰਮ ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤ ਜੀ, ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ, ਗੁਰਮੁਖ ਮਾਈ ਭਾਈ, ਜੋ ਜੋ ਸਾਹਿਬਾਂ ਦੇ ਪਾਵਨ ਦਰਬਾਰ ਵਿਚ ਹਾਜ਼ਰ ਹੋਏ ਹੋ, ਜਿਨ੍ਹਾਂ ਜਿਨ੍ਹਾਂ ਨੇ ਗੁਰੂ ਗਰੀਬ ਨਿਵਾਜ ਜੀ ਦੇ ਦਰਸ਼ਨ ਕਰਕੇ ਆਪਣੇ ਨੇਤ੍ਰ ਸਫਲ ਕੀਤੇ ਹਨ। ਸਤਿਗੁਰੂ ਦੀ ਦਇਆ ਮਇਆ ਨਾਲ ਉਹ ਸਾਰੇ ਦੇ ਸਾਰੇ ਸ਼ਬਦ ਵਿਚ ਜੁੜਨ ਦੀ ਕੋਸ਼ਿਸ਼ ਕਰੋ :

"ਮੋਹਿ ਕਿਰਪਨ ਕਉ ਕੋਇ ਨ ਜਾਨਤ...॥" (ਅੰਗ ੪੦੨)

ਮਹਾਂਪੁਰਸ਼ਾਂ ਵਿਦਵਾਨ ਖੋਜੀਆਂ ਨੇ ਕਿਰਪਨ ਦੇ ਅਰਥ ਕੀਤੇ ਨੇ ਕੰਜੂਸ, ਚੰਦਰਾ। ਮੈਂ ਮਹਾਪੁਰਸ਼ਾਂ ਕੋਲੋਂ ਇਕ ਬਚਨ ਸੁਣਿਆਂ ਕਿ ਕਿਰਪਨ ਮੇਲੇ ਕਿਤੇ ਗਿਆ ਤੇ ਕੋਈ ਜੀਅ ਕਰ ਆਇਆ ਕਿ ਬੇਰ ਵਗੈਰਾ ਖਾਈਏ ! ਲੰਗੋਟੀ ਪੱਲਿਓਂ ਪੈਸਾ ਖੋਲ੍ਹਿਆ ਤੇ ਮੁੱਠੀ ਵਿਚ ਘੁੱਟ ਲਿਆ ਤੇ ਘੁੱਟਿਆਂ ਘੁੱਟਿਆਂ ਕਿਤੇ ਮੁੜਕਾ ਆ ਗਿਆ ਤਾਂ ਆਖਣ ਲੱਗਾ, 'ਪੁੱਤ ਤੂੰ ਕਾਹਦੇ ਲਈ ਰੋਨਾਂ, ਕਿਉਂ ਰੋਨਾਂ ? ਤੈਨੂੰ ਮੁੜ ਕੇ ਲੰਗੋਟੀ ਪੱਲੇ ਬੰਨ੍ਹ ਲੈਨਾਂ ਆਂ ! ਇਹ ਕਿਰਪਨਪੁਣੇ ਦੀ ਹੱਦ ਆ। ਮੈਂ ਇਹੋ ਜਿਹਾ ਕਿਰਪਨ, ਮੈਂ ਇਹੋ ਜਿਹਾ ਚੰਦਰਾ ਕੰਜੂਸ ! ਮੈਨੂੰ ਕੋਈ ਜਾਣਦਾ ਈ ਨਹੀਂ ਸੀ !' ਦਸਮ ਮਹਾਰਾਜ ਜੀ ਦੀ ਬਾਣੀ ਵਿਚ ਇਕ ਬਚਨ ਆਉਂਦਾ ਹੈ ਪਈ ਇੱਕ ਇਸਤ੍ਰੀ ਨੇ ਦੂਜੀ ਇਸਤ੍ਰੀ ਆਪਣੀ ਗੁਆਂਢਣ ਨੂੰ ਸੁਣਾ ਦਿੱਤਾ 'ਪਈ ਤੇਰਾ ਪਤੀ ਮਰ ਗਿਆ' ਤੇ ਜਿਸ ਨੂੰ ਆਖਿਆ ਸੀ ਨਾ ਕਿ ਤੇਰਾ ਪਤੀ ਮਰ ਗਿਆ, ਉਹ ਰੋਣ ਦੀ ਥਾਂ ਖਿੜਖਿੜਾ ਕੇ ਹੱਸੀ। ਉਹਨੇ ਪੁੱਛਿਆ, "ਤੇਰਾ ਪਤੀ ਮਰ ਗਿਆ, ਤੂੰ ਖਿੜਖਿੜਾ ਕੇ ਹੱਸੀ ਹੈਂ ! ਇਹਦਾ ਕੀ ਕਾਰਨ ਹੈ ? ਤਾਂ ਉਹਨੇ ਕਿਹਾ, "ਮੈਂ ਹੱਸੀ ਇਸ ਕਰਕੇ ਹਾਂ "ਕਬਹੂੰ ਰਣ ਜੂਝਿਓਂ ਨਹੀਂ" ਮੇਰਾ ਪਤੀ ਹੱਥ ਵਿਚ ਤੀਰ ਤਲਵਾਰ ਲੈ ਕੇ ਬਹਾਦਰਾਂ ਦੀ ਤਰ੍ਹਾਂ

ਰਣ ਵਿਚ ਕੁੱਦਿਆ ਨਹੀਂ ਕਿਉਂਕਿ ਬਹਾਦਰ ਨਹੀਂ ਸੀ। ਬਹਾਦਰ ਨੂੰ ਸਾਰੀ ਦੁਨੀਆਂ ਜਾਣਦੀ ਹੁੰਦੀ ਹੈ ਮਹਾਰਾਣਾ ਪ੍ਰਤਾਪ ਦਾ ਨਾਮ ਅੱਜ ਤਕ ਚਲਿਆ ਆਉਂਦਾ। ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਦਾ ਨਾਮ ਤੁਰਿਆ ਆ ਰਿਹਾ ਹੈ। ਸਿੱਖ ਪੰਥ ਦੇ ਜਿਤਨੇ ਸ਼੍ਰੋਮਣੀ ਸ਼ਹੀਦ ਨੇ, ਸਭ ਦਾ ਨਾਮ ਸੁਨਿਹਰੀ ਅੱਖਰਾਂ ਵਿਚ ਚਮਕ ਰਿਹਾ ਹੈ। ਬਹਾਦਰ ਜੁ ਸਨ! ਕਹਿੰਦੀ, 'ਮੇਰਾ ਮਾਲਕ ਤੇ ਬਹਾਦਰ ਨਹੀਂ ਸੀ! ਤਲਵਾਰ ਲੈ ਕੇ ਮੈਦਾਨ ਵਿਚ ਜੂਝਿਆ ਵੀ ਨਹੀਂ ਸੀ; ਮਸ਼ਹੂਰ ਨਹੀਂ ਸੀ।'

"ਕਛੁ ਦੇ ਜਸ ਨਹਿ ਲੀਨ"

ਦਾਤਾ ਵੀ ਨਹੀਂ ਸੀ! ਕਦੇ ਟੁੱਟੇ ਹੋਏ ਹੱਥ ਨਾਲ ਕੌਡੀ ਹੱਥੋਂ ਦੇ ਕੇ ਇਹਨੇ ਜੱਸ ਈ ਨਹੀਂ ਸੀ ਖੱਟਿਆ। ਦਾਤਾ ਵੀ ਜਗਤ ਵਿਚ ਮਸ਼ਹੂਰ ਹੁੰਦਾ। ਹਰੀ ਚੰਦ ਨੂੰ ਦਾਨੀ ਆਖਦੇ ਨੇ; ਮਸ਼ਹੂਰ ਹੈ। ਸੁਪਨੇ ਵਿਚ ਦਾਨ ਕੀਤਾ ਹੋਇਆ ਸਵੇਰੇ ਉੱਠ ਕੇ ਵਾਪਸ ਨਹੀਂ ਲਿਆ ਸਗੋਂ ਸਵੇਰੇ ਉੱਠ ਕੇ ਉਸ ਬਾਮ੍ਹਣ ਨੂੰ ਸੱਦਿਆ ਕਿ ਜਿਸ ਨੂੰ ਮੈਂ ਸੁਪਨੇ ਵਿਚ ਦਾਨ ਦੇ ਦਿੱਤਾ, ਉਹ ਮੇਰਾ ਸ਼ਹਿਰ ਸਾਂਭ ਲਵੇ! ਦਾਨੀ ਵੀ ਜਗਤ ਵਿਚ ਮਸ਼ਹੂਰ ਹੁੰਦਾ! ਰਹੀਮ ਖਾਨ ਖਾਨਾ ਦਾਨੀ ਕਹਿੰਦੇ ਨੇ। ਗੋ ਸਵਾਮੀ ਤੁਲਸੀ ਦਾਸ ਨੂੰ ਦਾਨ ਕਰਨ ਵਿਚ ਬੜਾ ਚੰਗਾ ਮੰਨਿਆ ਗਿਆ। 'ਤੇ ਮੇਰੇ ਮਾਲਕ ਨੇ ਤੇ ਕਦੇ ਟੁੱਟੀ ਕੌਡੀ ਵਿਚ ਮਸ਼ਹੂਰ ਹੋਵੇ, ਐਸੀ ਗੱਲ ਵੀ ਕੋਈ ਨਹੀਂ।'

"ਗਾਉਂ ਬਸਤ ਜਾਨਿਓ ਨਹੀਂ।"

ਜਿਹੜੇ ਪਿੰਡ ਵਿਚ ਰਹਿੰਦਾ ਸੀ ਮੇਰਾ ਪਤੀ ਉਸ ਪਿੰਡ ਵਿਚ ਰਹਿੰਦੇ ਹੋਏ ਨੂੰ ਕੋਈ ਜਾਣਦਾ ਈ ਨਹੀਂ ਸੀ। ਨਾਲਾਇਕ ਏਡਾ, ਮੂਜ਼ੀ ਏਡਾ ਰੁੜ੍ਹਿਆ ਹੋਇਆ ਕਿ ਪਿੰਡ ਵਿਚ ਵੱਸਦੇ ਹੋਏ ਨੂੰ ਕੋਈ ਨਹੀਂ ਸੀ ਜਾਣਦਾ। ਨਾ ਬਹਾਦਰ, ਨਾ ਮੈਦਾਨ ਵਿਚ ਜੂਝਣ ਵਾਲਾ ਪਈ ਦੁਨੀਆਂ ਜਾਣਦੀ ਹੋਵੇ; ਨਾ ਦਾਨੀ ਕਿ ਕੁਝ ਦੇ ਕੇ ਜੱਸ ਲੈਣ ਵਾਲਾ ਹੋਵੇ। ਏਡਾ ਚੰਦਰਾ ਕਿ ਪਿੰਡ ਵਿਚ ਵੱਸਦੇ ਨੂੰ ਕੋਈ ਨਹੀਂ ਸੀ ਜਾਣਦਾ ਤੇ ਮੈਂ ਹੱਸੀ ਇਸ ਕਰਕੇ ਹਾਂ।

"ਕਬਹੂੰ ਰਣ ਜੂਝਿਓ ਨਹੀ ਕਛੁ ਦੇ ਜਸ ਨਹਿ ਲੀਨ।
ਗਾਉਂ ਬਸੰਤ ਜਾਨਿਓ ਨਹੀ ਜਮ ਸੌਂ ਕਿਨ ਕਹਿ ਦੀਨ।"

ਮੌਤ ਨੂੰ ਕਿੱਦਾਂ ਏਹਦਾ ਪਤਾ ਲੱਗ ਗਿਆ? ਇਹ ਤਾਂ ਹੈ ਹੀ ਬੜਾ ਮੂਜੀ ਸੀ, ਮੌਤ ਨੇ ਕਿਸ ਤਰ੍ਹਾਂ ਲੱਭ ਲਿਆ?

"ਮੋਹਿ ਕਿਰਪਨ ਕਉ ਕੋਇ ਨ ਜਾਨਤ"... (ਅੰਗ ੪੦੨)

ਮੈਂ ਏਡਾ ਹੱਥੋਂ ਕੰਜੂਸ, ਮੈਨੂੰ ਕੋਈ ਜਾਣਦਾ-ਬੁਝਦਾ ਈ ਨਹੀਂ ਸੀ; ਪਰ ਜਦੋਂ ਗੋਬਿੰਦ ਦੀ ਕ੍ਰਿਪਾ ਹੋਈ।

"ਸਗਲ ਭਵਨ ਪ੍ਰਗਟਈ ॥" (ਉਹੀ)

ਮੈਂ ਸਾਰੇ ਜਹਾਨ ਵਿਚ ਪ੍ਰਗਟ ਹੋ ਗਿਆ। ਸਾਰੇ ਜਾਨਣ ਲੱਗ ਪਏ ਕਿ ਫਲਾਣੀ ਜਗ੍ਹਾ ਇਕ ਵਾਹਿਗੁਰੂ ਦਾ ਪਿਆਰਾ ਰਹਿੰਦਾ।

"ਸੰਗਿ ਬੈਠਨੋ ਕਹੀ ਨ ਪਾਵਤ..." (ਉਹੀ)

ਏਡਾ ਮੈਂ ਗਿਰਿਆ ਹੋਇਆ ਸੀ ਕਿ ਮੇਰੇ ਲਾਗੇ ਬੈਠਣਾ ਕੋਈ ਪਸੰਦ ਨਹੀਂ ਸੀ ਕਰਦਾ। ਪਰ ਜਦੋਂ ਵਾਹਿਗੁਰੂ ਦੀ ਦਇਆ-ਦ੍ਰਿਸ਼ਟੀ ਹੋਈ।

"ਹੁਣਿ ਸਗਲ ਚਰਣ ਸੇਵਈ ॥" (ਉਹੀ)

ਹੁਣ ਸਾਰੇ ਮੇਰੇ ਚਰਨਾਂ ਦੀ ਸੇਵਾ ਕਰਦੇ ਨੇ; ਹੁਣ ਸਾਰੇ ਮੇਰੇ ਚਰਨਾਂ ਉਤੇ ਝੁਕਦੇ ਨੇ ! ਪਰ ਕਦੋਂ ? ਜਦੋਂ :

ਧਾਰਨਾ=*ਕ੍ਰਿਪਾ ਗੋਬਿੰਦ ਭਈ ਜਦੋਂ ਕ੍ਰਿਪਾ ਗੋਬਿੰਦ ਭਈ ॥"*

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਸਾਨੂੰ ਗਿਆਨ ਦਾ ਚਾਨਣਾ ਬਖਸ਼ਦਿਆਂ ਬਖਸ਼ਦਿਆਂ ਕਲਿਆਣਕਾਰੀ ਬਚਨ ਝੋਲੀ ਵਿਚ ਪਾ ਦਿੱਤਾ ਹੈ ਕਿ :

"ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥"

(ਅੰਗ ੧੩੮)

ਕੋਈ ਕਿਸੇ ਤਰ੍ਹਾਂ ਜਗਤ ਦੀ ਉਤਪਤੀ ਕਹਿੰਦਾ ਹੈ, ਕੋਈ ਕਿਸੇ ਤਰ੍ਹਾਂ ਜਗਤ ਦੀ ਉਤਪਤੀ ਕਹਿੰਦਾ ਹੈ ਪਰ ਗਰੀਬ ਨਿਵਾਜ ਸਤਿਗੁਰੂ ਨੇ ਸਾਨੂੰ ਚਾਨਣਾ ਇਹ ਬਖਸ਼ਿਆ ਹੈ ਕਿ ਇਹ ਉਹਦੀ ਮੌਜ ਹੈ; ਇਹ ਪ੍ਰਭੂ ਦਾ ਐਸਾ ਅਸਚਰਜ ਕੌਤਕ ਹੈ ਜਿਸ ਨੂੰ ਕੋਈ ਜਾਣ ਹੀ ਨਹੀਂ ਸਕਦਾ, ਜਿਸ ਨੂੰ ਕੋਈ ਸਮਝ ਹੀ ਨਹੀਂ ਸਕਦਾ।

"ਤੁਧੁ ਆਪੇ ਧੰਧੈ ਲਾਇਆ ॥" (ਉਹੀ)

ਫਿਰ ਸਾਰੇ ਜਗਤ ਨੂੰ ਸੂਤ ਵਿਚ ਵੀ ਪਰੋਤਾ ਹੋਇਆ : ਧੰਧੇ ਵੀ ਲਾਇਆ ਹੋਇਆ! ਜਿਥੇ ਜਿਥੇ ਲਾਇਆ, ਉਥੇ ਉਥੇ ਜੀਵ ਕਰਮਾਂ ਅਨੁਸਾਰ ਲੱਗੇ ਹੋਏ ਨੇ।

"ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥" (ਉਹੀ)

ਠਗਉਲੀ ਉਸ ਬੂਟੀ ਨੂੰ ਕਹਿੰਦੇ ਨੇ ਜਿਹੜੀ ਠੱਗਾਂ ਕੋਲ ਇਕ ਬੂਟੀ ਹੁੰਦੀ ਹੈ। ਠੱਗ ਉਸ ਬੂਟੀ ਨੂੰ ਕਿਸੇ ਨੂੰ ਸੁੰਘਾ ਦਿੰਦੇ ਨੇ ਤੇ ਉਹ (ਬੰਦਾ) ਬੇਹੋਸ਼ ਹੋ ਜਾਂਦਾ ਤਾਂ ਠੱਗ ਲੁੱਟ ਲੈਂਦੇ ਨੇ, ਉਹਨੂੰ ਠਗਉਲੀ ਵੀ ਕਹਿੰਦੇ ਨੇ ਤੇ ਉਹਨੂੰ ਠੱਗ-ਬੂਟੀ ਵੀ ਕਹਿੰਦੇ ਨੇ। ਜਿਹੜਾ ਮੋਹ ਹੈ ਇਹ ਇਕ ਕਿਸਮ ਦੀ ਠੱਗ-ਬੂਟੀ ਹੈ। ਐਸਾ ਚੰਬੜਿਆ ਕਿ ਜ਼ਰੂਰਤ ਤੋਂ ਵੱਧ ਹੋ ਗਿਆ। ਏਸ ਮੋਹ ਦੇ ਜਾਲ ਵਿਚ ਫਸੇ ਹੋਏ ਜਗਤ ਨੇ ਆਪਣਾ ਆਪ ਗਵਾ ਈ ਲਿਆ/ਆਪਣਾ ਆਪ ਬਰਬਾਦ ਈ ਕਰ ਲਿਆ। ਖੁਆਇਆ ਮਾਇਨੇ ਹੁੰਦਾ ਪਰੇਸ਼ਾਨ, ਉਦੜ ਗੁਦੜਾ ਜਿਹਾ ਹੋ ਜਾਣਾ। ਮੋਹ ਦੀ ਠੱਗ-ਬੂਟੀ ਵਿਚ ਠੱਗਿਆ ਜਾ ਕੇ ਸਾਰਾ ਜਗਤ ਉਰਝ ਗਿਆ। ਕਿਸੇ ਦਾ ਕਿਸੇ ਤੇਹ ਸਨੇਹ ਨਹੀਂ ਰਹਿ ਗਿਆ। ਜੇ ਕਿਸੇ ਦਾ ਹੈ ਵੀ ਤਾਂ ਉਸ ਪੜਦੇ ਵਿਚ ਵੀ ਕੋਈ ਮਤਲਬ ਹੈ, ਕੋਈ ਇੱਛਾ ਹੈ। ਜਿੱਦਣ ਮਤਲਬ ਪੂਰਾ ਹੋ ਜਾਂਦਾ ਹੈ ਓਦਣ ਸਾਰੇ ਤਾਲੋਕਾਤ ਟੁੱਟ ਜਾਂਦੇ ਨੇ। ਸਾਹਿਬ ਗਰੀਬ ਨਿਵਾਜ ਸਾਨੂੰ ਚਾਨਣਾ ਬਖਸ਼ਦੇ ਬਖਸ਼ਦੇ ਕਹਿੰਦੇ ਨੇ :

"ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥"

(ਉਹੀ)

ਇਹ ਸਾਰਾ ਸੰਸਾਰ ਸਹਸੇ ਰੂਪ ਹੈ; ਜੰਮਦਾ ਮਰਦਾ, ਆਉਂਦਾ ਜਾਂਦਾ ਹੈ। ਇਹਦੀ ਡੂੰਘਿਆਈ ਵਿਚ ਜਾ ਕੇ ਅਜੇ ਤਕ ਕਿਸੇ ਨੇ ਆਪਣਾ ਸੰਸਾ ਦੂਰ ਨਹੀਂ ਕੀਤਾ, ਨਾ ਕਿਸੇ ਦਾ ਕੋਈ ਦੂਰ ਕਰ ਸਕਿਆ। ਵਾਦ ਬੜੇ ਨੇ ਦੁਨੀਆਂ ਉਤੇ। ਇਹ ਲੇਲਨਵਾਦ ਹੈ, ਇਹ ਮਾਰਕਸਵਾਦ ਹੈ, ਇਹ ਫਲਾਣਾ ਵਾਦ ਹੈ ! ਵਾਦ ਬੜੇ ਨੇ ਦੁਨੀਆਂ ਵਿਚ! ਮੈਂ ਆਪਣੇ ਸਿੱਖ ਪੰਥ ਦੇ ਮੁੰਡਿਆਂ ਵੱਲ ਵੇਖ ਕੇ ਬੜਾ ਹੈਰਾਨ ਹੁੰਨਾਂ ਪਈ ਇਹ ਕੋਈ ਨਾ ਕੋਈ ਵਾਦ ਪੜ੍ਹ ਲੈਂਦੇ ਨੇ ਤੇ ਉਸ ਵਾਦ ਨੂੰ ਪੜ੍ਹ ਕੇ ਇਨ੍ਹਾਂ ਨੇ ਇਹ ਸੋਚਣੇ ਦੀ ਬੜੀ ਘੱਟ ਕੋਸ਼ਿਸ਼ ਕੀਤੀ ਹੈ ਪਈ ਸਿੱਖੀ ਨੂੰ ਨਿਭਾਉਂਦਿਆਂ ਹੋਇਆਂ, ਸਿੱਖੀ ਦੀ ਕਾਰ ਕਮਾਉਂਦਿਆਂ ਹੋਇਆਂ, ਗੁਰੂ ਕੇ ਸਿੱਖ ਰਹਿੰਦਿਆਂ ਹੋਇਆਂ, ਏਸ ਵਾਦ ਨੂੰ ਅਸੀਂ ਨਿਭਾ ਸਕਦੇ ਹਾਂ ਕਿ ਨਹੀਂ ? ਜਿਸ ਨੇ ਕੋਈ ਵਾਦ ਪੜ੍ਹ ਲਿਆ, ਸਿੱਖੀ ਨੂੰ ਤਿਆਗ ਦਿੱਤਾ ਤੇ ਉਸ ਵਾਦ ਵਿਚ ਐਸਾ ਰੁੜ੍ਹਿਆ ਕਿ ਉਸ ਨੂੰ ਸਿੱਖੀ ਦਾ ਪਤਾ ਈ ਨਾ ਰਿਹਾ ਕਿ ਸਿੱਖੀ ਚੀਜ਼ ਕੀ ਹੈ ! ਸਿੱਖੀ ਨੂੰ ਇਕ ਵਾਧੂ ਜਿਹੀ ਸਮਝ ਲਿਆ। ਕਈ ਵਾਰਾਂ ਕਈ ਸੱਜਣ ਗੱਲਾਂ ਕਰਦੇ ਹੁੰਦੇ ਨੇ ਕਿ ਜੇ ਕੇਸ ਨਾ ਹੋਣ ਤਾਂ ਵੀ ਤੇ ਸਿੱਖ ਹੀ ਹੈ, ਜੇ ਅੰਦਰੋਂ ਸਿੱਖ ਹੈ ! ਤੇ ਮੈਨੂੰ ਕਈ ਵਾਰ ਬੜੀ ਹੈਰਾਨੀ ਜਿਹੀ ਆਉਂਦੀ ਹੈ ਪਈ ਤੈਨੂੰ ਚਾਰ ਕੁ ਦਿਨ ਰੋਟੀ ਨਾ ਦੇਈਏ ਤਾਂ ਤੂੰ ਰੋਣ ਲੱਗ ਪਏਂ, ਤੈਨੂੰ ਗਸ਼ਾਂ ਪੈ ਜਾਣ ! ਤੈਨੂੰ ਆਖੀਏ, ਅੰਦਰਲੀ ਰੋਟੀ ਖਾ ਲਾ ਬਾਹਰਲੀ ਤਵੇ ਦੀ ਪੱਕੀ ਨਹੀਂ ਮਿਲੀ ਤਾਂ ਹੋਇਆ ਕੀ ਹੈ ? ਤੂੰ ਸਮਝ ਲਾ ਪਈ ਮੈਂ ਰੋਟੀ ਖਾ ਲਈ ! ਕਹਿੰਦਾ, 'ਇਸ ਤਰ੍ਹਾਂ ਗੁਜਾਰਾ ਨਹੀਂ ਲੰਘਣਾ।' ਜਿਹੜਾ ਕੋਈ ਕਿਸੇ ਫੌਜ ਦਾ ਬਰਗੇਡੀਅਰ ਹੈ ਅਗਰ ਉਹਦੇ ਕੋਲ ਉਹ ਨਿਸ਼ਾਨਆਤ ਮੌਜੂਦ ਨੇ, ਉਹਦੀ ਬਰਦੀ ਮੌਜੂਦ ਹੈ ਹਰ ਇਕ ਸਿਪਾਹੀ ਉਹਨੂੰ ਟੈਨਸ਼ੈਨ ਹੋ ਕੇ ਸਲੂਟ ਮਾਰੇਗਾ। ਅਗਰ ਉਹਦੇ ਕੋਲ ਫੌਜ ਦੇ ਨਿਸਾਨਾਤ ਹੀ ਕੋਈ ਨਹੀਂ ਤਾਂ ਜਿਸ ਤਰ੍ਹਾਂ ਸਧਾਰਨ ਕੋਈ ਹੋਰ ਆਦਮੀ ਹੈ ਤੈਸੇ ਹੀ ਇਕ ਉਹ ਆਦਮੀ ਹੈ; ਉਹਦਾ ਕੋਈ ਸਤਿਕਾਰ ਨਹੀਂ ਕਰੇਗਾ ! ਸਿੱਖੀ ਦੇ ਬਹਿਰੂਨੀ ਚਿੰਨ੍ਹ ਹੋਣੇ, ਇਹ ਜ਼ਰੂਰੀ ਨੇ। ਪਤਾ ਲੱਗ ਜਾਏ ਕਿ ਇਹ ਫਲਾਣੇ ਦੇਸ਼ ਦਾ ਬਰਗੇਡੀਅਰ ਹੈ ! ਪਤਾ ਲੱਗ ਜਾਏ ਇਹ ਫਲਾਣੇ ਗੁਰੂ ਦਾ ਸਿੱਖ ਹੈ ! ਜੇ ਨਹੀਂ ਤਾਂ ਜਿਸ ਤਰ੍ਹਾਂ ਦੇ ਹੋਰ ਤੁਰੇ ਫਿਰਦੇ ਨੇ ਉਸ ਤਰ੍ਹਾਂ ਦਾ ਤੂੰ ਵੀ ਇਕ ਸਧਾਰਨ ਜਿਹਾ ਹੀ ਹੈਂ ! ਤੇਰੇ 'ਤੇ ਸਿੱਖੀ ਦਾ ਚਿੰਨ੍ਹ ਕੋਈ ਨਜ਼ਰ ਨਹੀਂ ਆ ਰਿਹਾ। ਜਿਹੜਾ ਵਾਦ ਤੂ ਪੜ੍ਹ ਲਿਆ ਉਸ ਵਾਦ ਦੀ ਖੁਸਬੂ ਤੇਰੇ ਤੋਂ ਜ਼ਰੂਰ ਆਉਂਦੀ ਏ। ਸਿੱਖੀ ਦੇ ਬਰਖਿਲਾਫ ਖਲੋ ਕੇ ਤੂੰ ਝਗੜਨ ਲੱਗ ਪਿਆ ਔਰ ਏਸ ਰੋਗ ਨੇ ਸਿੱਖੀ ਨੂੰ ਬੜੀ ਢਾਹ ਲਾਈ ਹੈ; ਸਿੱਖੀ ਨੂੰ ਬੜਾ ਘਾਟਾ ਪਾਇਆ। ਅਸੀਂ ਸਮਝ ਨਹੀਂ ਸਕੇ ਪਈ ਸੰਸਾਰ ਸਾਰਾ ਸਹਸੈ ਰੂਪ ਹੈ :

"ਨਹ ਤਿਪਤੈ ਭੁਖਾ ਤਿਹਾਇਆ ॥" *(ਉਹੀ)*

ਸਹਸੈ ਰੂਪ ਸੰਸਾਰ ਵਿਚ ਫਸਿਆ ਹੋਇਆ ਭੁੱਖਾ ਹੈ, ਤਿਹਾਇਆ ਹੈ, 'ਹਾਏ ! ਹਾਏ !' ਕਰਦਾ ਰਹਿੰਦਾ ਪਰ ਇਸ ਨੂੰ ਦਿਨੇ-ਰਾਤ ਤ੍ਰਿਪਤੀ ਨਹੀਂ ਆਉਂਦੀ, ਰਜੇਵਾਂ ਨਹੀਂ ਆਉਂਦਾ। ਸਾਹਿਬ ਕਹਿੰਦੇ ਨੇ :

"ਬਿਨੁ ਸਤਿਗੁਰ ਮੋਹੁ ਨ ਤੁਟਈ
ਸਭਿ ਥਕੇ ਕਰਮ ਕਮਾਇਆ॥" (ਉਹੀ)

ਸਤਿਗੁਰੂ ਦੀ ਸੇਵਾ ਕੀਤੇ ਤੋਂ ਬਿਨਾਂ, ਸਤਿਗੁਰੂ ਦੀ ਖੁਸ਼ੀ ਪ੍ਰਾਪਤ ਕੀਤੇ ਤੋਂ ਬਿਨਾਂ, ਇਹ ਜਗਤ ਦਾ ਮੋਹ ਟੁੱਟਣਾ ਨਹੀਂ; ਭੁੱਖਾ-ਤਿਹਾਇਆ ਰੋਂਦਾ ਰਹੇਗਾ, ਇਹਨੂੰ ਰਜੇਵਾਂ ਨਹੀਂ ਆਏਗਾ, ਇਹਦੇ ਅੰਦਰ ਸ਼ਾਂਤੀ, ਤਸੱਲੀ ਔਰ ਭਰੋਸਾ ਨਹੀਂ ਆਏਗਾ ਜਿੰਨਾ ਚਿਰ ਇਹ ਸਤਿਗੁਰੂ ਦੀ ਸੇਵਾ ਕਰ ਕੇ ਸਤਿਗੁਰੂ ਕੋਲੋਂ ਅਸੀਸਾਂ ਨਹੀਂ ਲੈਂਦਾ, ਸਤਿਗੁਰੂ ਦੀ ਰਹਿਮਤ ਦੀ ਨਜ਼ਰ ਇਹਦੇ ਉਤੇ ਨਹੀਂ ਹੁੰਦੀ, ਜਿੰਨਾ ਚਿਰ :

"ਗੁਰਮਤੀ ਨਾਮੁ ਧਿਆਈਐ
ਸੁਖਿ ਰਜਾ ਜਾ ਤੁਧੁ ਭਾਇਆ ॥" (ਉਹੀ)

ਹੇ ਵਾਹਿਗੁਰੂ ! ਜੇ ਤੈਨੂੰ ਭਾ ਜਾਏ ਸਤਿਗੁਰੂ ਮੇਲ ਦਏ ਤੇ ਸਤਿਗੁਰੂ ਦੀ ਮਤਿ ਲੈ ਕੇ ਨਾਮ ਅਰਾਧਿਆ ਜਾਏ, ਨਾਮ ਸਿਮਰਿਆ ਜਾਏ ਤੇ ਫਿਰ ਸੁਖ ਪ੍ਰਾਪਤ ਹੁੰਦਾ ਹੈ, ਹਰ ਪਾਸਿਓਂ ਮਨ ਰੱਜ ਜਾਂਦਾ ਹੈ, ਇਹਦੀ ਭੁੱਖ-ਤਿਖਾ ਸਾਰੀ ਦੀ ਸਾਰੀ ਖਤਮ ਹੋ ਜਾਂਦੀ ਹੈ।

"ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥"
(ਅੰਗ ੧੩੮-੩੯)

ਉਹਦੀ ਜਗਤ ਚਿ ਸੋਭਾ ਹੋਵੇਗੀ, ਉਹਦੀ ਸ਼ੋਹਰਤ ਜਗਤ ਵਿਚ ਹੋਵੇਗੀ, ਉਹ ਸਾਰੇ ਜਗਤ ਵਿਚ ਨਿਵਾਜਿਆ ਤੇ ਸਤਿਕਾਰਿਆ ਜਾਏਗਾ ਜਿਨ ਚਿਤ ਲਾ ਲਿਆ ਸਤਿਨਾਮੁ ਵਾਹਿਗੁਰੂ ਨਾਲ। ਜਿਸ ਵੇਲੇ ਵਾਹਿਗੁਰੂ ਨਾਲ ਚਿਤ ਲੱਗ ਗਿਆ, ਨਿਰੰਕਾਰ ਨਾਲ ਇਹ ਅੰਦਰੋਂ-ਬਾਹਰੋਂ ਜੁੜ ਗਿਆ ਤੇ ਇਹਨੇ ਸਿਮਰਿਆ, ਇਹ ਵੀ ਇਕ ਜੁਗਤ ਹੈ, ਸਤਿਗੁਰੂ ਜੀ ਫੁਰਮਾਉਂਦੇ ਹਨ :

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥"
(ਅੰਗ ੩੦੫)

ਧਿਆਵੈ ਲਿਖਿਆ। ਅਰਾਧਣਾ ਧਿਆਉਣਾ ਇਕੋ ਗੱਲ ਹੈ; ਸਿਮਰਨਾ ਹੋਰ ਗੱਲ ਹੈ। ਸਿਮਰਨ ਦਾ ਸਬੰਧ ਰਸਨਾ ਨਾਲ ਹੈ। ਧਿਆਉਣ ਦਾ ਤੇ ਅਰਾਧਣ ਦਾ ਸਬੰਧ ਮਨ ਦੀ ਇਕਾਗਰਤਾ ਨਾਲ ਹੈ; ਇਹਨੂੰ ਸਿਮਰਨਾ ਨਹੀਂ ਆਖਦੇ ਪਈ ਉਧਰੋਂ ਉੱਤੇ ਪਾਣੀ ਦੀ ਗੜਵੀ ਪਾ ਲਈ ਤੇ ਉਧਰੋਂ ਮੂਲ ਮੰਤਰ ਦਾ ਪਾਠ ਕਰ ਕੇ ਵਿਹਲਾ ਹੋ ਗਿਆ! ਨਾ ਇਹਦਾ ਅਰਥ ਸਿਮਰਨਾ ਹੈ, ਨਾ ਇਹਦਾ ਅਰਥ ਧਿਆਉਣਾ ਹੈ। ਨਾ ਇਹ ਸਿੱਖ ਧਰਮ ਦੀ ਜੁਗਤੀ ਹੈ। ਇਸ਼ਨਾਨ-ਪਾਨ ਕਰਕੇ ਤੇ ਜਿਹੜਾ ਆਪਣਾ ਬੈਠਣ ਵਾਲਾ ਥਾਂ ਕੋਈ ਮੁਕੱਰਰ ਕੀਤਾ ਹੋਇਆ ਹੈ ਉਥੇ ਪਦਮ ਆਸਣ ਲਾ ਕੇ ਬੈਠ ਜਾਵੇ।

ਸੁਰਤ ਆਪਣੀ ਤ੍ਰਿਕੁਟੀ ਵਿਚ ਜੋੜ ਲਵੇ। ਸੁਰਤ ਨੇ ਏਧਰ ਦਾ ਰਸਤਾ ਨਹੀਂ ਵੇਖਿਆ ਹੋਇਆ। ਪਹਿਲਾਂ ਪਹਿਲਾਂ ਜੁੜੇਗੀ ਨਹੀਂ ; ਮਿਹਨਤ ਕਰਨੀ ਪਏਗੀ ! ਰਸਨਾ ਨਾ ਹਿੱਲੇ, ਆਵਾਜ਼ ਨਾ ਨਿਕਲੇ ! ਤੇ ਸੁਰਤ ਜਿਹੜੀ ਹੈ ਉਹ ਤ੍ਰਿਕੁਟੀ ਵਿਚ ਟਿਕੀ ਹੋਈ ਹੋਵੇ ! ਖਿਆਲ ਵਿਚ ਗੁਰੂ ਕੀ ਮੂਰਤ ਔਰ ਗੁਰੂ ਕਾ ਸਬਦ ਹੋਵੇ ! ਇਹਨੂੰ ਅਰਾਧਣਾ ਕਹਿੰਦੇ ਨੇ! ਇਹ ਨੂੰ ਧਿਆਉਣਾ ਕਹਿੰਦੇ ਨੇ ਜੇ ਕਿਸੇ ਨੂੰ ਇਹ ਦਾਤ ਮਿਲ ਜਾਏ! ਕੀਰਤਨ ਇਸ ਆਰਾਧਣ ਤੇ ਧਿਆਉਣ ਦਾ ਇਕ ਐਸਾ ਬਿਹਤਰੀਨ ਅੰਗ ਹੈ ਜਿਸ ਦੇ ਨਾਲ ਸੁਰਤ ਪਰਪੱਕ ਹੁੰਦੀ ਹੈ। ਕਥਾ ਗੁਰਬਾਣੀ ਦਾ ਪਾਠ ਸੁਰਤ ਨੂੰ ਜੋੜਨ ਦਾ ਇਕ ਬੜਾ ਬਿਹਰਤਰੀਨ ਅੰਗ ਹੈ। ਇਹਦੇ ਤੋਂ ਬਿਨਾਂ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ। ਜਿਸ ਨੂੰ ਆਰ੍ਰਾਧਣਾ, ਜਿਸ ਨੂੰ ਧਿਆਉਣਾ ਕਹਿੰਦੇ ਨੇ, ਇਹਨੂੰ ਇਉਂ ਸਮਝ ਲੈਣਾ ਚਾਹੀਦਾ ਪਈ ਇਕ ਭਾਂਡੇ ਵਿਚ ਤੇਲ ਪਿਆ ਹੋਇਆ ਹੈ ਵੀਹ ਸੇਰ ਪੱਕਾ, ਅਸਾਂ ਉਸ ਭਾਂਡੇ ਵਿਚੋਂ ਦੂਜੇ ਭਾਂਡੇ ਵਿਚ ਪਾਉਣਾ। ਜਿਸ ਭਾਂਡੇ ਵਿਚੋਂ ਤੇਲ ਪਾਉਣਾ, ਉਸ ਭਾਂਡੇ ਦਾ ਛੇਕ ਇਕ ਇੰਚ ਮੋਟਾ। ਹੁਣ ਕਿੰਨੀ ਇਕਾਗਰਤਾ ਦੀ ਲੋੜ ਹੋਵੇਗੀ ਪਈ 20 ਸੇਰ ਭਾਰ ਆਪਣੇ ਹੱਥਾਂ 'ਤੇ ਝੱਲ ਸਕਦਾ ਹੋਵੇ ! 20 ਸੇਰ ਤੇ ਤੇਲ ਹੀ ਹੈ ! ਜਿਸ ਭਾਂਡੇ ਵਿਚੋਂ ਪਾਇਆ ਉਸ ਦਾ ਵੀ ਕੁਝ ਭਾਰ ਹੈ, ਉਹਨੂੰ ਆਪਣੀਆਂ ਬਾਹਵਾਂ ਤੇ ਤੋਲ ਸਕਦਾ ਹੋਵੇ ਤੇ ਫੇਰ ਉਹਦੇ ਤੋਂ ਉਲਟਾਵੇ, ਐਸੀ ਧਾਰ ਕਿ ਜਿਹੜਾ ਉਹ ਇਕ ਇੰਚ ਦਾ ਛੇਕ ਹੈ ਉਹਦੇ ਵਿਚ ਐਨ ਸਿੱਧੀ ਧਾਰ ਪਏ ! ਬੜੀ ਇਕਾਗਰਤਾ ਦੀ ਲੋੜ ਹੈ। ਜੇ ਸੱਜੀ ਬਾਂਹ ਕੰਬ ਗਈ ਤਾਂ ਵੀ ਤੇਲ ਡੁੱਲ੍ਹ ਜਾਵੇਗਾ, ਜੇ ਖੱਬੀ ਬਾਂਹ ਕੰਬ ਗਈ ਤਾਂ ਵੀ ਤੇਲ ਡੁੱਲ ਜਾਏਗਾ ! ਜੇ ਨਜ਼ਰ ਦਾ ਧਿਆਨ ਏਧਰ-ਉਧਰ ਹੋ ਗਿਆ ਤਾਂ ਵੀ ਤੇਲ ਡੁੱਲ੍ਹ ਜਾਏਗਾ। ਮਨ, ਨਜ਼ਰ, ਹੱਥ, ਸਰੀਰ ਐਨ ਸਾਧ ਕੇ ਪੂਰਾ ਵੀਹ ਸੇਰ ਤੇਲ ਉਸ ਇਕ ਇੰਚ ਵਾਲੇ ਛੇਕ ਵਾਲੇ ਬਰਤਨ ਵਿਚ ਪਾ ਦੇਣਾ ਤੇ ਡੁੱਲ੍ਹਣ ਨਾ ਦੇਣਾ, ਇਹ ਹੈ ਸੁਰਤ ਦੀ ਇਕਾਗਰਤਾ ! ਏਸੇ ਤਰ੍ਹਾਂ ਮਨ ਨੂੰ ਇਕਾਗਰ ਕਰ ਕੇ ਤੇ ਉਹਨੂੰ ਅਸਾਂ ਧਿਆਉਣਾ ! ਉਹਨੂੰ ਅਸਾਂ ਆਰਾਧਣਾ ! ਉਹ ਆਰਾਧਿਆ ਹੋਇਆ ਫਿਰ ਸਾਨੂੰ ਸਾਥ ਦੇਂਦਾ ਹੈ। ਉਹ ਆਰਾਧਿਆ ਹੋਇਆ ਫਿਰ ਸਾਡੇ ਕੰਮ ਆਉਂਦਾ ਹੈ, ਉਹ ਜੰਮਣ ਮਰਨ ਮੁਕਾਉਂਦਾ, ਉਹ ਭਵ-ਸਾਗਰ ਤੋਂ ਪਾਰ ਕਰਦਾ ਹੈ ਪਰ ਇਹ ਸਾਰੀ ਗੱਲ ਹੋਵੇਗੀ ਉਦੋਂ ਜਦੋਂ :

ਧਾਰਨਾ =**"ਕਿਰਪਾ ਗੋਬਿੰਦ ਭਈ... —ਕਿਰਪਾ ਗੋਬਿੰਦ ਭਈ...॥"**

(ਅੰਗ ੧੩੦੭)

ਜਿੰਨਾਂ ਚਿਰ ਅੰਦਰ ਹਉਮੈ ਕਿਸੇ ਵੀ ਰੂਪ ਵਿਚ ਮੌਜੂਦ ਹੈ ਕਿ ਮੈਂ ਸੁੰਦਰ ਹਾਂ, ਬਾਕੀਆਂ ਨਾਲੋਂ ਲੰਮਾ-ਚੌੜਾ ਜਵਾਨ ਹਾਂ, ਮੈਂ ਬੜਾ ਆਹਲਾ ਮਕੈਨਿਕ ਹਾਂ, ਮੈਂ ਬੜਾ ਚੰਗਾ ਹਕੀਮ ਹਾਂ, ਮੈਂ ਬੜਾ ਚੰਗਾ ਰਾਗੀ ਹਾਂ, ਮੈਂ ਬੜਾ ਚੰਗਾ ਪਾਠੀ ਹਾਂ। ਮੈਂ ਕੁਝ ਹਾਂ ! ਜਿੰਨਾ ਚਿਰ ਕਿਸੇ ਰੂਪ ਵਿਚ ਹਉਮੈ ਅੰਦਰ ਵੱਸਦੀ ਹੈ ਉਨਾ ਚਿਰ ਏਸ ਰਸਤੇ ਉੱਤੇ ਕਾਮਯਾਬ ਨਹੀਂ ਹੋਇਆ ਜਾਣਾ। ਭਾਈ ਗੁਰਦਾਸ ਜੀ ਗੁਰਮਤਿ ਦੇ ਬੜੇ ਚੰਗੇ

ਸਿਆਣੇ ਲੁਹਾਰ ਨੇ। ਉਨ੍ਹਾਂ ਕੋਲ ਸਿਦਕ ਦੀ ਅਹਿਰਣ ਹੈ, ਉਨ੍ਹਾਂ ਦੇ ਕੋਲ ਗੁਰਮਤਿ ਦਾ ਹਥੌੜਾ ਹੈ। ਗੁਰਮਤਿ ਦੇ ਹਥੌੜੇ ਨਾਲ ਸਿੱਖੀ ਦੇ ਪਰਕਰਣ ਨੂੰ ਸਿਦਕ ਦੀ ਅਹਿਰਣ ਉੱਤੇ ਰੱਖ ਕੇ ਬੜੀਆਂ ਮਿੱਠੀਆਂ ਮਿੱਠੀਆਂ ਸੱਟਾਂ ਮਾਰ ਕੇ ਤੇ ਫਿਰ ਉਹ ਘੜਦੇ ਨੇ। ਕਹਿੰਦੇ ਨੇ :

ਸਿਰ ਤਲਵਾਇਆ ਬਿਰਖੁ ਹੈ...।" (ਵਾਰ ੨੬ : ੧੫)

ਜਿਹੜਾ ਬਿਰਖ ਹੈ, ਇਹ ਉਲਟਾ ਹੈ; ਸਿਰ ਹੇਠਾਂ ਨੂੰ ਤੇ ਪੈਰ ਉਤਾਂਹ ਨੂੰ! ਮੁੱਢ ਹੇਠਾਂ ਜੋ ਹੋਇਆ ਤੇ ਮੁੱਢ ਨਾਲ ਹੁੰਦੀਆਂ ਨੇ ਜੜ੍ਹਾਂ! ਤੇ ਜੜ੍ਹਾਂ ਨੂੰ ਭਾਈ ਸਾਹਿਬ ਜੀ ਕਹਿੰਦੇ ਨੇ ਕੇਸ, ਤੇ ਕੇਸ ਸਿਰ 'ਤੇ ਹੁੰਦੇ ਨੇ। ਸਿਰ ਹੇਠਾਂ ਤੇ ਟਾਹਣੇ-ਟਾਹਣੀਆਂ; ਪੱਤੇ ਸ਼ਾਖਾਂ ਉਤਾਂਹ ਨੂੰ, ਲੱਤਾਂ-ਬਾਹਵਾਂ ਉਤਾਂਹ ਨੂੰ ਪੁੱਠਾ ਹੋ ਕੇ ਜੰਮਿਆ, ਤਪ ਕਰ ਰਿਹਾ, ਤਪੱਸਿਆ ਕਰ ਰਿਹਾ ਪੁੱਠਾ ਹੋ ਕੇ! ਉਹਦੇ ਤਪ ਦਾ ਨਤੀਜਾ ਕੀ ਹੁੰਦਾ? ਭਾਈ ਸਾਹਿਬ ਕਹਿੰਦੇ ਨੇ :

"ਸਿਰ ਤਲਵਾਇਆ ਬਿਰਖੁ ਹੈ
ਹੋਇ ਸਹਸ ਫਲ ਸੁਫਲ ਫਲੰਦਾ।" (ਉਹੀ)

ਉਹਨੂੰ ਫਿਰ ਹਜ਼ਾਰਾਂ ਫਲ ਲਗਦੇ ਨੇ। ਉਹ ਦੀ ਨਿਮਰਤਾ ਦਾ ਨਤੀਜਾ ਇਹ ਹੈ। ਉਹਦੀਆਂ ਸ਼ਾਖਾਂ ਕਈ ਵਾਰਾਂ ਟੁੱਟ ਜਾਂਦੀਆਂ ਨੇ। ਇਹ ਸਿੱਖੀ ਦੀ ਕਮਾਈ ਕਰਨ ਵਾਸਤੇ ਸਿੱਖ ਨੂੰ ਪ੍ਰਮਾਣ ਦਿੱਤਾ ਹੈ ਕਿ ਜਿਵੇਂ ਬਿਰਖ ਉਲਟਾ ਹੋ ਕੇ ਸਿਰ ਹੇਠਾਂ ਕਰਕੇ ਪੈਰ ਉਤਾਂਹ ਕਰਕੇ ਤਪੱਸਿਆ ਕਰਦਾ ਹੈ, ਸਿੱਖਾ! ਏਦਾਂ ਤਪੱਸਿਆ ਕਰ, ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝ! ਬਾਕੀ ਦਿਆਂ ਨੂੰ ਆਪਣਾ ਸ਼ਰੋਮਣੀ ਜਾਣ! ਸਭ ਦੇ ਅੰਦਰ ਇਕ ਨਿਰੰਕਾਰ ਦੀ ਜੋਤ ਵੇਖ! ਕਿਸੇ ਵੱਲ ਵੇਖ ਕੇ ਘਿਰਣਾ ਨਾ ਕਰ! ਨਿਰੰਕਾਰ ਨੂੰ ਆਪਣਾ ਮਿੱਤਰ ਬਣਾਉਣ ਦਾ ਇਕ ਬੜਾ ਸੁਹਣਾ ਤਰੀਕਾ ਹੈ। ਜੇ ਰੱਬ ਨੂੰ ਆਪਣਾ ਮਿੱਤਰ ਬਣਾਉਣਾ ਚਾਹੁੰਦੇ ਹੋ ਪਿਆਰਿਓ, ਤਾਂ ਰੱਬ ਦੀ ਸਾਜੀ ਹੋਈ ਜਨਤਾ ਨਾਲ ਪਿਆਰ ਕਰਿਆ ਕਰੋ; ਰੱਬ ਦੇ ਬੰਦਿਆਂ ਨੂੰ ਰੱਬ ਦੇ ਬੰਦੇ ਜਾਣ ਕੇ ਨਿਵਾਜਿਆ ਕਰੋ! ਜੇ ਰੱਬ ਨੂੰ ਆਪਣਾ ਦੁਸ਼ਮਣ ਬਣਾਉਣਾ ਜੇ ਤਾਂ ਰੱਬ ਦੇ ਬੰਦਿਆਂ ਨਾਲ ਦੁਸ਼ਮਣੀ ਕਰੋ! ਰੱਬ ਦੇ ਬੰਦਿਆਂ ਨਾਲ ਦੁਸ਼ਮਣੀ ਕਰਨੇ ਕਰਕੇ ਰੱਬ ਦੀ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ। ਜਿੰਨਾ ਚਿਰ ਅਸੀਂ ਰੱਬ ਦੀ ਭਗਤੀ ਤੇ ਕਰਦੇ ਹਾਂ ਪਰ ਰੱਬ ਦੀ ਬਣਾਈ ਹੋਈ ਖਲਕਤ ਦੀ ਭਗਤੀ ਨਹੀਂ ਕਰਦੇ ਉਨਾ ਚਿਰ ਭਗਤੀ ਲੰਗੜੀ ਹੈ, ਉਨ੍ਹਾਂ ਚਿਰ ਭਗਤੀ ਕਮਜ਼ੋਰ ਹੈ, ਭਗਤੀ ਪ੍ਰਵਾਨ ਨਹੀਂ ਹੁੰਦੀ। ਪ੍ਰਵਾਨ ਭਗਤੀ ਕਮਾਉਣ ਵਾਸਤੇ ਭਾਈ ਗੁਰਦਾਸ ਜੀ ਕਹਿੰਦੇ ਨੇ :

ਸਿਰ ਤਲਵਾਇਆ ਬਿਰਖੁ ਹੈ,
ਹੋਇ ਸਹਸ ਫਲ ਸੁਫਲ ਫਲੰਦਾ ॥ (ਉਹੀ)
ਨਿਰਮਲੁ ਨੀਰੁ ਵਖਾਣੀਐ"... (ਉਹੀ)

ਪਾਣੀ ਨੂੰ ਸਾਰੇ ਨਿਰਮਲ ਨਿਰਮਲ ਕਹਿੰਦੇ ਨੇ, ਸੁਹਣਾ ਚਮਕਦਾ ਕਹਿੰਦੇ ਨੇ।

ਭਾਈ ਗੁਰਦਾਸ ਜੀ ਕਹਿੰਦੇ, ਕਿਉਂ ਚਮਕਦਾ ਹੈ ? ਅੱਧੀ ਤੁਕ ਵਿਚ ਉੱਤਰ ਦਿੱਤਾ :

"ਸਿਰੁ ਨੀਵਾਂ ਨੀਵਾਨਿ ਚਲੰਦਾ ।" *(ਉਹੀ)*

ਪਾਣੀ ਦਾ ਸਿਰ ਨੀਵਾਂ ਹੈ, ਪਾਣੀ ਜਾਂਦਾ ਨੀਵੇਂ ਪਾਸੇ ਨੂੰ ਹੈ । ਇਹ ਪਿਆਸ ਵੀ ਬੁਝਾਉਂਦਾ, ਚਮਕਦਾ ਵੀ ਹੈ, ਸੁਹਣਾ ਵੀ ਲਗਦਾ ਹੈ ! ਗੁਰੂ ਕੇ ਸਿੱਖਾ ! ਨੀਵਾਂ ਹੋ ਜਾ ! ਨੀਵਿਆਂ ਨਾਲ ਪਿਆਰ ਕਰ, ਠੁਕਰਾਇਆਂ ਹੋਇਆਂ ਨੂੰ ਗਲ ਨਾਲ ਲਾ ਕੇ ਵੇਖ, ਰੁਲਦਿਆਂ-ਰੋਂਦਿਆਂ ਨਾਲ ਕਿਤੇ ਪਿਆਰ ਕਰ ਕੇ ਵੇਖ, ਤੇਰੀ ਸੋਭਾ ਹੋਵੇਗੀ ! ਤੇਰੇ ਹਿਰਦੇ ਅੰਦਰ ਸਿੱਖੀ ਆਵੇਗੀ । ਭਾਈ ਘਨੱਈਏ ਦੀ ਸੰਪਰਦਾ ਜਿਨ੍ਹਾਂ ਨੂੰ ਅੱਡਣ ਸ਼ਾਹੀਏ ਆਖਦੇ ਨੇ ਉਨ੍ਹਾਂ ਵਿਚ ਬੜੇ-ਬੜੇ ਮਹਾਂਪੁਰਸ਼ ਹੋਏ । ਭਾਈ ਬੁਧੂ ਸਾਹਿਬ ਬ੍ਰਹਮਗਿਆਨੀ ਸਨ । ਉਨ੍ਹਾਂ ਵਿਚ ਇਕ ਭਾਈ ਜਗਤਾ ਹੋਇਆ । ਅੱਡਣਸ਼ਾਹੀਏ ਗੁਰਦੁਆਰਿਆਂ ਦਾ ਨਾਮ ਆਮ ਤੌਰ 'ਤੇ ਟਿਕਾਣਾ ਹੀ ਰਖਦੇ ਸਨ । ਜਿਹੜੇ ਭਾਈ ਜਗਤਾ ਜੀ ਹੋਏ ਹਨ ਉਨ੍ਹਾਂ ਦੀਆਂ ਗਾਈਆਂ ਖੋਲ੍ਹ ਲਈਆਂ ਚੋਰਾਂ ਨੇ । ਚੋਰ ਗਾਈਆਂ ਲੈ ਕੇ ਅੱਠ ਮੀਲ ਚਲੇ ਗਏ ਤੇ ਚੋਰਾਂ ਨੂੰ ਦਿੱਸਣੋਂ ਹਟ ਗਿਆ । ਜੇ ਤੇ ਗੁਰਦੁਆਰੇ ਵੱਲ ਟਿਕਾਣੇ ਵੱਲ ਮੁੜਨ ਤਾਂ ਨਜ਼ਰ ਕੰਮ ਕਰੇ ਜੇ ਘਰ ਨੂੰ ਜਾਣ ਤਾਂ ਨਜ਼ਰ ਕੰਮ ਨਾ ਕਰੇ । ਖਲੋ ਗਏ । ਏਧਰ ਭਾਈ ਜਗਤਾ ਜੀ ਨੇ ਵੇਖਿਆ ਕਿ ਗਾਈਆਂ ਲੈ ਗਏ ਨੇ ਚੋਰ ਤੇ ਵੱਛੀਆਂ-ਵੱਛੇ ਰਹਿ ਗਏ ਨੇ । ਹੁਣ ਵੱਛੀਆਂ-ਵੱਛੇ ਰੋਣ । ਮਾਵਾਂ ਤੋਂ ਬਿਨਾਂ ਪੁੱਤ-ਧੀ ਕਿੱਦਾਂ ਪਲੇ ? ਭਾਈ ਜਗਤਾ ਜੀ ਨੇ ਵੱਛੀਆਂ-ਵੱਛੇ ਖੋਲ੍ਹ ਲਏ । ਜਿਥੇ ਚੋਰ ਅੰਨ੍ਹੇ ਹੋ ਕੇ ਖਲੋਤੇ ਸੀ ਉਥੇ ਲੈ ਗਏ ਤੇ ਹੱਥ ਜੋੜ ਕੇ ਕਹਿਣ ਲੱਗੇ, 'ਮਹਾਂਪੁਰਸ਼ੋ, ਰੱਬ ਦੇ ਪਿਆਰਿਓ ! ਤੁਹਾਡੇ ਬੱਚੇ ਦੁੱਧ ਤੋਂ ਭੁੱਖੇ ਜੂ ਰਹਿੰਦੇ ਸੀ ! ਤੁਹਾਡੇ ਬੱਚਿਆਂ ਨੂੰ ਦੁੱਧ ਦੀ ਲੋੜ ਜੂ ਸੀ ਤੇ ਤੁਸੀਂ ਗਾਈਆਂ ਲੈ ਆਂਦੀਆਂ । ਆਪਣੇ ਬੱਚਿਆਂ ਉਤੇ ਤੁਸਾਂ ਬੜਾ ਪਰਉਪਕਾਰ ਕੀਤਾ ਤੇ ਇਨ੍ਹਾਂ ਗਾਈਆਂ ਦੇ ਬੱਚੀਆਂ-ਬੱਚੇ ਰੋਂਦੇ ਨੇ; ਮੈਂ ਉਹ ਲੈ ਆਇਆ ਹਾਂ। ਇਨ੍ਹਾਂ ਨੂੰ ਵੀ ਲੈ ਜਾਉ ! ਇਹ ਮਾਵਾਂ ਤੋਂ ਬਿਨਾਂ ਨਹੀਂ ਪਲਣਗੇ। ਇਹ ਮਾਵਾਂ ਤੋਂ ਬਿਨਾਂ ਨਹੀਂ ਚੈਨ ਕਰਨਗੇ । ਲੈ ਜਾਉ, ਇਨ੍ਹਾਂ ਨੂੰ ਭੁੱਖੇ ਨਾ ਰੱਖਿਓ, ਇਨ੍ਹਾਂ ਨੂੰ ਚੰਗਾ ਦੁੱਧ ਪਿਆਲਿਓ ! ਇਨ੍ਹਾਂ ਦੀ ਪਾਲਣਾ ਕਰਿਓ ! ਤੇ ਚੋਰ ਚਰਨਾਂ ਉਤੇ ਡਿੱਗਣ, ਤਰਲੇ ਲੈਣ, ਮੱਥੇ ਟੇਕਣ, 'ਭਾਈ ਸਾਹਿਬ ਜੀ, ਅਸੀਂ ਭੁੱਲ ਗਏ ! ਸਾਡੇ ਕੋਲੋਂ ਪਾਪ ਹੋ ਗਿਆ ਤੇ ਭਾਈ ਜਗਤਾ ਜੀ ਕਹਿਣ, 'ਨਹੀਂ ਨਹੀਂ, ਤੁਸੀਂ ਤੇ ਹੋਏ ਰੱਬ-ਰੂਪ ਪਰਉਪਕਾਰੀ, ਤੁਸੀਂ ਤੇ ਆਪਣੇ ਬੱਚਿਆਂ ਉੱਤੇ ਦਇਆ ਕਰਨ ਆਏ ! ਇਹ ਬ੍ਰਹਮ ਗਿਆਨੀ ਦੇ ਮਨ ਦੀ ਅਵਸਥਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ :

"ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥" *(ਅੰਗ ੨੭੨)*

ਬ੍ਰਹਮ ਗਿਆਨੀ ਕੋਲੋਂ ਬੁਰਾ ਹੋ ਹੀ ਨਹੀਂ ਸਕਦਾ; ਬ੍ਰਹਮ ਗਿਆਨੀ ਦੇ ਨੇੜੇ ਬੁਰਿਆਈ ਆ ਈ ਨਹੀਂ ਸਕਦੀ । ਸਤਿਗੁਰੂ ਜੀ ਕਹਿੰਦੇ ਹਨ :

"ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥" *(ਅੰਗ ੨੭੩)*

ਬ੍ਰਹਮ ਗਿਆਨੀ ਅਤੇ ਪਰਮੇਸ਼ਰ 'ਚ ਕੋਈ ਫਰਕ ਨਹੀਂ ਰਹਿ ਜਾਂਦਾ ! ਕਿਉਂ ਨਹੀਂ ਰਹਿ ਜਾਂਦਾ ? ਕਿਉਂਕਿ ਭਾਈ, ਜਿਹੜਾ ਇਹਦੇ 'ਚ ਹਉਮੈਂ ਨਹੀਂ, ਹੰਕਾਰ ਨਹੀਂ, ਨੀਵੇਂ ਪਾਸੇ ਜਾਂਦਾ, ਨੀਵਿਆਂ ਦੇ ਨਾਲ ਪਿਆਰ ਕਰਦਾ, ਰੁੱਖਾਂ ਦੀਆਂ ਜੜ੍ਹਾਂ ਅੰਦਰ ਜਾਂਦਾ, ਉਨ੍ਹਾਂ ਦੀ ਪਰਵਰਿਸ਼ ਕਰਦਾ ਹੈ। ਨਿਰਮਲ ਹੈ, ਸਭ ਹੀ ਪਿਆਸ ਬੁਝਾ ਦਿੰਦਾ :

"ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਨਿ ਚਲੰਦਾ ।
ਸਭਦੂ ਨੀਵੀ ਧਰਤਿ 'ਹੋਇ...॥"

(ਵਾਰ ੨੬ : ੧੫)

ਪਹਾੜ, ਦਰਖਤ, ਕਿਲ੍ਹੇ ਉੱਚੇ ਧਰਤੀ ਉੱਤੇ ਪਾਪੀ ਪੁੰਨੀ, ਚੰਗੇ ਮੰਦੇ ਸਭ ਨੱਸੇ-ਭੱਜੇ ਫਿਰਦੇ ਨੇ, ਸਭ ਦੇ ਪੈਰਾਂ ਥੱਲੇ ਹੈ। ਕੋਈ ਲੇਪਾ-ਪੋਚਾ ਕਰਦਾ, ਕੋਈ ਹਲਾਂ ਨਾਲ ਵਾਹੁੰਦਾ ਹੈ, ਕੋਈ ਗੈਚੀਆਂ ਨਾਲ ਪੁੱਟਦਾ :

"ਸਭਦੂ ਨੀਵੀ ਧਰਤਿ ਹੋਇ, ਅਨੁ ਧਨੁ ਸਭੁ ਸੈ ਸਾਰੁ ਸਹੰਦਾ ।" (ਉਹੀ)

ਗਰੀਬੀ ਦੀ ਵਜ੍ਹਾ ਕਰਕੇ, ਸਭ ਦੇ ਪੈਰਾਂ ਹੇਠ ਰਹਿਣ ਦੀ ਵਜ੍ਹਾ ਕਰਕੇ ਸਾਰੇ ਸੰਸਾਰ ਵਾਸਤੇ ਅੰਨ ਵੀ ਪੈਦਾ ਕਰਦੀ ਹੈ, ਸਾਰੇ ਸੰਸਾਰ ਵਾਸਤੇ ਜਲ ਵੀ ਪੈਦਾ ਕਰਦੀ ਹੈ :

"ਸਿਰੁ ਉਚਾ ਨੀਵੇਂ ਚਰਣ...।" (ਉਹੀ)

ਭਾਈ ਗੁਰਦਸ ਜੀ ਕਹਿੰਦੇ ਨੇ, ਸਿਰ ਉੱਚਾ। ਤੇ ਜਿਹੜੀਆਂ ਕੀਮਤੀ ਚੀਜਾਂ ਨੇ ਉਹ ਸਿਰ ਨਾਲ ਹੀ ਨੇ। ਅੱਖਾਂ ਦਾ ਤਾਅਲੁਕ ਸਿਰ ਨਾਲ ਹੈ; ਕੰਨਾਂ ਦਾ ਤਾਅਲੁਕ ਸਿਰ ਨਾਲ ਹੈ, ਜ਼ੁਬਾਨ ਦਾ ਤਾਅਲੁਕ ਸਿਰ ਨਾਲ ਹੈ । ਇੱਕ ਹੱਥ ਵੱਢਿਆ ਜਾਏ ਗੁਜਾਰਾ ਹੋ ਸਕਦਾ, ਇੱਕ ਲੱਤ ਵੱਢੀ ਜਾਏ ਗੁਜਾਰਾ ਹੋ ਸਕਦਾ ਐ ਪਰ ਸਿਰ ਵੱਢਿਆ ਜਾਏ ਤਾਂ ਬੰਦਾ ਹੀ ਖਤਮ ਹੋ ਜਾਂਦਾ। ਬੜੀ ਬਿਹਤਰੀਨ ਚੀਜ਼ ਹੈ ਸਾਡੇ ਜਿਸਮ ਦੇ ਅੰਦਰ ਸਿਰ। ਪਰ ਭਾਈ ਸਾਹਿਬ ਕਹਿੰਦੇ ਨੇ ਹੈ ਉੱਚਾ :

"ਸਿਰੁ ਉਚਾ ਨੀਵੇਂ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ ।"(ਉਹੀ)

ਸਿਰ ਉੱਚਾ ਹੈ, ਚਰਨ ਨੀਵੇਂ ਹਨ: ਇਸ ਉੱਚੇ ਸਿਰ ਨੂੰ ਗੁਰਮੁਖ ਦੇ ਚਰਨਾਂ ਉਤੇ ਝੁਕਣਾ ਪੈਂਦਾ ਹੈ, ਸਿਰ ਨੂੰ ਚਰਨਾਂ ਉੱਤੇ ਨੀਊਣਾ ਪੈਂਦਾ ਹੈ :

"ਸਿਰੁ ਉਚਾ ਨੀਵੇਂ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ ।
ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ ।
ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ ।"

ਚਰਨ ਨੀਵੇਂ ਨੇ। ਇਨ੍ਹਾਂ ਦੀ ਧੂੜੀ ਨੂੰ ਪਰਵਾਨ ਜਾਣ ਕੇ ਸੰਤਾਂ ਦੀ ਚਰਨ-ਧੂੜੀ ਦਾ ਜਸ ਵੇਦ ਵੀ ਗਉਂਦੇ ਨੇ, ਪੁਰਾਣ ਵੀ ਗਾਉਂਦੇ ਨੇ, ਸਾਸਤ੍ਰ ਵੀ ਗਾਉਂਦੇ ਨੇ :

"ਵਡਭਾਗੀ ਪਾਖਾਕ ਲਹੰਦਾ ॥" (ਉਹੀ)

ਉਹ ਵੱਡਿਆਂ ਭਾਗਾਂ ਵਾਲਾ ਗੁਰਸਿੱਖ ਹੈ ਜਿਸ ਨੂੰ ਸੰਗਤ ਦੇ ਪੈਰਾਂ ਦੀ ਚਰਨ-

ਧੂੜ ਮਿਲ ਜਾਏ। ਗੁਰੂ ਕੇ ਸਿੱਖ ਦੀ ਚਰਨ-ਧੂੜ ਮਿਲ ਜਾਏ, ਜਿਸ ਧੂੜੀ ਦੇ ਨਾਲ ਉਹਦਾ ਪਾਰ-ਉਤਾਰਾ ਹੋਣਾ ! ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ 'ਵਾਹਿਗੁਰੂ ਦੇ ਪਿਆਰਿਆਂ ਦੀ ਚਰਨ ਧੂੜੀ ਨੂੰ ਏਡਾ ਉੱਚਾ ਤੇ ਸੁੱਚਾ ਜਾਣ :

"ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ ॥"

(ਅੰਗ ੪੬੮)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਿੰਧੀਆਂ ਦਾ ਇਕ ਜਥਾ ਸਿੰਧ ਵਿਚੋਂ ਇਕ ਵੱਡਾ ਜਥਾ ਤਿਆਰ ਹੋ ਕੇ ਸਾਲ ਭਰ ਦਾ ਦਸਵੰਧ ਲੈ ਕੇ ਤੁਰਿਆ, ਜਿਹੜਾ ਦਸਵੰਧ ਹੁਣ ਸਾਨੂੰ ਭੁੱਲ ਗਿਆ ਤੇ ਦੁੱਖ ਵੀ ਪਾ ਰਹੇ ਹਾਂ। ਦਸਮ ਮਹਾਰਾਜ ਜੀ ਕਥਨ ਕਰਦੇ ਹਨ।

"ਜੋ ਬਾਬੇ ਕੇ ਦਾਮ ਨ ਦੈ ਹੈਂ ॥"

ਜਿਹੜਾ ਸਿੱਖ ਗੁਰੂ ਦਾ ਦਸਵੰਧ ਨਹੀਂ ਕੱਢਦਾ

"ਤਿਨ ਤੇ ਗਹਿ ਬਾਬਰ ਕੇ ਲੈ ਹੈਂ ॥"

ਉਹਨੂੰ ਬਾਬਰ ਕੇ ਪਕੜ ਕੇ ਲੁੱਟ ਲੈਣਗੇ ਤੇ ਜਿਹੜਾ ਬਾਬਰ ਕਿਆਂ ਨੇ ਲੁੱਟ ਲਿਆ ਤੇ ਗਰੀਬ ਹੋ ਗਿਆ।

"ਤਬ ਚੜ ਹੈ ਸਿੱਖਨ ਕਰ ਮਾਂਗਨ ॥"

ਫਿਰ ਸਿੱਖਾਂ ਦੀ ਘਰੀਂ ਮੰਗਣ ਵਾਸਤੇ ਜਾਏਗਾ, "ਮੈਂ ਬਰਬਾਦ ਹੋ ਗਿਆ ! ਮੈਨੂੰ ਸਿਪਾਹੀਆਂ ਨੇ ਲੁੱਟ ਲਿਆ ! ਤੇ ਗਰੀਬ ਨਿਵਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ "ਜੋ ਜੋ ਸਿੱਖ ਤਿਨੈ ਧੰਨ ਦੈ ਹੈਂ" ਜਿਸ ਨੂੰ ਬਾਬਰ ਕਿਆਂ ਨੇ ਲੁੱਟਿਆ ਹੈ ਜਿਹੜਾ ਉਸ ਨੂੰ ਧਨ ਦੇਵੇਗਾ :

"ਤਿਨ ਕੋ ਲੂਟ ਮਲੇਛਨ ਲੈ ਹੈਂ ॥"

ਉਸ ਨੂੰ ਵੀ ਬਾਬਰ ਕੇ ਲੁੱਟ ਲੈਣਗੇ ! ਜਿਹੜਾ ਦਸਵੰਧ ਨਾ ਦਏ ਉਸ ਦੀ ਏਡੀ ਦੁਰਗਤੀ ਲਿਖੀ ਹੈ ! ਹਰ ਧਰਮ ਵਿਚ ਅਜਿਹੀਆਂ ਸਿੱਖਿਆਂ ਨੂੰ ਮੰਨਦਾ ਕੋਈ ਵਿਰਲਾ ਹੀ ਹੈ ! ਪੁਰਾਣ ਵਿਚ ਲਿਖਿਆ ਹੈ :

ਧੂਮ੍ਰ ਪਾਨੰ ਰਤੰ ਬ੍ਰਿਪੰ ਦਾਨੰ ਕੁਰਵੰਤੀ ਜੇ ਨਰਾ।
ਦਾਤਾਰੰ ਨਰਕੰ ਜਾਯੰਤੀ ਬ੍ਰਾਹਮਣੰ ਗ੍ਰਾਮੰ ਸੂਕਰਹ।

ਜਿਹੜਾ ਬਾਹਮਣ ਤਮਾਕੂ ਪੀਣ ਨਾਲ ਪਿਆਰ ਕਰਦਾ ਹੈ, ਤਮਾਕੂ ਖਾਂਦਾ-ਪੀਂਦਾ ਹੈ, ਉਸ ਤਮਾਕੂ ਵਰਤਣ ਵਾਲੇ ਬਾਹਮਣ ਨੂੰ ਜਿਹੜਾ ਆਦਮੀ ਜਿਹੜਾ ਸਨਾਤਨੀ ਦਾਨ ਦਿੰਦਾ ਹੈ ਉਹ ਸਿੱਧਾ ਨਰਕਾਂ ਵਿਚ ਜਾਵੇਗਾ, ਉਸ ਨੂੰ ਨਰਕਾਂ ਵਿਚ ਪੈਣੋਂ ਕੋਈ ਰੋਕ ਨਹੀਂ ਸਕਦਾ ਤੇ ਦੂਜੇ ਜਨਮ ਵਿਚ ਬਾਹਮਣ ਉਸ ਪਿੰਡ ਦਾ ਸੂਰ (ਸੂਅਰ) ਬਣ

ਕੇ ਜੰਮੇਗਾ ਜਿਸ ਪਿੰਡ ਵਿਚ ਰਹਿ ਕੇ ਤਮਾਕੂ ਪੀਂਦਾ ਹੈ ! ਪਰ ਨਾ ਹੁਣ ਬਾਹਮਣ ਮੰਨਦੇ ਤੇ ਸਨਾਤਨੀ ਮੰਨਦੇ ਹਨ ਇਸ ਗੱਲ ਨੂੰ ! ਧੂੰਆਂ ਦੋਵੇਂ ਹੀ ਛੱਡੀ ਜਾਂਦੇ ਨੇ। ਬਾਹਮਣ ਦਾਨ ਲਈ ਜਾਂਦਾ ਤੇ ਦੂਜਾ ਦਈ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ :

> ***"ਦਾਨੁ ਦੇਇ ਕਰਿ ਪੂਜਾ ਕਰਨਾ ॥ ਲੈਤ ਦੇਤ ਉਨ੍ ਮੂਕਰਿ ਪਰਨਾ ॥...***
> ***ਐਸੇ ਬ੍ਰਾਹਮਣ ਡੂਬੇ ਭਾਈ ॥ ਨਿਰਾਪਰਾਧ ਚਿਤਵਹਿ ਬੁਰਿਆਈ ॥"***
> (ਅੰਗ ੩੭੨)

ਐਸੇ ਬ੍ਰਾਹਮਣਾਂ ਨੂੰ ਡੁੱਬੇ ਹੋਏ, ਮੋਏ-ਮੁੱਕੇ ਹੋਏ ਲਿਖਿਆ ਹੈ। ਸਤਿਗੁਰੂ ਜੀ ਕ੍ਰਿਪਾ ਕਰਨ, ਸਾਡੇ ਘਰਾਂ ਵਿਚ ਵੀ ਦਸਵੰਧ ਦਾ ਖਾਤਾ ਹੋਵੇ ! ਅਸੀਂ ਵੀ ਦਸਵੰਧ ਦੇਣਾ ਜਾਣਦੇ ਹੋਈਏ ! ਹੁਣ ਜਥਾ ਤਿਆਰ-ਬਰ-ਤਿਆਰ ਹੋ ਕੇ ਤੁਰ ਪਿਆ ਤੇ ਰਾਗੀ ਨਾਲ ਬੜੇ ਪਿਆਰ ਨਾਲ ਕੀਰਤਨ ਕਰਨ ਵਾਲੇ। ਇਹ ਆ ਗਏ ਮੁਲਤਾਨ। ਭਾਈ ਦਿਆਲ ਦੀ ਧਰਮਸਾਲਾ ਲਾਇਆ ਡੇਰਾ ਤੇ ਮੁਲਤਾਨ ਵਿਖੇ ਠਠਿਆਰਾਂ ਦੀ ਬਰਾਦਰੀ ਵਿਚੋਂ ਇਕ ਸਿੱਖ ਹੁੰਦਾ ਸੀ। ਉਹ ਦਾ ਨਾਮ ਸੀ ਭਾਈ ਜਗਤਾ। ਉਹ ਦੇ ਮੁਤੱਲਕ ਇਤਿਹਾਸ ਵਿਚ ਲਿਖਿਆ ਹੈ ਕਿ ਪਰਭਾਤੇ ਉਠਦਾ ਸੀ, ਇਸ਼ਨਾਨ ਕਰਕੇ ਪੈਰਾਂ ਨੂੰ ਘੁੰਗਰੂ ਬੰਨ੍ਹ ਲੈਂਦਾ ਸੀ। ਸੁਖਮਨੀ ਸਾਹਿਬ ਦੀਆਂ ਚੌਵੀ ਅਸਟਪਦੀਆਂ ਦਾ ਪਾਠ ਨੱਚ ਕੇ ਕਰਦਾ ਸੀ ਭਾਵੇਂ ਕਿ ਗੁਰਮਤਿ ਵਿਚ ਨੱਚਣਾ ਮਨ੍ਹਾਂ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਗਿਆ ਭਾਈ ਜਗਤਾ ਤਾਂ ਮਹਾਰਾਜ ਜੀ ਨੇ ਰੋਕਿਆ ਨੱਚਣੋਂ ਕਿ 'ਮਨਮਤ ਕਰਨੀ ਛੱਡ ਦੇ' ਪਰ ਪਹਿਲਾਂ ਉਹ ਨੱਚ ਕੇ ਸੁਖਮਨੀ ਸਾਹਿਬ ਪੜ੍ਹਦਾ ਰਿਹਾ। ਸਿੰਧੀਆਂ ਦੇ ਜਥੇ ਨੇ ਭਾਈ ਦਿਆਲ ਦੀ ਧਰਮਸਾਲਾ ਲਾਇਆ ਡੇਰਾ। ਅੰਮ੍ਰਿਤ ਵੇਲਾ ਹੋਇਆ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਜਥਾ ਖੁਦ ਵੀ ਬੜਾ ਤਕੜਾ ਸੀ। ਮੁਲਤਾਨੀ ਸਿੱਖ ਵੀ ਆ ਇਕੱਠੇ ਹੋਏ। ਇਕ ਅੰਮ੍ਰਿਤ ਵੇਲਾ! ਇਕ ਸੰਗਤ ਸਰਧਾਲੂ ! ਇਕ ਰੌਲਾ-ਗੌਲਾ ਕੋਈ ਨਾ। ਇਕ ਬਾਣੀ ਓਹ ਜਿਹੜੀ ਜਨਮ-ਜਨਮਾਂਤਰਾਂ ਦੇ ਪਾਪ ਧੋ ਦਏ ! ਜਿਸ ਵੇਲੇ ਬਾਣੀ ਦੀ ਅੰਮ੍ਰਿਤ ਵਰਖਾ ਹੋਵੇ, ਕਿਤੇ ਅਸੀਂ ਵੀ ਇਸ ਬਾਣੀ ਦੇ ਅੰਮ੍ਰਿਤ ਵਿਚ ਇਸ਼ਨਾਨ ਕਰ ਲਈਏ ! ਸਤਿਗੁਰੂ ਜੀ ਦਾ ਫੁਰਮਾਨ ਹੈ :

> ***"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥"*** (ਅੰਗ ੬੪)

ਬੜੇ ਮਕਾਨ, ਮਹੱਲ, ਪਲਾਟ, ਕਿਲ੍ਹੇ ਬਣਾ ਲਏ ਪਰ ਮਨ ਅੰਦਰ ਇਹ ਧੁਖਧੁਖੀ ਗਿੱਲੀ ਪਾਥੀ ਦੇ ਧੁਖਣ ਵਾਂਗ ਲੱਗੀ ਰਹਿੰਦੀ ਹੈ ਕਿ ਇਕ ਦਿਨ ਇਹ ਸਭ ਕੁਝ ਛੱਡ ਕੇ ਚਲੇ ਜਾਣਾ :

> ***"ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥"*** (ਉਹੀ)

ਬਣਾਏ ਹੋਏ ਕਿਲ੍ਹੇ-ਕੋਟ, ਇਹ ਤਾਂ ਤਦ ਹੀ ਨਿਹਚਲ ਜਾਣੀਏ ਜੇ ਦੁਨੀਆਂ ਨੇ ਥਿਰ ਰਹਿਣਾ ਹੋਵੇ ? ਦੁਨੀਆਂ ਨੇ ਤੇ ਥਿਰ ਰਹਿਣਾ ਨਹੀਂ ਤੇ ਏਸ ਦੁਨੀਆਂ ਵਿਚ

ਬਣਾਏ ਹੋਏ ਜਿਹੜੇ ਮੱਹਲ ਨੇ ਇਹ ਕਿੱਦਾਂ ਥਿਰ ਰਹਿ ਜਾਣਗੇ ? ਭਗਵਾਨ ਵਸ਼ਿਸ਼ਟ ਸ੍ਰੀ ਰਾਮ ਚੰਦਰ ਜੀ ਨੂੰ ਪੜ੍ਹਾ ਰਹੇ ਸਨ। ਉਹਦਾ ਨਾਂ ਹੈ ਯੋਗ ਵਸ਼ਿਸ਼ਟ ਤੇ ਸ੍ਰੀ ਵਸ਼ਿਸ਼ਟ ਜੀ ਪੜ੍ਹਾਉਂਦੇ ਪੜ੍ਹਾਉਂਦੇ ਏਥੋਂ ਤਕ ਪਹੁੰਚ ਗਏ ਕਿ 'ਸੰਸਾਰ ਤ੍ਰਈ ਕਾਲ ਮਿਥਿਆ ਹੈ, ਜੋ ਹਮ ਆਖੋਂ ਸੇ ਦੇਖ ਰਹੇ ਹੈਂ ਯਿਹ ਮਿਥਿਆ ਹੈ। ਮਾਂ, ਪਿਤਾ, ਪੁੱਤਰ, ਇਸਤ੍ਰੀ, ਜ਼ਮੀਨ, ਪਦਾਰਥ ਯਿਹ ਸਭ ਮਿਥਿਆ ਹੈ' ਤੇ ਰਾਮ ਚੰਦਰ ਜੀ ਦੇ ਅੰਦਰ ਉਹ ਗੱਲਾਂ ਘਰ ਕਰਦੀਆਂ ਜਾਣ। ਆਖਰ ਰਾਮ ਚੰਦਰ ਜੀ ਸਮੇਂ ਦੇ ਅਵਤਾਰ ! ਜਿਉਂ-ਜਿਉਂ ਵਸ਼ਿਸ਼ਟ ਜੀ ਪੜ੍ਹਾਈ ਜਾਣ, ਤਿਉਂ-ਤਿਉਂ ਉਹ ਗੱਲਾਂ ਅੰਦਰ ਸੰਚਰਦੀਆਂ ਜਾਣ। ਜਿਸ ਵੇਲੇ ਰਾਮ ਜੀ ਮਸਤ ਹੋ ਗਏ ਉਨ੍ਹਾਂ ਗੱਲਾਂ ਵਿਚ ਤਾਂ ਇਕ ਨਿਕਲ ਆਇਆ, ਸ਼ੂੰ ਸ਼ੂੰ ਕਰਦਾ ਸੱਪ। ਫੱਨ ਖਿਲਾਰੀ ਹੋਈ ਤੇ ਸਿੱਧਾ ਰਾਮ ਚੰਦਰ ਜੀ ਵੱਲ ਹੀ ਆਇਆ। ਜਿਸ ਵੇਲੇ ਰਾਮ ਜੀ ਨੇ ਵੇਖਿਆ ਸੱਪ ਆ ਗਿਆ, ਦੌੜ ਗਿਆ। ਸੱਪ ਆਪਣੇ ਰਾਹ ਲੰਘ ਗਿਆ। ਰਾਮ ਜੀ ਮੁੜ ਕੇ ਆ ਗਏ। ਉਥੇ ਬੈਠ ਗਏ ਤੇ ਭਗਵਾਨ ਵਸ਼ਿਸ਼ਟ ਕਹਿਣ ਲੱਗੇ, 'ਰਾਮ, ਜਗਤ ਤੋ ਤ੍ਰਈ ਕਾਲ ਮਿਥਿਆ ਹੈ, ਜਗਤ ਕਾ ਤੋਂ ਏਕ ਏਕ ਪਦਾਰਥ ਮਿਥਿਆ ਹੈ ! ਯਿਹ ਸਾਪ ਤੋ ਮਿਥਿਆ ਥਾ !' 'ਰਾਮ ਜੀ, ਤੁਮ ਝੂਠੇ ਸੱਪ ਵੱਲ ਵੇਖ ਕੇ ਕਿਉਂ ਦੌੜਿਆ, ਤੈਨੂੰ ਕਿਉਂ ਭੈ ਆਇਆ, ਤੂੰ ਕਿਉਂ ਨੱਸਿਆ ?' ਤੇ ਰਾਮ ਚੰਦਰ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਜਿਹੜਾ ਮੇਰਾ ਦੌੜਨਾ ਹੈ, ਇਹ ਕਿਹੜਾ ਸੱਚਾ ਹੈ ? ਇਹ ਵੀ ਤਾਂ ਸੰਸਾਰ ਦੇ ਵਿਚ ਹੀ ਹੈ ਤੇ ਇਹ ਵੀ ਤਾਂ ਝੂਠਾ ਹੀ ਹੈ ! ਝੂਠੇ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਸਭ ਝੂਠ ਹੀ ਝੂਠ ਹੋ ਰਿਹਾ ਹੈ ਤੇ ਅਸੀਂ ਝੂਠ ਨੂੰ ਸੱਚ ਜਾਣ ਕੇ ਘੁੱਟ ਕੇ ਪੱਲੇ ਬੰਨ੍ਹ ਲਿਆ ਹੈ :

"ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥"

(ਅੰਗ ੬੪)

ਦਿਨੇ ਸੂਰਜ ਢਲਦਾ ਰਹਿੰਦਾ, ਰਾਤ ਨੂੰ ਸਾਰੀ ਰਾਤ ਚੰਦਰਮਾ ਗਸ਼ਤ ਕਰਦਾ ਰਹਿੰਦਾ। ਸਤਿਗੁਰੂ ਜੀ ਦਾ ਫੁਰਮਾਨ ਹੈ :

"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥"

(ਅੰਗ ੪੬੪)

ਸੂਰਜ ਤੇ ਚੰਦਰਮਾ ਪ੍ਰਭੂ ਦੇ ਭੈ ਅੰਦਰ ਕ੍ਰੋੜਾਂ ਕੋਹ ਚਲਦੇ ਹਨ ਜਿਨ੍ਹਾਂ ਕੋਹਾਂ ਦੀ ਗਿਣਤੀ ਦਾ ਅੰਤ ਨਹੀਂ।

"ਮੁਕਾਮੁ ਓਹੀ ਏਕੁ ਹੈ...॥" (ਅੰਗ ੬੪)

ਸਦਾ ਇਸਥਿਤ ਕਾਇਮ ਰਹਿਣ ਵਾਲਾ ਇੱਕ ਪ੍ਰਮੇਸ਼ਰ ਹੈ। ਉਸ ਵਾਹਿਗੁਰੂ ਨੂੰ ਅਸੀਂ ਆਖਦੇ ਹਾਂ ਸਤ, ਚਿਤ, ਆਨੰਦ, ਪਰੀਪੂਰਨ ਪਰਮਾਤਮ ਦੇਵ। ਸਦਾ ਰਹਿਣ ਵਾਲੇ ਵਾਹਿਗੁਰੂ ਦਾ ਨਾਮ ਜਪਣ ਵਾਸਤੇ ਸੱਚੇ ਪਾਤਸ਼ਾਹ ਜੀ ਸਿਖਿਆ ਬਖਸ਼ਸ਼ ਕਰਦੇ ਹਨ :

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥

ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥"
(ਅੰਗ ੨੮੯)

ਗੁਰਬਾਣੀ ਦੇ ਕੀਰਤਨ ਦਾ ਅੰਮ੍ਰਿਤ ਬਰਸਿਆ। ਸੁਣਨ ਵਾਲੀਆਂ ਸੰਗਤਾਂ ਨੇ ਜਸ ਕੀਤਾ। ਐਸੇ ਪ੍ਰੇਮੀ ਕੀਰਤਨੀ ਸੁਧਾਰ ਸੁਧਾਰ ਕੇ ਕੀਰਤਨ ਕਰਨ ਵਾਲੇ, ਸੋਧ-ਸੋਧ ਕੇ ਕੀਰਤਨ ਕਰਨ ਵਾਲੇ ਕੀਰਤਨੀਏ।

"ਸੁਧਾਰ ਸੁਧਾਰ ਕੇ ਦਾ ਅਰਥ ਹੈ ਜਿਸ ਤਰ੍ਹਾਂ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਲਿਖਿਆ ਹੈ :

"ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥" *(ਅੰਗ ੬੮੩)*

ਤੇ ਉੱਪਰ ਲਿਖਿਆ ਹੈ ਘਰੁ ੧੨। ਮਤਬਲ (ਮਤਲਬ) ਹੈ ਇਸ ਨੂੰ ਬਾਰ੍ਹਾਂ ਤਾਲ ਵਿਚ ਗਾਉ। ਆਮ ਸੰਗੀਤਕਾਰਾਂ ਨੇ ਅਠਾਰ੍ਹਾਂ ਘਰੁ ਮੰਨੇ ਨੇ। ਗੁਰੂ ਗਰੀਬ ਨਿਵਾਜ ਨੇ ਅਠਾਰ੍ਹਵਾਂ ਘਰੁ ਮੰਨਿਆ ਹੀ ਨਹੀਂ; ਸਤਾਰਾਂ ਹੀ ਘਰੁ ਮੰਨੇ ਹਨ। ਮਹਾਰਾਜ ਨੇ ਏਨੀ ਛਾਣ-ਬੀਣ ਕੀਤੀ ਹੈ। ਸੁਧਾਰ ਕੇ ਕੀਰਤਨ ਦਾ ਅਰਥ ਇਹ ਹੈ ਗਉੜੀ ਬੈਰਾਗਣ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਮਾਂਝ—ਇਹ ਮਿਲ ਕੇ ਗਾਏ ਜਾ ਸਕਦੇ ਹਨ ਤੇ ਜੇ ਵਾਹਦਾਹ ਢੋਲਕੀ ਵਜਾਈ ਜਾਉ, ਛੈਣੇ ਵਜਾਈ ਜਾਉ, ਖੜਤਾਲਾਂ ਵਜਾਈ ਜਾਉ, ਆਪਣੀਆਂ ਕੱਛਾਂ ਦੇ ਹੇਠੋਂ ਦੀ ਚਿਮਟਾ ਕੱਢੀ ਜਾਉ। ਆਸਾ ਦੀ ਵਾਰ ਲਾਉਂਦਿਆਂ ਜਾਂ ਤਾਂ ਏਨਾ ਪਤਾ ਲੱਗੇ ***"ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥"*** *(ਅੰਗ ੪੪੮)* ਜਾਂ ਅਖੀਰ 'ਤੇ ਜਾ ਕੇ ਪਤਾ ਲੱਗੇ ***"ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥"*** *(ਅੰਗ ੪੫੧)* ਵਿਚਲੇ ਬਾਣੀ ਛਕਿਆਂ ਸਲੋਕਾਂ ਦਾ ਪਤਾ ਕੋਈ ਨਾ ਲੱਗਾ ਕਿ ਕੀ ਜੋਰ ਕੀਰਤਨ ਹੋਇਆ! ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਥਨ ਕੀਤਾ ਹੈ ਕਿ ਬਸੰਤ, ਹਿਡੋਲ, ਗਉੜੀ ਭੀ, ਸੋਰਠਿ ਭੀ ਦਰੁਸਤੀ ਹੈ। ਗਉੜੀ ਤੇ ਸੋਰਠਿ ਮਿਲ ਕੇ ਗਾਏਂ ਜਾ ਸਕਦੇ ਨੇ। ਬਸੰਤ ਹਿਡੋਲ ਵੀ ਹੈ, ਬਸੰਤ ਬਹਾਰ ਵੀ ਹੈ, ਬਸੰਤ ਸੁਧ ਵੀ ਹੈ, ਬਸੰਤ ਸੁਧਾਰਨ ਵੀ ਹੈ। ਇਹ ਸਾਰੇ ਸਮਝਣੇ ਪੈਣੇ ਨੇ! ਰਾਗੀ ਸੀ ਦਾਨੇ! ਕੀਰਤਨ ਕੀਤਾ ਸੁਧਾਰ ਕੇ! ਸੰਗਤ ਨਿਹਾਲ ਹੋ ਗਈ! ਅਗਲੇ ਦਿਨ ਭਾਈ ਜਗਤਾ ਵੀ ਆ ਗਿਆ ਕੀਰਤਨ ਸੁਣਨ ਤੇ ਰਾਗੀਆਂ ਸਿੰਘਾਂ ਸਿੰਧੀਆਂ ਫੇਰ ਉਸੇ ਤਰ੍ਹਾਂ ਇੱਕ ਤੇ ਜੁਬਾਨ ਸਿੰਧ ਦੀ, ਇਕ ਪ੍ਰਭਾਤ ਵੇਲਾ, ਇਕ ਜਾ ਰਹੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸਨ ਕਰਨ ਨੂੰ। ਪਿਆਰ ਦੇ ਪੁਤਲੇ ਸਨ। ਦਸਵੰਧ ਲਿਆ ਹੋਇਆ ਸੀ। ਅੰਦਰ ਸਚਾਈ ਸੀ। ਬਾਣੀ ਪੜ੍ਹਦਿਆਂ-ਪੜ੍ਹਦਿਆਂ, ਕੀਰਤਨ ਕਰਦਿਆਂ-ਕਰਦਿਆਂ ਸੁਣਨ ਵਾਲੇ ਸਰੋਤੇ ਐਨ ਅਨੰਦ ਵਿਖੇ ਮਸਤ ਹੋ ਗਏ, ਇਉਂ ਪਰਤੀਤ ਹੁੰਦਾ ਸੀ ਕਿ ਗੁਰਦੁਆਰੇ ਦੀਆਂ ਕੰਧਾਂ ਵੀ ਝੂਮ ਰਹੀਆਂ ਨੇ! ਅਰਦਾਸ ਹੋ ਜਾਣ ਦੇ ਬਾਅਦ, ਪ੍ਰਸ਼ਾਦ ਵਰਤਣ ਦੇ ਬਾਅਦ ਭਾਈ ਜਗਤਾ ਜੀ ਉਠ ਕੇ ਖਲੋ ਗਏ, 'ਜਥੇਦਾਰ ਸਾਹਿਬ, ਮੈਂ ਸੰਕਲਪ ਕੀਤਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਦਰਸ਼ਨ ਕਰਨ ਦਾ। ਤੁਹਾਡੇ ਨਾਲ

ਆਏ ਹੋਏ ਕੀਰਤਨ ਦੇ ਜਥੇ ਨੇ ਮਨ ਮੋਹ ਲਿਆ ਹੈ ਤੇ ਮੈਂ ਵੀ ਤੁਹਾਡੇ ਨਾਲ ਸੰਗ ਕਰਕੇ ਅਨੰਦਪੁਰ ਜਾਣਾ ਚਾਹੁੰਦਾ ਹਾਂ ! ਆਪਣੇ ਮਾਹੀ ਦਾ ਦੇਸ ਵੇਖਣਾ ਚਾਹੁੰਦਾ ਹਾਂ! ਆਪਣੇ ਪ੍ਰੀਤਮ ਦੀ ਮੈਂ ਨਗਰੀ ਵੇਖਣਾ ਚਾਹੁੰਦਾ ਹਾਂ ! ਮੈਨੂੰ ਨਾਲ ਲੈ ਚਲੋਗੇ ?' ਜਥੇਦਾਰ ਜੀ ਆਖਿਆ, 'ਭਾਈ ਜਗਤਿਆ, ਅਸੀਂ ਹਰ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਜਾਂਦੇ ਹਾਂ। ਸਭ ਸੰਗਤਾਂ ਦਸਵੰਧ ਦੀ ਮਾਇਆ, ਕੀਮਤੀ ਦੁਸ਼ਾਲੇ, ਹੋਰ ਕੀਮਤੀ ਬਸਤਰ, ਬੜੇ-ਬੜੇ ਕੀਮਤੀ ਸ਼ਸਤਰ ਭੇਟ ਕਰਦੀਆਂ ਹਨ ਪਰ ਭਾਈ ਜਗਤਿਆ, ਸਾਹਿਬਾਂ ਨੇ ਕਦੇ ਕਾਲੀਨਾਂ ਵੱਲ ਨਹੀਂ ਵੇਖਿਆ, ਗਲੀਚਿਆਂ ਵੱਲ ਨਹੀਂ ਵੇਖਿਆ, ਕਦੇ ਚਾਂਦੀ-ਸੋਨੇ ਵੱਲ ਨਹੀਂ ਵੇਖਿਆ। ਸਭ ਤੋਂ ਪਹਿਲਾਂ ਸਾਡੇ ਕੋਲੋਂ ਤੇਰੀ ਸੁੱਖ-ਸਾਂਦ ਪੁੱਛਦੇ ਹਨ ਕਿ ਭਾਈ ਜਗਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੁਲਤਾਨ ਵਿਚ ਰਹਿੰਦਾ ਹੈ ਠਠਿਆਰਾਂ ਦੀ ਬਰਾਦਰੀ, ਉਹ ਤੰਦਰੁਸਤ ਹੈ ? ਉਹ ਨਿਤਨੇਮ ਕਰਦਾ ਹੈ ? ਉਹ ਗੁਰਮਤ ਦਾ ਪ੍ਰਚਾਰ ਕਰਦਾ ਹੈ ? ਪਹਿਲਾਂ ਤੇਰੇ ਬਾਰੇ ਪੁੱਛਦੇ ਹਨ, ਹੋਰ ਬਚਨ ਮਹਾਰਾਜ ਫੇਰ ਕਰਦੇ ਹਨ। ਭਾਈ ਜਗਤਿਆ, ਜੇ ਤੂੰ ਸਾਡੇ ਨਾਲ ਚੱਲੇਂ ਤਾਂ ਸਾਡੇ ਜਥੇ ਦਾ ਆਦਰ ਵਧ ਜਾਏਗਾ। ਚੱਲ ਤੈਨੂੰ ਲੈ ਚਲੀਏ !' ਤਾਂ ਭਾਈ ਜਗਤੇ ਨੇ ਕਿਹਾ, 'ਲੈ ਚੱਲਣਾ ਦਾ ਮਤਲਬ ਇਹ ਨਹੀਂ ਕਿ ਮੇਰੇ ਥਾਂ ਖਰਚ ਤੁਹਾਨੂੰ ਕਰਨਾ ਪੈਣਾ ਹੈ। ਸਤਿਗੁਰਾਂ ਦਾ ਬਖਸ਼ਿਆ ਧਨ ਮੇਰੇ ਕੋਲ ਹੈ ਤੇ ਇਹ ਵੀ ਗੱਲ ਨਹੀਂ ਕਿ ਮੇਰੇ ਕੋਲੋਂ ਤੁਰਿਆ ਨਹੀਂ ਜਾਣਾ। ਸਿਹਤ ਵੀ ਬੜੀ ਚੰਗੀ ਹੈ। ਤੰਦਰੁਸਤ ਹਾਂ।' 'ਫੇਰ ਭਾਈ ਜਗਤਿਆ ਸੋਚ ਵਾਲੀ ਕਿਹੜੀ ਗੱਲ ਹੈ?' ਕਹਿਣ ਲੱਗਾ, 'ਮੈਂ ਪਰਣ (ਪ੍ਰਣ) ਕੀਤਾ ਹੋਇਆ ਹੈ ਕਿ ਜਦੋਂ ਆਪਣੇ ਪ੍ਰੀਤਮ ਦੇ ਦਰਸ਼ਨ ਕਰਨ ਵਾਸਤੇ ਜਾਣਾ, ਮੁਲਤਾਨ ਤੋਂ ਨੱਚਣ ਲੱਗ ਪੈਣਾ ਤੇ ਅਨੰਦਪੁਰ ਸਾਹਿਬ ਆਪਣੇ ਮਾਹੀ ਦੇ ਦੇਸ਼ ਤਕ ਨੱਚਦਿਆਂ ਹੀ ਜਾਣਾ ਹੈ ਤੇ ਸਫਰ ਮੁੱਕਣਾ ਥੋੜ੍ਹਾ, ਲੱਗ ਜਾਣਾ ਚਿਰ ! ਜੇ ਤੁਸਾਂ ਰਸਤੇ ਵਿਚ ਸਾਥ ਛੱਡ ਜਾਣਾ ਤਾਂ ਹੁਣੇ ਹੀ ਜੁਆਬ ਦੇ ਦੇਵੋ !' ਉਨ੍ਹਾਂ ਕਿਹਾ, 'ਭਾਈ ਜਗਤਿਆ, ਸਤਸੰਗ ਬਣਿਆ ਰਹੇਗਾ, ਮਹੀਨਾ ਲੱਗ ਜਾਊ ਵੱਧ, ਦੋ ਲੱਗ ਜਾਣਗੇ ਵੱਧ ! ਚੱਲ !' ਭਾਈ ਸਾਹਿਬ ਭਾਈ ਜਗਤਾ ਜੀ ਤੁਰ ਪਏ। ਘੰਟਿਆਂ ਦੇ ਦਿਨ, ਦਿਨਾਂ ਦੇ ਹਫਤੇ, ਹਫਤਿਆਂ ਦੇ ਮਹੀਨੇ ਬਣਦੇ ਗਏ ਤੇ ਫਿਰ ਨਜ਼ਰ ਆ ਗਈਆਂ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ। ਉਹਲੇ ਬੰਨੇ ਦਰਿਆ ਵਗਦਾ ਹੈ। ਉੱਥੇ ਸੰਗਤਾਂ ਨੇ ਇਸ਼ਨਾਨ ਕੀਤਾ। ਭਾਈ ਜਗਤੇ ਨੇ ਵੀ ਇਸ਼ਨਾਨ ਕੀਤਾ ਤੇ "ਸੁਣਤ ਦੇ ਦੇਸ ਨਿਕਟਾਇਓ॥' ਆਪਣੇ ਮਾਹੀ ਦਾ ਦੇਸ਼ ਨੇੜੇ ਸੁਣ ਕੇ ਚਾਅ ਚੜ੍ਹ ਗਏ। ਭਾਈ ਜਗਤੇ ਨੂੰ ਕਈ ਚੀਜ਼ਾਂ ਸੁਖ ਵਾਲੀਆਂ ਵੀ ਦੁੱਖ ਦੇਂਦੀਆਂ ਨੇ। ਸ੍ਰੀ ਅਰਜਨ ਸਾਹਿਬ ਜੀ ਕਹਿੰਦੇ ਨੇ ***"ਦਹ ਦਿਸ ਛਤ੍ਰ ਮੇਘ..."*** *(ਅੰਗ ੬੨੪)* ਚਾਰ-ਚੁਫੇਰੇ ਅਸਮਾਨ ਦਾ ਛਤਰ ਤਾਣਿਆ ਹੋਇਆ। ***"ਘਟਾ ਘਟ"*** *(ਉਹੀ)* ਉਸ ਅਸਮਾਨ ਵਿਚੋਂ ਬੜੀਆਂ ਕਾਲੀਆਂ ਘਟਾਂ ਉਮਡੀਆਂ ਨੇ ਕਾਲੀਆਂ ਘਟਾਂ ਪਰਗਟ ਹੋਈਆਂ ਨੇ। ***"ਦਾਮਨਿ ਚਮਕਿ"*** *(ਉਹੀ)* ਉਨ੍ਹਾਂ ਕਾਲੀਆਂ ਘਟਾਂ ਵਿਚੋਂ ਬਿਜਲੀ ਚਮਕੀ

ਏ ਉਸ ਬਿਜਲੀ ਨੇ ਭੈ ਭੀਤ ਕਰ ਦਿੱਤਾ ਹੈ :

"ਦਾਮਨਿ ਚਮਕਿ ਡਰਾਇਓ ॥
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥"

(ਅੰਗ ੬੨੪)

ਹਿਰਦੇ ਦੀ ਸੇਜ ਸੁੰਞੀ ਹੈ; ਪਿਆਰਾ ਵਾਹਿਗੁਰੂ ਹਿਰਦੇ ਦੀ ਸੇਜ ਉਤੇ ਆ ਕੇ ਬਿਰਾਜਿਆ ਨਹੀਂ, ਜੀਵਨ ਬਿਅਰਥ ਜਾ ਰਿਹਾ ਹੈ। ਇਹ ਸੁਖਦਾਈ ਚੀਜਾਂ ਵੀ ਲਿਖੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਤੇ ਇਹ ਦੁਖਦਾਈ ਚੀਜਾਂ ਵੀ ਲਿਖੀਆਂ ਨੇ। ਦੋਹਾਂ ਪਾਸਿਆਂ ਤੇ ਇਨ੍ਹਾਂ ਨੂੰ ਵਰਤਿਆ ਹੈ। ਭਾਈ ਜਗਤਾ ਜੀ ਨੇ ਦੂਰੋਂ ਵੇਖੀਆਂ ਆਨੰਦਪੁਰ ਦੀਆਂ ਪਹਾੜੀਆਂ, ਦੇਖਿਆ ਅਨੰਦਪੁਰ ਦਾ ਕਿਲ੍ਹਾ, ਚਾਅ ਚੜ੍ਹ ਗਏ ! ਮਾਹੀ ਦਾ ਦੇਸ ਪਿਆਰੇ ਦਾ ਦੇਸ, ਚਾਅ ਚੜ੍ਹ ਗਏ ! ਇਸ਼ਨਾਨ ਪਾਨ ਕਰਕੇ ਪਾਰਲੇ ਕਿਨਾਰੇ ਗਏ। ਭਾਈ ਜਗਤੇ ਨੇ ਫਿਰ ਨੱਚਣਾ ਸ਼ੁਰੂ ਕਰ ਦਿੱਤਾ। ਵੱਡਾ ਦਰਵਾਜ਼ਾ ਜਿਹੜਾ ਏਸ ਦਰਵਾਜ਼ੇ ਵਿਚੋਂ ਦੀ ਸਾਧ-ਸੰਗਤ ਨੇ ਅੱਗੇ ਜਾਣਾ ਸੀ। ਜਿਸ ਵੇਲੇ ਭਾਈ ਜਗਤਾ ਦਰਵਾਜ਼ੇ ਦੇ ਸਾਹਮਣੇ ਗਿਆ, ਦੂਰੋਂ ਧਿਆਨ ਮਾਰ ਕੇ ਵੇਖਿਆ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਦਾ ਸਿਧ ਸਰੂ ਸਵਾਰਿਆ ਕੱਦ, ਜਿਨ੍ਹਾਂ ਦਾ ਚੌੜਾ ਮਸਤਕ, ਉਤੇ ਨੂਰ ਦੇ ਚਮਕਾਰੇ, ਮਸਤ ਔਰ ਖੀਵੇ ਜਿਹੇ ਨੈਣ, ਉਨ੍ਹਾਂ ਨੈਣ ਕਟੋਰਿਆਂ ਵਿਚੋਂ ਅੰਮ੍ਰਿਤ ਡੁਲ੍ਹਦਾ ਹੈ। ਚਿਹਰੇ ਉਤੇ ਮੁਸਾਸਤ, ਲਬਾਂ ਉੱਤੇ ਮੁਸਕਰਾਹਟ, ਦਸਤੇ ਮੁਬਾਰਕ ਉਤੇ ਬਾਜ, ਪਿੱਛੇ ਤੀਰਾਂ ਵਾਲਾ ਭੱਥਾ, ਕੰਧੇ ਉਤੇ ਕਮਾਨ, ਲਟਕਦੀ ਤਿੰਨ ਫੁੱਟ ਦੀ ਭਗੌਤੀ, ਚੌੜੀ ਜਿਹੀ ਛਾਤੀ ਵਿਚ ਦਰਦਾਂ ਦਾ ਭਰਿਆ ਹੋਇਆ ਦਿਲ। ਇਹ ਦਰਸ਼ਨ ਦੇ ਰਹੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਭਾਈ ਜਗਤੇ ਨੇ ਕੀਤਾ ਦਰਸ਼ਨ ਤੇ ਮੋਹਿਆ ਗਿਆ :

"ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥" (ਅੰਗ ੩੯੭)
"ਮੋਹਨਿ ਮੋਹਿ ਲੀਆ ਮਨੁ ਮੇਰਾ...॥" (ਅੰਗ ੧੧੧੨)

ਮਨ ਵੀ ਉਹ ਨੇ ਮੋਹਿਆ ਜੋ :

"ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥"

(ਅੰਗ ੧੪੨੬)

"ਸਾਜਨ ਦੇਸਿ ਵਿਦੇਸੀਅੜੈ ਸਾਨੇਹੜੇ ਦੇਦੀ ॥" (੧੧੧੧)

ਜਿਨ੍ਹਾਂ ਨੂੰ ਆਪਣੇ ਸੱਜਣ ਨਾਲ ਪਿਆਰ ਹੈ, ਇਹ ਉਨ੍ਹਾਂ ਦੀ ਅਵਸਥਾ ਹੈ। ਆਮ ਲੋਕ ਇਸ ਅਵਸਥਾ ਨੂੰ ਨਹੀਂ ਜਾਣਦੇ। ਸਹਿਜੇ-ਸਹਿਜੇ ਸੰਗਤਾਂ ਅੱਗੇ ਜਾ ਕੇ ਮੱਥਾ ਟੇਕੀ ਗਈਆਂ। ਵਾਰੀ ਨਾਲ ਭਾਈ ਜਗਤੇ ਦੀ ਵਾਰੀ ਆਈ ਮੱਥਾ ਟੇਕਣ ਦੀ। ਇਤਿਹਾਸ ਅੰਦਰ ਜ਼ਿਕਰ ਇਉਂ ਆਇਆ ਕਿ ਮੱਥਾ ਟੇਕ ਕੇ ਬੜੀ ਫੁਰਤੀ ਨਾਲ,

ਬੜੀ ਹੁਸ਼ਿਆਰੀ ਨਾਲ ਅਗਾਂਹ ਹੋ ਕੇ ਭਾਈ ਜਗਤੇ ਨੇ ਛਾਲ ਮਾਰ ਲਈ। ਹਜ਼ੂਰ ਦੇ ਤਖਤ ਉਤੇ ਚੜ੍ਹ ਗਿਆ। ਇੱਕ ਹੋਰ ਨਿੱਕੀ ਜਿਹੀ ਟਪੋਸਣੀ ਮਾਰ ਕੇ ਸਰਕਾਰ ਦੀ ਗੋਦ ਵਿਚ ਬੈਠ ਕੇ ਹਜ਼ੂਰ ਦੇ ਗਲ ਵਿਚ ਆਪਣੀਆਂ ਬਾਹਵਾਂ ਪਾ ਕੇ, ਚੰਮੜ ਕੇ ਮਹਾਰਾਜ ਦੇ ਗਲੇ ਨਾਲ ਆਪਣੀ ਮੁਲਤਾਨੀ ਭਾਸ਼ਾ ਵਿਚ ਕਹਿਣ ਲੱਗਾ, 'ਓ ਮੈਂਡੇ ਮਾਹੀ! ਜਿਸ ਦੇ ਮਾਇਨੇ ਸਨ, ਓ ਮੇਰਿਆ ਪਿਆਰਿਆ! ਇਹ ਬੇਤਕੱਲਫੀ ਦੀ ਗੁਫਤਗੂ ਹੈ। ਜਿਸ ਵੇਲੇ ਮੁਲਤਾਨੀਏ ਠਠਿਆਰ ਸਿੱਖ ਨੇ ਕਿਸੇ ਅਲਬੇਲੀ ਦੁਨੀਆਂ ਵਿਚ ਜਾ ਆਖਿਆ; 'ਓ ਮੈਂਡੇ ਮਾਹੀ!' ਤੇ ਗਰੀਬ ਨਿਵਾਜ ਦੀਆਂ ਆਪਣੀਆਂ ਬਾਹਵਾਂ ਸਵਾ ਸਵਾ ਗਜ ਲੰਮੀਆਂ ਹੋ ਗਈਆਂ। ਘੁੱਟ ਕੇ ਭਾਈ ਜਗਤੇ ਨੂੰ ਆਪਣੇ ਕਲੇਜੇ ਨਾਲ ਲਾ ਕੇ ਆਖਣ ਲੱਗੇ, 'ਆ ਮੈਂਡੇ ਮਾਹੀ!' ਭਾਈ ਜਗਤਾ ਮਹਾਰਾਜ ਨੂੰ ਕਹਿੰਦਾ, 'ਮੈਂਡਾ ਮਾਹੀ ਤੇ ਕਲਗੀਧਰ ਪਾਤਸ਼ਾਹ!' ਭਾਈ ਜਗਤੇ ਨੂੰ ਕਹਿੰਦੇ, 'ਮੈਂਡਾ ਮਾਹੀ!' ਭਾਈ ਗੁਰਦਾਸ ਜੀ ਨੇ ਦੱਸਣਾ ਇਹ ਹੈ ਕਿ ਜੇ ਸਿੱਖ ਗੁਰੂ ਦਾ ਬਣ ਜਾਏ ਤਾਂ ਗੁਰੂ ਉਹਦੇ ਨਾਲ ਕਿੰਨਾ ਕੁ ਪਿਆਰ ਕਰਦਾ ਹੈ, ਤੇ ਉਡਾਰੀ ਏਥੋਂ ਚੁਕਦੇ ਨੇ :

"ਪਾਣੀ ਕਾਠ ਨ ਡੋਬਈ ਪਾਲੇ ਦੀ ਲਜੇ।" *(ਵਾਰ ੧੩, ਪਉੜੀ ੧੫)*

ਪਈ ਪਾਣੀ ਲੱਕੜੀ ਨੂੰ ਨਹੀਂ ਡੋਬਦਾ। ਕਿਉਂ ਨਹੀਂ ਡੋਬਦਾ? ਪਾਣੀ ਕਹਿੰਦਾ, 'ਮੈਂ ਇਹਨੂੰ ਪੁੱਤ ਬਣਾ ਕੇ ਪਾਲਿਆ ਹੋਇਆ! ਇਹਦੀਆਂ ਜੜ੍ਹਾਂ ਵਿਚ ਪ੍ਰਵੇਸ਼ ਕਰਕੇ ਇਹਦੇ ਤਣੇ, ਟਾਹਣੀਆਂ, ਪੱਤਿਆਂ ਵਿਚ ਪ੍ਰਵੇਸ਼ ਕਰਕੇ ਲੋਰੀਆਂ ਦੇ ਦੇ ਕੇ ਪਾਲਿਆ, ਮੇਰਾ ਪੁੱਤ ਹੈ! ਇਸ ਕਰਕੇ ਪਾਣੀ ਲੱਕੜ ਨੂੰ ਨਹੀਂ ਡੋਬਦਾ।

"ਸਿਰਿ ਕਲਵਤ੍ਰ ਧਰਾਇ ਕੈ ਸਿਰਿ ਚੜਿਆ ਭਜੈ।" *(ਉਹੀ).*

ਲੋਕੀਂ ਲੱਕੜੀ ਨੂੰ ਵੱਢਦੇ ਨੇ, ਜਹਾਜ਼ ਨਾਲ ਉਹਦੇ ਟੁਕੜੇ ਜੋੜਦੇ ਨੇ; ਜਹਾਜ਼ ਅੱਗੋਂ ਹੁੰਦਾ ਤਿੱਖਾ, ਪਿੱਛੋਂ ਵੀ ਹੁੰਦਾ ਤਿੱਖਾ, ਪਿਛਲੇ ਪਾਸੇ ਦੋ ਪੱਖੇ ਲੱਗੇ ਹੋਏ ਹੁੰਦੇ ਹਨ! ਜਹਾਜ਼ ਬਣਿਆਂ ਲੱਕੜੀ ਦਾ, ਨਾਲ ਲੋਹੇ ਦੀਆਂ ਪਲੇਟਾਂ ਜੜੀਆਂ ਤਿੰਨ ਤਿੰਨ ਇੰਚ ਮੋਟੀਆਂ ਤੇ ਫਿਰ ਉਹ ਲੱਕੜੀ ਦਾ ਬਣਿਆਂ ਹੋਇਆ ਜਹਾਜ਼ ਪਾਣੀ ਦੇ ਸਿਰ ਉਤੇ ਚੜ੍ਹ ਕੇ ਦੌੜਦਾ। ਅੱਗੇ ਪੱਖੇ ਲੱਗੇ ਹੋਣ ਕਰਕੇ ਪਾਣੀ ਨੂੰ ਰਿਜ਼ਕ ਦੇਂਦਾ। ਭਾਈ ਗੁਰਦਾਸ ਜੀ ਕਹਿੰਦੇ, ਪਾਣੀ ਪਿਤਾ ਨੇ ਕਿਹਾ, 'ਹੇ ਪੁੱਤ ਕਾਠ, ਲੱਕੜੀ! ਮੇਰੇ ਸਿਰ 'ਤੇ ਚੜ੍ਹ ਕੇ ਦੌੜ, ਮੈਨੂੰ ਰਿਜ਼ਕ ਦੇ! ਪੁੱਤ ਭਾਵੇਂ ਕਪੁੱਤ ਹੋ ਜਾਣ, ਮਾਪੇ ਕਦੀ ਕੁਮਾਪੇ ਨਹੀਂ ਹੋਏ! ਜਿੰਨੀਆਂ ਮਰਜੀ ਗਲਤੀਆਂ ਕਰ ਲਾ ਪੁੱਤਰਾ, ਮੈਂ ਤੈਨੂੰ ਡੋਬਣਾ ਨਹੀਂ!

"ਲੋਹੇ ਜੜੀਐ ਬੋਹਿਥਾ ਭਾਰਿ ਭਰੇ ਨ ਤਜੈ।" *(ਉਹੀ)*

ਜਹਾਜ਼ ਲੋਹੇ ਦੀਆਂ ਮੋਟੀਆਂ-ਮੋਟੀਆਂ ਪਲੇਟਾਂ ਨਾਲ ਜੜਿਆ ਹੋਇਆ, ਭਾਰ ਨਾਲ ਭਰਿਆ ਹੋਇਆ, ਕੋਇਲੇ, ਪੱਥਰ, ਊਠ, ਘੋੜੇ, ਹਾਥੀ, ਆਦਮੀ—ਕਈ ਚੀਜਾਂ ਜਹਾਜ਼ ਵਿਚ ਲੱਦੀਆਂ ਹੋਈਆਂ ਹਨ। ਜਹਾਜ਼ ਭਾਰ ਨੂੰ ਨਹੀਂ ਤਿਆਗਦਾ ਤੇ ਪਾਣੀ ਜਹਾਜ਼ ਨੂੰ ਨਹੀਂ ਡੋਬਦਾ। ਪਾਣੀ ਨੇ ਆਖਿਆ, 'ਪੁੱਤਰ! ਉਂਜ ਤੇ ਮੈਂ ਲੋਹੇ ਨੂੰ ਡੋਬ ਦੇਣਾ ਹੁੰਦਾਂ ਪਰ ਅੱਜ ਤੇਰਾ ਆਸਰਾ ਫੜਿਆ, ਇਸ ਕਰਕੇ ਪੱਥਰ ਪਾਰ, ਕੋਇਲਾ

ਆਦਿ ਸਭ ਚੀਜਾਂ ਪਾਰ !

"ਪੇਟੈ ਅੰਦਰਿ ਅਗਿ ਰਖਿ ਤਿਸੁ ਪੜਦਾ ਕਜੇ ।" (ਉਹੀ)

ਪਾਣੀ ਵਿਚ ਵੀ ਅੱਗ ਹੈ ! ਅਣਗਿਣਤ ਟਨ ਪਾਣੀ ਰੋਜ਼ ਸੜ ਜਾਂਦਾ । ਗਰਾੜ ਸਮੁੰਦਰ ਵਿਚ ਲੱਕੜ ਵਿਚ ਵੀ ਅੱਗ ਹੈ । ਜਿਥੇ ਦੋ ਅਗਨੀਆਂ ਮਿਲ ਜਾਣ ਉਥੇ ਭਾਂਬੜ ਮੱਚਦਾ ਹੈ । ਭਾਈ ਗੁਰਦਾਸ ਜੀ ਕਹਿੰਦੇ, ਪਿਉ ਏਡਾ ਪਰਉਪਕਾਰੀ ਹੈ ਕਿ ਹਜ਼ਾਰਾਂ ਟਨ ਸਮੁੰਦਰ ਵਿਚ ਸੜ ਜਾਂਦਾ ਪਰ ਜੋ ਉਪਰ ਦੌੜ ਰਿਹਾ ਜਹਾਜ਼ ਲੱਕੜੀ ਦਾ ਬਣਿਆਂ, ਉਹਨੂੰ ਤੱਤੀ ਵਾ ਨਹੀਂ ਲੱਗਣ ਦਿੰਦਾ । ਪਾਣੀ ਕਹਿੰਦਾ, 'ਪੁੱਤ ਮੈਂ ਆਪ ਸੜ ਜਾਵਾਂ ਪਰ ਤੈਨੂੰ ਨਹੀਂ ਡੋਬਣਾ ! ਮੈਂ ਆਪਣੇ ਪੁੱਤ ਨੂੰ ਕਿੱਦਾਂ ਡੋਬ ਦਿਆਂ ?' ਹੁਣ ਦਸਦੇ ਹਨ ਕਿ ਚੰਦਨ ਵੀ ਲੱਕੜ ਹੈ, ਇਹ ਵੀ ਪਾਣੀ ਦਾ ਪੁੱਤ ਹੈ ਪਰ ਚੰਦਨ ਨੂੰ ਪਾਣੀ ਡੋਬ ਦਿੰਦਾ ਹੈ, ਅੱਕ, ਧਤੂਰਾ, ਕੰਡਿਆਂ ਵਾਲੀਆਂ ਕਿੱਕਰਾਂ ਆਦਿ ਸਭ ਤਾਰ ਦਿੰਦਾ ਹੈ ਪਰ ਜੋ ਖੁਸ਼ਬੂਦਾਰ ਤੋਲਿਆਂ ਦੇ ਭਾਅ ਵਿਕਦਾ ਹੈ, ਉਸ ਨੂੰ ਡੋਬ ਦਿੰਦਾ ਹੈ । ਕੀ ਕਾਰਨ ? ਤਾਂ ਭਾਈ ਸਾਹਿਬ ਜੀ ਕਹਿੰਦੇ ਨੇ "ਅਗਰੇ ਡੋਬੈ ਜਾਣਿ ਕੈ...।'

ਜਿਹੜਾ ਪਾਣੀ ਹੈ ਚੰਨਣ ਨੂੰ ਜਾਣ ਕੇ ਡੋਬਦਾ ਹੈ ਕਿ ਹੋਰ ਦਰਖਤ ਭਾਵੇਂ ਤਰ ਜਾਣ ਪਰ ਚੰਨਣ ਨਹੀਂ ਤਰਨ ਦੇਣਾ ! ਕਿਉਂ ਡੋਬਦਾ ਹੈ ?

"ਅਗਰੈ ਡੋਬੈ ਜਾਣ ਕੈ ਨਿਰਮੋਲਕ ਧਜੈ ।" (ਉਹੀ)

ਜਿੱਦਾਂ ਸੋਨੇ ਦੀ ਪਰਖ ਹੈ ਕਸਵੱਟੀ, ਜਿੱਦਾਂ ਹੀਰੇ ਦੀ ਪਰਖ ਹੈ ਵਦਾਨ, ਜਿਸ ਤਰ੍ਹਾਂ ਆਤਸ਼ੀ ਸ਼ੀਸ਼ੇ ਦੀ ਪਰਖ ਹੈ ਅੱਗ, ਇਸੇ ਤਰ੍ਹਾਂ ਚੰਨਣ ਦੀ ਪਰਖ ਇਹ ਹੈ ਕਿ ਪਾਣੀ ਵਿਚ ਪਾ ਕੇ ਵੇਖੋ ਕਿ ਡੁੱਬਦਾ ਜਾਂ ਨਹੀਂ ? ਜੇ ਡੁੱਬ ਜਾਏ ਤਾਂ ਚੰਨਣ ਸੱਚਾ, ਜੇ ਨਾ ਡੁੱਬੇ ਤਾਂ ਝੂਠਾ । ਚੰਦਨ ਦੇ ਆ ਗਏ ਵਪਾਰੀ ! ਦੁਕਾਨਦਾਰ ਨੂੰ ਪੁੱਛਿਆ, 'ਚੰਦਨ ਹੈ ?' ਉਸ ਨੇ ਕਿਹਾ, 'ਦੁਕਾਨ ਭਰੀ ਹੋਈ, ਜਿੰਨਾ ਮਰਜੀ ਲਵੋ !' ਵਪਾਰੀਆਂ ਨੇ ਕਿਹਾ, 'ਪਾਣੀ ਉਤੇ ਚੰਦਨ ਦਾ ਟੁਕੜਾ ਰੱਖ ਕੇ ਵੇਖੀਏ । ਦੁਕਾਨਦਾਰ ਨੇ ਕਿਹਾ, ਅਸਲੀ ਚੰਦਨ ਹੈ ! ਜਿੰਨੀ ਵਾਰੀ ਮਰਜੀ ਵੇਖੋ !' ਜਦੋਂ ਚੰਦਨ ਦੇ ਟੁਕੜੇ ਨੂੰ ਪਾਣੀ ਵਿਚ ਰੱਖਿਆ ਤਾਂ ਭਾਈ ਗੁਰਦਾਸ ਜੀ ਕਹਿੰਦੇ, 'ਪਾਣੀ ਸੋਚੀਂ ਪੈ ਗਿਆ ਕਿ ਜੇ ਮੈਂ ਅੱਜ ਆਪਣੇ ਪੁੱਤ ਨੂੰ ਨਾ ਡੋਬਿਆ ਤਾਂ ਇਸ ਦੇ ਕੋਇਲੇ ਬਣਾ ਕੇ ਫੂਕ ਦੇਣਗੇ । ਇਸ ਕਰਕੇ ਚੰਦਨ ਨੂੰ ਪਾਣੀ ਜਾਣ ਕੇ ਡੋਬਦਾ ਹੈ ਕਿ ਇਸ ਦੀ ਕੀਮਤ ਵਧ ਜਾਏ, ਇਸ ਦਾ ਸਤਿਕਾਰ ਹੋਵੇ ! ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ ।

ਮਿਸਟਰ ਮੈਕਾਲਫ ਨੇ ਸਵਾਲ ਕੀਤਾ ਸੀ ਸਿੱਖਾਂ ਉਤੇ, 'ਲੋਕਾਂ ਦੇ ਲੱਖਾਂ ਪੁੱਤ ਬਚਾਉਣ ਵਾਲਾ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰ ਕਿਉਂ ਨਾ ਬਚਾ ਸਕਿਆ ?' ਸਿੱਖ ਪੰਥ ਦੇ ਇਕ ਵਿਦਵਾਨ ਨੇ ਉੱਤਰ ਦਿੱਤਾ, 'ਸਾਹਬ, ਧਰਤੀ ਦਾ ਅਸਲੀ ਪੁੱਤ ਕਿਹੜਾ ਹੈ ?' ਮੈਕਾਲਫ ਕਹਿੰਦਾ, 'ਘਾਹ ।' ਸਿੱਖ ਨੇ ਕਿਹਾ, 'ਜਿਹੜੀ ਧਰਤੀ ਆਪਣੇ ਅਸਲੀ ਪੁੱਤ ਘਾਹ ਨੂੰ ਬਚਾਉਂਦੀ ਰਹੇ, ਨਾ ਉਸ ਵਿਚ ਛੋਲੇ ਹੁੰਦੇ ਹਨ, ਨਾ ਕਣਕ;

ਨਾ ਝੋਨਾ, ਨਾ ਕਮਾਦ; ਕੱਖ ਨਹੀਂ ਹੁੰਦਾ ਉਹਦੇ ਵਿਚ। ਧਰਤੀ ਫਸਲ ਪੈਦਾ ਕਰਨ ਵਾਸਤੇ ਆਪਣੇ ਪੁੱਤ ਘਾਹ ਨੂੰ ਜੜ੍ਹਾਂ ਤੋਂ ਪੁੱਟ ਕੇ ਬਾਹਰ ਸੁੱਟ ਦਿੰਦੀ ਹੈ, ਫਿਰ ਉਹਦੇ ਅੰਦਰ ਬਾਗ ਬਗੀਚੇ ਤੇ ਫਸਲ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦਾ ਬਗੀਚਾ ਪ੍ਰਫੁਲਤ ਕਰਨ ਵਾਸਤੇ ਆਪਣੇ ਪੁੱਤਰਾਂ ਨੂੰ ਖਾਲਸੇ ਪੰਥ ਦੀ ਸ਼ਾਨ ਉੱਚੀ ਕਰਨ ਵਾਸਤੇ ਕੁਰਬਾਨ ਕਰ ਕੇ ਖਾਲਸੇ ਪੰਥ ਦਾ ਬਗੀਚਾ ਲਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਮਹੱਲ ਉਸਾਰਨਾ ਸੀ; ਆਪਣੇ ਪੁੱਤਰਾਂ ਦੀਆਂ ਤਿੜਾਂ ਉਸ ਮਹੱਲ ਦੀ ਨੀਂਹ ਵਿਚ ਦੇ ਦਿੱਤੀਆਂ; ਆਪਣੇ ਪੁੱਤਰਾਂ ਦੀ ਕੁਰਬਾਨੀ ਦੇ ਦਿੱਤੀ-ਏਸ ਕਰਕੇ ਕਿ ਲੋਕਾਂ ਨੂੰ ਪਤਾ ਲੱਗ ਜਾਏ ਕਿ ਚੰਨਣ ਐਸ ਭਾਅ ਵੀ ਵਿਕਦਾ ਹੁੰਦਾ ਹੈ! ਜੇ ਪਾਣੀ ਲੱਕੜੀ ਨੂੰ ਡੋਬਦਾ ਤਾਂ ਵੀ ਪਰਉਪਕਾਰ; ਜੇ ਲੱਕੜੀ ਨੂੰ ਤਾਰਦਾ ਤਾਂ ਵੀ ਪਰਉਪਕਾਰ! ਜੇ ਗੁਰੂ ਸਿੱਖ ਨੂੰ ਤਾਰਦਾ ਤਾਂ ਵੀ ਪਰਉਪਕਾਰ, ਜੇ ਸਿੱਖ ਨੂੰ ਇਮਤਿਹਾਨ ਵਿਚ ਪਾ ਦਿੰਦਾ ਤਾਂ ਵੀ ਪਰਉਪਕਾਰ! ਇਹ ਗੁਰੂ ਕੀ ਲੀਲ੍ਹਾ ਸਮਝੀ ਨਹੀਂ ਜਾ ਸਕਦੀ। ਸਾਡਾ ਸਿੱਖ ਇਤਿਹਾਸ ਸਾਨੂੰ ਸਮਝਾ ਰਿਹਾ ਹੈ। ਜਿਸ ਵੇਲੇ ਠਠਿਆਰ ਸਿੱਖ ਨੇ ਆਖਿਆ, 'ਓ ਮੈਂਡੇ ਮਾਹੀ! ਸਤਿਗੁਰੂ ਨੇ ਮੇਰ-ਤੇਰ ਮਿਟਾ ਕੇ ਗਲਵਕੜੀ ਨਾਲ ਲੈ ਕੇ ਆਖਿਆ, 'ਆ ਓ ਮੈਂਡੇ ਮਾਹੀ!' ਸਿੱਖ ਮਹਾਰਾਜ ਨੂੰ ਆਖੇ, 'ਮੇਰਾ ਪਿਆਰਾ!' ਮਹਾਰਾਜ ਸਿੱਖ ਨੂੰ ਆਖਣ, 'ਮੇਰਾ ਪਿਆਰਾ!' ਜਿਸ ਵੇਲੇ ਮਹੀਨਾ ਕੁ ਅਨੰਦਪੁਰ ਰਿਹਾ ਭਾਈ ਜਗਤਾ ਤਾਂ ਈਰਖਾਵਾਦੀ ਸਿੱਖਾਂ ਨੇ ਮਤਾ ਪਕਾਇਆ ਕਿ ਜਿੱਦਣ ਦਾ ਇਹ ਠਠਿਆਰ ਜਿਹਾ ਆਇਆ, ਇਹਨੇ ਸਾਡਾ ਗੁਰੂ ਖੋਹ ਲਿਆ। ਇਕ ਹੈ ਰਸ਼ਕ, ਇਕ ਹੈ ਹਸਗ! ਹਸਗ ਹੈ ਦੂਜੇ ਦੀ ਪ੍ਰਭਤਾ ਨੂੰ ਵੇਖ ਕੇ ਸੜ ਜਾਣਾ। ਰਸ਼ਕ ਹੈ ਉਹਦੇ ਵਰਗੇ ਬਣਨ ਦੀ ਕੋਸ਼ਿਸ਼ ਕਰਨੀ। ਗੁਰਮਤਿ ਵਿਚ ਰਸ਼ਕ ਰੀਸ ਸਿਖਾਈ ਗਈ ਹੈ:

"ਸੁਣਿ ਪਰਤਾਪ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।"

ਰੀਸ ਨਾਲ ਹੀ ਬਣ ਗਿਆ ਸਿੱਖ।

"ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥" (ਅੰਗ ੪੮੮)

ਰੀਸ ਕੀਤੀ ਤ੍ਰਿਲੋਚਨ ਬ੍ਰਾਹਮਣ ਦੀ।

"ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥" (ਉਹੀ)

ਰੀਸ ਨਾਲ ਦਰਸਨ ਪਾ ਲਿਆ।

"ਨਿਮਤ ਨਾਮਦੇਉ ਦੂਧੁ ਪੀਆਇਆ ॥" (ਅੰਗ ੪੭੭)

ਬਹਾਨੇ ਨਾਲ ਨਾਮਦੇਉ ਨੇ ਦਰਸ਼ਨ ਪਾ ਲਿਆ। ਚੰਗੇ ਦੀ ਰੀਸ ਕਰ, ਈਰਖਾ ਨਾ ਕਰ!

ਈਰਖਾਵਾਦੀ ਸਿੱਖਾਂ ਨੇ ਸੜ-ਬਲ ਕੇ ਆਖਿਆ ਕਿ ਕਿਸੇ ਦਿਨ ਮੌਕਾ ਪਾ ਕੇ ਮੈਂਡੇ ਮਾਹੀ ਨੂੰ ਵੱਢ ਸੁੱਟੋ; ਇਹ ਜਦੋਂ ਦਾ ਆਇਆ, ਸਾਡਾ ਗੁਰੂ ਖੋਹ ਲਿਆ! ਸਿੱਖਾ! ਨਾ ਪੰਥ ਵਿਚ ਪਾ ਫੁੱਟ ਸਿੱਖਾ! ਪੰਥ ਦੀ ਜਥੇਬੰਦੀ ਨੂੰ ਨਾ ਖੇਰੂੰ-ਖੇਰੂੰ ਕਰ! ਇਕੱਠ

ਬਣਿਆ ਰਹਿਣ ਦੇ ! ਇਹਦੇ ਇਕੱਠ ਵਿਚ ਹੀ ਬਰਕਤਾਂ ਨੇ। ਵੱਖਰੇ-ਵੱਖਰੇ ਹੋ ਜਾਣ ਵਿਚ ਬਰਕਤਾਂ ਨਹੀਂ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, 'ਭਾਈ ਜਗਤਿਆ, ਜਿਹੜੇ ਜਥੇ ਨਾਲ ਤੂੰ ਆਇਆ ਸੀ ਉਹ ਚਲੇ ਚਲਿਆ ਤੇ ਉਹਦੇ ਨਾਲ ਹੀ ਤੂੰ ਚਲੇ ਜਾਹ ! 'ਤੇ ਭਾਈ ਜਗਤੇ ਨੇ ਚਰਨ ਪਕੜ ਲਏ, 'ਮਹਾਰਾਜ ! ਮੁਲਤਾਨ ਤੋਂ ਵਾਅਦਾ ਕਰਕੇ ਤੁਰਿਆ ਕਿ ਅਨੰਦਪੁਰ ਜਾ ਕੇ ਮੁੜ ਕੇ ਵਾਪਸ ਨਹੀਂ ਆਉਣਾ ! ਹੁਣ ਮੈਨੂੰ ਆਪਣੇ ਚਰਨਾਂ ਨਾਲ ਜੋੜੀ ਰਖੋ ! ਜੋ ਵੀ ਆਪਣੇ ਮਾਲਕ ਦੇ ਹੋ ਗਏ, ਉਨ੍ਹਾਂ ਦੀਆਂ ਬਹੁਤ ਸਾਖੀਆਂ ਹਨ। ਜਿਸ ਨੂੰ ਹਿਕਮਤ ਦਾ ਬਾਦਸ਼ਾਹ ਲੁਕਮਾਨ ਕਹਿੰਦੇ ਹਨ, ਗਰੀਬਾਂ ਦਾ ਮੁੰਡਾ ਸੀ। ਕਿਸੇ ਸਦਾਗਰ ਨੇ ਖਰੀਦ ਲਿਆ। ਅਗਲੀ ਮੰਡੀ ਵਿਚ ਜਾ ਕੇ ਵੇਚ ਦਿੱਤਾ। ਜਿਹੜਾ ਸੁਦਾਗਰ ਇਹਨੂੰ ਲੈ ਗਿਆ, ਉਹਦੇ ਘਰ ਵਾਲੀ ਬੜੀ ਦਾਨੀ ਤੇ ਸਿਆਣੀ ਸੀ। ਕਹਿਣ ਲੱਗੀ, 'ਕਈ ਬਰਦੇ ਤੂੰ ਲਿਆਂਦੇ ਤੇ ਵੇਚੇ ਪਰ ਆਹ ਜਿਹੜਾ ਮੁੰਡਾ ਲਿਆਂਦਾ ਹੈ, ਇਹਨੂੰ ਵੇਚੀਂ ਨਾ !' ਨਿੱਕਾ ਜਿਹਾ ਲੁਕਮਾਨ ਪਲਦਾ ਰਿਹਾ। ਵੱਡਾ ਹੋ ਗਿਆ। ਜਿਸ ਵੇਲੇ ਵੱਡਾ ਹੋ ਗਿਆ ਸਿਆਣਾ ਤੇ ਉਹਦੇ ਮਾਲਕ ਦੇ ਦੋਸਤ ਨੇ ਖਰਬੂਜੇ ਭੇਜੇ ਤਿੰਨ। ਕਹਿੰਦੇ ਨੇ ਤਰਬੂਜ ਕੱਟਿਆ ਪਹਿਲਾ ਹੀ ਤੇ ਕੌੜਾ ਨਿਕਲ ਆਇਆ। ਦੂਜਾ ਕੱਟਿਆ ਮਿੱਠਾ, ਤੀਜਾ ਕੱਟਿਆ ਮਿੱਠਾ। ਕੌੜਾ ਲੁਕਮਾਨ ਨੂੰ ਦੇ ਦਿੱਤਾ ਤੇ ਮਿੱਠੇ ਸਾਰੇ ਪਰਿਵਾਰ ਨੇ ਖਾ ਲਏ। ਗੁਲਾਮ ਜੋ ਹੋਇਆ !

"ਬੈ ਖਰੀਦੁ ਕਿਆ ਕਰੇ ਚਤੁਰਾਈ...॥"

ਤੇ ਲੁਕਮਾਨ ਆਪਣੇ ਮਾਲਕ ਦੇ ਸਾਹਮਣੇ ਝੂਮ-ਝੂਮ ਕੇ ਅਨੰਦ ਮਾਣ ਮਾਣ ਕੇ ਜਿਉਂ ਲੱਗਾ ਖਾਣ ਕਿ ਸਾਰਾ ਤਰਬੂਜ ਖਾ ਗਿਆ ਤੇ ਮਾਲਕ ਨੇ ਪੁੱਛਿਆ, 'ਲੁਕਮਾਨ! ਇਹ ਤੇ ਕੌੜਾ ਸੀ ! ਤੈਨੂੰ ਕੌੜਾ ਨਹੀਂ ਲੱਗਾ ?' ਤੇ ਲੁਕਮਾਨ ਉੱਠ ਕੇ ਖੜ੍ਹਾ ਹੋ ਗਿਆ। ਕਹਿਣ ਲੱਗਾ, 'ਮਾਲਕ ! ਮੈਂ ਤਰਬੂਜ ਜਾਣ ਕੇ ਨਹੀਂ ਖਾਂਦਾ, ਮੈਂ ਤੇ ਮਾਲਕ ਦੇ ਹੱਥਾਂ ਦੀ ਬਖਸ਼ਸ਼ ਜਾਣ ਕੇ ਖਾਂਦਾ ਹਾਂ। ਲੋਕੀ ਆਪਣੇ ਗੁਲਾਮਾਂ ਨੂੰ ਲੂਣ ਵਾਲੀਆਂ ਰੋਟੀਆਂ ਖੁਆਲਦੇ ਨੇ; ਤੂੰ ਮੇਰਾ ਕਿੰਨਾ ਚੰਗਾ ਮਾਲਕ ਹੈਂ ਜਿਹੜਾ ਤੇਰੇ ਦੋਸਤ ਨੇ ਤੋਹਫਾ ਭੇਜਿਆ ਉਹਦੇ ਵਿਚ ਮੈਨੂੰ ਵੀ ਹਿੱਸੇਦਾਰ ਬਣਾ ਲਿਆ। ਤੇਰੇ ਵਰਗਾ ਮਾਲਕ ਕਿਤੇ ਲੱਭਦਾ ਏ ?' ਤੇ ਮਾਲਕ ਮੌਜ ਵਿਚ ਆ ਗਿਆ। ਕਹਿਣ ਲੱਗਾ, 'ਲੁਕਮਾਨ, ਜਾਹ ਚਲੇ ਜਾਹ, ਅੱਜ ਤੋਂ ਤੈਨੂੰ ਮੈਂ ਰਿਹਾ ਕਰ ਦਿੱਤਾ ! ਮੇਰੇ ਵੱਲੋਂ ਤੂੰ ਆਜ਼ਾਦ !' ਤੇ ਲੁਕਮਾਨ ਰੋ ਪਿਆ। ਕਹਿਣ ਲੱਗਾ, 'ਤੇਰੇ ਘਰ ਪਲਿਆ, ਵਤਨ ਦਾ ਰਾਹ ਮੈਂ ਭੁੱਲ ਗਿਆ। ਮੈਨੂੰ ਪਤਾ ਨਹੀਂ ਮਾਂ-ਪਿਉ ਜਿਉਂਦੇ ਵੀ ਨੇ ਕਿ ਨਹੀਂ ? ਜੇ ਮੈਂ ਗਿਆ ਤੇ ਕੀ ਪਤਾ ਮਾਂ-ਪਿਉ ਨੇ ਪਛਾਨਣਾ ਵੀ ਏਂ ਕਿ ਨਹੀਂ ? ਜੇ ਜੀਉਂਦੇ ਹੋਏ, ਤੇਰੇ ਘਰ ਪਲਿਆ, ਤੇਰੇ ਘਰ ਵੱਡਾ ਹੋਇਆ, ਤੇਰਾ ਮੈਂ ਨਿਮਕ ਖਾਧਾ, ਵੱਡੇ ਹੋਏ ਨੂੰ ਆਪਣੇ ਦੁਆਰਿਓਂ ਧੱਕਾ ਨਾ ਦੇਹ। ਮੈਨੂੰ ਇਸ ਦੁਆਰਿਓਂ ਨਾ ਵਿਛੋੜ ! ਉਸ ਮਾਲਕ ਨੇ ਕਾਗਜ ਮੰਗਵਾ ਕੇ ਆਪਣੀ ਸਾਰੀ ਜਾਇਦਾਦ ਲੁਕਮਾਨ ਦੇ ਨਾਂ

ਲਿਖ ਕੇ ਲੁਕਮਾਨ ਨੂੰ ਮਾਲਕ ਬਣਾ ਦਿੱਤਾ। ਉਸ ਤੋਂ ਬਾਅਦ ਲੁਕਮਾਨ ਹਿਕਮਤ ਦਾ ਬਾਦਸ਼ਾਹ ਬਣਿਆ। ਸਿੱਖਾ! ਪੂਜਾ ਕਰਨੀ ਸਿੱਖ ! ਮਾਲਕ ਤੇਰੀਆਂ ਝੋਲੀਆਂ ਭਰ ਦਏਗਾ ! ਗੁਰੂ ਦਾ ਹੋ ਨਾਂ ਸਿੱਖ! ਗੁਰੂ ਦਾ ਬਣ ਨਾਂ ਸਿੱਖ ! ਗੁਰੂ ਤੇਰੇ ਨਾਲ ਰਹੇਗਾ !' ਮਹਾਰਾਜ ਨੇ ਕਿਹਾ, 'ਭਾਈ ਜਗਤਿਆ, ਚਲੇ ਜਾਹ।" ਕਹਿੰਦਾ, 'ਜਾਣਾ ਨਹੀਂ।' ਇਕ ਦਿਨ ਅੰਮ੍ਰਿਤ ਵੇਲੇ ਸੁਖਮਨੀ ਪੜ੍ਹਦਾ-ਪੜ੍ਹਦਾ ਭਾਈ ਜਗਤਾ ਆ ਰਿਹਾ ਸੀ ਦਰਬਾਰ ਵੱਲ ਦਰਸ਼ਨ ਕਰਨ ਤੇ ਕੀਰਤਨ ਸੁਣਨ। ਰਸਤੇ ਵਿਚ ਖਲੋਤੇ ਸਨ ਡਾਂਗਾਂ ਵਾਲੇ। ਸੱਜਿਓਂ ਡਾਂਗਾਂ, ਖੱਬਿਓਂ ਡਾਂਗਾਂ। ਬੇਹੋਸ਼ ਹੋ ਗਿਆ। ਡਿੱਗ ਪਿਆ। ਧਿਆਨ ਭਰ ਕੇ ਵੇਖਿਆ, ਡਾਂਗਾਂ ਮਾਰਨ ਵਾਲਿਆਂ ਦੇ ਤੇੜ ਕਛਿਹਰੇ, ਸਿਰ 'ਤੇ ਦਸਤਾਰਾਂ, ਮੂੰਹ 'ਤੇ ਦਾਹੜੇ ਤੇ ਮਛੈਹਰੇ। ਭਾਈ ਜਗਤਾ ਕਹਿਣ ਲੱਗਾ, 'ਬਾਪੂ ! ਜਿਹੜੇ ਮਾਰਦੇ ਨੇ, ਉਨ੍ਹਾਂ ਦੀ ਸੂਰਤ ਤੇਰੇ ਵਰਗੀ ਹੈ। ਤੇਰੇ ਵਾਲੀ ਸੂਰਤ ਦੇ ਹੱਥੋਂ ਜੇ ਮਾਰ ਖਾਂਦਿਆਂ ਪ੍ਰਾਣ ਨਿਕਲ ਗਏ ਤਾਂ ਮੇਰੇ ਭਾਗ ਵੱਡੇ!' ਆਪਣੀ ਵੱਲੋਂ ਮਾਰ ਕੇ, ਮੁਕਾ ਕੇ ਚਲੇ ਗਏ। ਜਦੋਂ ਹੋਸ਼ ਆਈ, ਹੌਲੀ-ਹੌਲੀ ਤੁਰ ਕੇ ਭਾਈ ਜਗਤਾ ਗੁਰੂ ਕੇ ਦਰਬਾਰ ਪਹੁੰਚਾ। ਪੁੱਛਿਆ, 'ਭਾਈ ਜਗਤਿਆ। ਅੱਜ ਲੇਟ ਆਇਆਂ ? ਅਸੀਂ ਤੇ ਪੰਜ ਸਿੱਖ ਲੱਗੇ ਸੀ ਤੇਰੇ ਵਾਸਤੇ ਭੇਜਣ। ਸਾਨੂੰ ਤੇ ਚੰਗਾ ਨਹੀਂ ਸੀ ਲਗਦਾ ਤੇਰੇ ਬਿਨਾਂ ਕੁਝ ਵੀ।' ਭਾਈ ਜਗਤੇ ਨੇ ਮਹਾਰਾਜ ਦੇ ਨੇਤਰਾਂ ਵਿਚ ਨੇਤਰ ਪਾ ਕੇ ਆਖਿਆ ਸੀ :

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥"

(ਅੰਗ ੩੬੦)

'ਹੇ ਸਤਿਗੁਰੂ ਜੀ ! ਮੈਨੂੰ ਤੇ ਡਾਂਗਾਂ ਬੜੀਆਂ ਪਈਆਂ। ਪੁੱਛਣੇ ਵਾਲਿਆ ! ਤੈਨੂੰ ਕੋਈ ਪੀੜ ਨਾ ਹੋਈ ? ਤੁਹਾਨੂੰ ਕੋਈ ਦਰਦ ਨਾ ਆਇਆ ?' ਤਾਂ ਸਾਹਿਬ ਸੱਚੇ ਪਾਤਸ਼ਾਹ ਕਹਿਣ ਲੱਗੇ, 'ਜਗਤਿਆ ! ਤੇਰੇ ਨਾਲ ਰਲ ਕੇ ਸਾਰੇ ਦੁੱਖ ਝੱਲੇ ਨੇ ! ਤੇਰੇ ਨਾਲ ਰਲ ਕੇ ਮਾਰ ਖਾਧੀ ਹੈ ! ਅਸੀਂ ਤੇਰੇ ਅੰਗ ਸੰਗ ਸਾਂ !' ਭਾਈ ਜਗਤਾ ਸਿੱਖ ਇਤਿਹਾਸ ਦਾ ਰੁਕਨ ਹੈ। ਭਾਈ ਜਗਤਾ ਮਸ਼ਹੂਰ ਹੋ ਗਿਆ ਲੋਕ-ਪਰਲੋਕ ਵਿਚ।

"ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ॥
ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥"

(ਅੰਗ ੪੦੨)

ਪਰ ਕਦੋਂ ? ਜਦੋਂ :

"ਕਿਰਪਾ ਗੋਬਿੰਦ ਭਈ... ਕਿਰਪਾ ਗੋਬਿੰਦ ਭਈ...॥" (ਅੰਗ ੧੩੦੭)

ਹੋਈਆਂ ਗਲਤੀਆਂ ਦੀ ਮਾਫ਼ੀ ਬਖਸ਼ੋ !

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

❖ ❖ ❖